Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6


# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 18 *Issue 209 Friday, November 01, 2019 Tel: 905-793-2202 | Fax: 905-793-2282 | news@punjabipost.ca


TOP 4% TREB REALTOR 2018
"Believe In The Best" ROYAL CANADIAN
Buy With $0 Down Program
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
MLS MULTIPLE LISTING SERVICE
Hardeep Sivia BROKER
647-970-7374
www.HardeepSivia.com

To view our online newspaper visit punjabipost.ca/epaper THE ONLY DAILY PUNJABI NEWS *ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*

# ਬਲੈਕਫੇਸ ਸਕੈਂਡਲ ਤੋਂ ਬਾਅਦ ਕੈਮਰਿਆਂ ਤੋਂ ਦੂਰੀ ਬਣਾ ਕੇ ਚੱਲ ਰਹੇ ਹਨ ਟਰੂਡੋ



ਓਟਵਾ, 31 ਅਕਤੂਬਰ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਹਮੇਸ਼ਾਂ ਆਪਣੇ ਬੱਚਿਆਂ ਦੇ ਨਾਲ ਟਰਿੱਕ ਔਰ ਟਰੀਟ ਲਈ ਤਿਆਰ ਹੋਣਾ ਵਧੀਆ ਲੱਗਦਾ ਹੈ ਪਰ ਬਲੈਕਫੇਸ ਸਕੈਂਡਲ ਸਾਹਮਣੇ ਆਉਣ ਤੋਂ ਬਾਅਦ ਇਸ ਵਾਰੀ ਟਰੂਡੋ ਨੇ ਹੈਲੋਈਨ ਮੌਕੇ ਜਨਤਕ ਤੌਰ ਉੱਤੇ ਕਿਸੇ ਤਰ੍ਹਾਂ ਦਾ ਰੂਪ ਧਾਰਨ ਕਰਕੇ ਫੋਟੋਆਂ ਖਿਚਵਾਉਣ ਤੋਂ ਇਨਕਾਰ ਕਰ ਦਿੱਤਾ।

ਪ੍ਰਧਾਨ ਮੰਤਰੀ ਦੇ ਬੁਲਾਰੇ ਨੇ ਆਖਿਆ ਕਿ ਟਰੂਡੋ ਬੱਚਿਆਂ ਨਾਲ ਟਰਿੱਕ ਔਰ ਟਰੀਟ ਕਰਨਗੇ ਪਰ ਉਹ ਰਿਡਿਊ ਹਾਲ ਨਹੀਂ ਜਾਣਗੇ ਤੇ ਨਾ ਹੀ ਕਿਸੇ ਤਰ੍ਹਾਂ ਦੀਆਂ ਤਸਵੀਰਾਂ ਹੀ ਖਿਚਵਾਉਣਗੇ। ਜ਼ਿਕਰਯੋਗ ਹੈ ਕਿ ਚੋਣ ਕੈਂਪੇਨ ਵਿੱਚ ਇਹ ਮੁੱਦਾ ਉੱਠਿਆ ਸੀ ਕਿ ਟਰੂਡੋ ਨੇ ਅਤੀਤ ਵਿੱਚ ਤਿੰਨ ਵਾਰੀ ਬਲੈਕਫੇਸ ਤੇ ਬ੍ਰਾਊਨਫੇਸ ਵਾਲੀਆਂ ਤਸਵੀਰਾਂ ਖਿਚਵਾਈਆਂ ਸਨ। ਟਰੂਡੋ ਦੀਆਂ 2001 ਵਿੱਚ, ਜਦੋਂ ਉਹ ਅਧਿਆਪਕ ਹੁੰਦੇ ਸਨ, ਵੈਨਕੂਵਰ ਦੇ ਪ੍ਰਾਈਵੇਟ ਸਕੂਲ ਦੀ ਅਰੇਬੀਅਨ ਨਾਈਟਸ ਪਾਰਟੀ ਦੌਰਾਨ ਅਲਾਦੀਨ ਬਣਨ ਸਮੇਂ ਬ੍ਰਾਊਨਫੇਸ ਵਾਲੀਆਂ ਤਸਵੀਰਾਂ ਸਾਹਮਣੇ ਆਉਣ ਨਾਲ ਚੋਣ ਕੈਂਪੇਨ ਦੇ ਪਹਿਲੇ ਹਫਤੇ ਹੀ ਲਿਬਰਲਾਂ ਦੀ ਪੁਣ-ਛਾਣ ਸ਼ੁਰੂ ਹੋ ਗਈ ਸੀ।

...ਬਾਕੀ ਪੰਨਾ 6 'ਤੇ

## ਉਸਾਰੂ ਨਜ਼ਰੀਏ ਨਾਲ ਕੀਤੀਆਂ ਗਈਆਂ ਸ਼ੀਅਰ ਦੀ ਕੈਂਪੇਨ ਸਬੰਧੀ ਟਿੱਪਣੀਆਂ : ਮੈਕੇਅ



ਓਟਵਾ, 31 ਅਕਤੂਬਰ (ਪੋਸਟ ਬਿਊਰੋ) : ਪੀਟਰ ਮੈਕੇਅ ਦਾ ਕਹਿਣਾ ਹੈ ਕਿ ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਅਰ ਦੀ ਕੈਂਪੇਨ ਦੀਆਂ ਕਮੀਆਂ ਬਾਰੇ ਉਨ੍ਹਾਂ ਵੱਲੋਂ ਕੀਤੀਆਂ ਗਈਆਂ ਟਿੱਪਣੀਆਂ ਅਸਲ ਵਿੱਚ ਉਸਾਰੂ ਸਨ। ਬੁੱਧਵਾਰ ਨੂੰ ਮੈਕੇਅ ਨੇ ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਅਰ ਦੀ 2019 ਦੀਆਂ ਚੋਣਾਂ ਵਿੱਚ ਹੋਈ ਹਾਰ ਨੂੰ ਮੌਕਾ ਮਿਲਣ ਉੱਤੇ ਉਸ ਦਾ ਸਹੀ ਫਾਇਦਾ ਨਾ ਉਠਾਉਣ ਵਾਲਾ ਦੱਸਿਆ ਸੀ। ਉਨ੍ਹਾਂ ਇਹ ਵੀ ਆਖਿਆ ਸੀ ਕਿ ਗਰਭਪਾਤ ਤੇ ਸਮਲਿੰਗੀ ਵਿਆਹਾਂ ਵਰਗੇ ਮੁੱਦਿਆਂ ਉੱਤੇ ਸ਼ੀਅਰ ਦੀ ਕੰਜ਼ਰਵੇਟਿਵ ਸੋਚ ਕਾਰਨ ਹੀ ਉਨ੍ਹਾਂ ਨੂੰ ਅਹਿਮ ਵੋਟ ਹਾਸਲ ਨਹੀਂ ਹੋ ਸਕੇ। ਵਾਸ਼ਿੰਗਟਨ, ਡੀਸੀ ਵਿੱਚ ਵਿਲਸਨ ਸੈਂਟਰ ਪੈਨਲ ਵਿੱਚ ਹਿਸਾ ਲੈਂਦਿਆਂ ਕੀਤੀਆਂ ਗਈਆਂ ਇਨ੍ਹਾਂ ਟਿੱਪਣੀਆਂ ਦੇ ਸੁਰਖੀਆਂ ਬਣਨ ਤੋਂ ਬਾਅਦ ਮੈਕੇਅ ਨੇ ਖੁਦ ਦਾ ਪੱਖ ਸਪਸ਼ਟ ਕਰਨ ਲਈ ਟਵਿੱਟਰ ਦਾ ਸਹਾਰਾ ਲਿਆ। ...ਬਾਕੀ ਪੰਨਾ 6 'ਤੇ

Best Insurance Rates
-Auto -Home -Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axael Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
•Life Insurance •Super Visa Insurance
•Critical Illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI
416.994.7272
www.allkindinsurance.com

INSURANCE
Home Auto
Business Trucking
Life Insurance Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

# ਕਿਊਬਿਕ ਦੇ ਬਿੱਲ 21 ਦੀ ਨਿਖੇਧੀ ਲਈ ਟੋਰਾਂਟੋ ਦੇ ਕਾਉਂਸਲਰਜ਼ ਵੱਲੋਂ ਮਤਾ ਪਾਸ



ਟੋਰਾਂਟੋ, 31 ਅਕਤੂਬਰ (ਪੋਸਟ ਬਿਊਰੋ) : ਟੋਰਾਂਟੋ ਦੇ ਕਾਉਂਸਲਰਜ਼ ਵੱਲੋਂ ਕਿਊਬਿਕ ਸਰਕਾਰ ਦੇ ਤਥਾ-ਕਥਿਤ ਧਰਮ ਨਿਰਪੱਖਤਾ ਸਬੰਧੀ ਬਿੱਲ ਦੀ ਨਿਖੇਧੀ ਕੀਤੀ ਗਈ। ਇਸ ਬਿੱਲ ਖਿਲਾਫ ਚੱਲ ਰਹੀ ਲਹਿਰ ਦੌਰਾਨ ਚੁੱਕਿਆ ਗਿਆ ਇਹ ਤਾਜ਼ਾ ਕਦਮ ਹੈ। ਟੋਰਾਂਟੋ ਦੀ ਕਾਉਂਸਲਰ ਕ੍ਰਿਸਟੀਨ ਵੌਂਗ ਟੈਮ ਵੱਲੋਂ ਇਹ ਆਖਦਿਆਂ ਹੋਇਆਂ ਬਿੱਲ ਸਬੰਧੀ ਮਤਾ ਪੇਸ਼ ਕੀਤਾ ਗਿਆ ਕਿ ਦੇਸ਼ ਭਰ ਵਿੱਚ ਬਿੱਲ 21 ਦਾ ਨੁਕਸਾਨਦਾਇਕ ਪ੍ਰਭਾਵ ਪਵੇਗਾ। ...ਬਾਕੀ ਪੰਨਾ 6 'ਤੇ

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Axael InsuranceBrokers Ltd. 1332 Khalsa Dr, Unit # 11, Mississauga, ON L5S 0A2

HELPING YOUR PLAN TODAY......FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

## ਪਾਕਿਸਤਾਨ 'ਚ ਕਰਾਚੀ-ਰਾਵਲਪਿੰਡੀ ਐਕਸਪ੍ਰੈੱਸ ਰੇਲ ਗੱਡੀ ਨੂੰ ਅੱਗ ਨਾਲ 73 ਮੌਤਾਂ

ਇਸਲਾਮਾਬਾਦ, 31 ਅਕਤੂਬਰ, (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਇਕ ਟਰੇਨ ਵਿੱਚ ਭਿਆਨਕ ਅੱਗ ਲੱਗਣ ਕਾਰਨ 73 ਯਾਤਰੀਆਂ ਦੀ ਮੌਤ ਹੋ ਗਈ ਹੈ ਤੇ ਕਰੀਬ 13 ਹੋਰ ਜ਼ਖ਼ਮੀ ਦੱਸੇ ਜਾ ਰਹੇ ਹਨ। ਲੋਕਾਂ ਦੇ ਮਾਰੇ ਜਾਣ ਦਾ ਅੰਕੜਾ ਲਗਾਤਾਰ ਵਧ ਰਿਹਾ ਹੈ ਅਤੇ ਕੁਝ ਹੋਰ ਲੋਕਾਂ ਦੇ ਇਲਾਜ ਦੌਰਾਨ ਮਾਰੇ ਜਾਣ ਦਾ ਡਰ ਹੈ।

ਮਿਲੀ ਜਾਣਕਾਰੀ ਅਨੁਸਾਰ ਪਾਕਿ-ਸਤਾਨ ਦੇ ਤਿਆਕਤਪੁਰ ਵਿੱਚ ਕਰਾਚੀ-ਰਾਵਲਪਿੰਡੀ ਤੇਜ਼ਗਾਮ ਐਕਸਪ੍ਰੈੱਸ ਰੇਲ ਗੱਡੀ ਨੂੰ ਅੱਗ ਲੱਗ ਜਾਣ ਕਾਰਨ ਇਸ ਦੇ ਤਿੰਨ ਡੱਬੇ ਤਬਾਹ ਹੋ ਗਏ। ਹਾਦਸਾ ਪੰਜਾਬ ਸੂਬੇ ਦੇ ਰਹੀਮ ਯਾਰ ਖ਼ਾਨ ਕਸਬੇ ਨੇੜੇ ਹੋਇਆ। ਮੀਡੀਆ ਰਿਪੋਰਟਾਂ ਅਨੁਸਾਰ ਗੈਸ ਸਿਲੈਂਡਰ ਵਿੱਚ ਧਮਾਕਾ ਹੋਣ ਕਾਰਨ ਟਰੇਨ ਵਿੱਚ ਅੱਗ ਲੱਗ ਗਈ ਸੀ। ਇਹ ਗੈਸ ਸਟੋਵ ਖਾਣਾ ਬਣਾਉਣ ਲਈ ਵਰਤਿਆ ਜਾ ਰਿਹਾ ਸੀ।ਅੱਗ ਬਹੁਤ ਤੇਜ਼ੀ ਨਾਲ ਫੈਲੀ ਅਤੇ ਦੇਖਦੇ ਹੀ ਦੇਖਦੇ ਉਸ ਨੇ ਟਰੇਨ ਦੇ ਤਿੰਨ ਡੱਬਿਆਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਇਹ ਰਾਵਲਪਿੰਡੀ ਤੇ ਕਰਾਚੀ ਵਿਚਾਲੇ ਰੋਜ਼ ਚੱਲਣ ਵਾਲੀ ਟਰੇਨ ਹੈ ਅਤੇ ਇਸ ਮੌਕੇ ਇਹ ਰਾਵਲਪਿੰਡੀ ਜਾ ਰਹੀ ਸੀ।

JOSHI LAW OFFICE
Barrister, Solicitor & Notary Public
info@joshilawoffice.com | joshilawoffice.com
•Immigration
•Real Estate / Commercial Law
•Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B
416-213-8600

WE DESIGN & BUILD
ANGLECON CONSTRUCTION
Fully Insured | Team of licensed trades | Quality work & on-time insured
RESIDENTIAL
• Custom homes
• Home additions
• Full home renovations
• Legal basement
COMMERCIAL
• New store design & build
• Lease hold Improvements
• Medical, offices, restaurants, retail & salon
FAST TRACK PERMIT & CONSTRUCTION
437.219.5009
info@anglecon.ca
BRAMPTON ∘ MISSISSAUGA ∘ ETOBICOKE ∘ OAKVILLE

INSURANCE
Auto | Home | Business | Trucking | Life
ਇੰਸ਼ੋਰੈਂਸ ਦੇ ਵਧੀਆ ਰੇਟ
Best rates & Best Coverage
RAJESH SOOD (RAJ) CAIB (hons.), MBA (finance), RIBO
ਸੰਪਰਕ ਕਰੋ: 416-908-6237
Unit 1, 30 Topflight dr., Mississauga

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

SEHMBI RENOVATIONS
• Custom Kitchen Cabinets • Completly Furnished
• Legal Basement • Painting & Flooring
Jaswant Sehmbi: 647.524.0885

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Brokerage Lic.12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

SNOW PLOWING & SALTING SERVICES
WE SERVICE ALL KINDS OF PROPERTIES
- Truck & Trailer parking yards
- Plazas & Industrial buildings
- Banquet halls & restaurants
- Gas stations & repair shops
- Offices & Clinics
We are Professional, Reliable & Experienced
AAA LANDSCAPING CO LTD 647-784-1213

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

•Super Visa Insurance
•Visitor Visa Insurance
•Travel Insurance
•Student Insurance
•New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

CN Forklift Training Center
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

KELLEY LAW OFFICE
Immigration Real Estate
Family Law Business Closing
Corporate Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
416 938 4598

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc.
647.990.3205
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator


NOW
HIRING
U.S. CROSS BORDER
SINGLES & TEAMS
AND CANADIAN TEAMS
| US Singles $0.64/mile
| US Teams $0.66/mile
| Canadian teams $0.62/mile
LIGHT SPEED
Logistics Inc.
OUR FAMILY WELCOMES YOU
| U.S. Singles – Dedicated Truck
| Desirable Lanes to the U.S.
| U.S. Teams – New Dedicated Truck
| Canadian Teams – New Dedicated Truck
| Comprehensive Company Benefits
| Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Data everywhere.
No surprise charges
anywhere.
NEW
NATION-WIDE. NO ZONES.
TALK, TEXT & DATA PLANS
$35/MO.
chatr
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

AMAN TRAVEL
SPECIAL FARES TO DELHI & AMRITSAR | LAST MINUTE DEALS AVAILABLE
ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr.,
Brampton,
ON L6Y 4X4

## ਅੱਜ ਨਾਮਾ

ਜਥਾ ਸਰਨੇ ਦਾ ਪਾਕਿ ਜਦ ਪਹੁੰਚਣਾ ਸੀ,
ਦਿੱਤਾ ਸਰਨਾ ਹੀ ਨਾਲ ਨਹੀਂ ਜਾਣ ਬੇਲੀ।
ਕਾਗਜ਼-ਪੱਤਰ ਜਦ ਪਿਆ ਸੀ ਚੈੱਕ ਹੁੰਦਾ,
ਅਫਸਰ ਇੱਕ ਫਿਰ ਆਖਿਆ ਆਣ ਬੇਲੀ।
ਸਾਡੇ ਕਹਿਣ ਦਾ ਬੁਰਾ ਨਹੀਂ ਜਾਨਣਾ ਜੀ,
ਫਾਈਲ ਵਿੱਚ ਆ ਨਿਕਲਦੀ ਕਾਣ ਬੇਲੀ।
ਚੱਲਦਾ ਪਿਆ ਅਦਾਲਤ ਦਾ ਕੇਸ ਪੈਂਡਿੰਗ,
ਕਰਿਆ ਯਾਤਰਾ ਦਾ ਇਸ ਨੇ ਘਾਣ ਬੇਲੀ।
ਜਥਾ ਜਾਣਾ ਹੈ, ਇਹਨੂੰ ਕੋਈ ਰੋਕਦਾ ਨਹੀਂ,
ਤੁਸਾਂ ਨੂੰ ਬਾਰਡਰ ਨਹੀਂ ਪਾਰ ਲੰਘਾ ਸਕਦੇ।
ਜਾ ਕੇ ਦਿੱਲੀ ਤੇ ਕਾਗਜ਼ ਬਣਵਾਓ ਪਹਿਲਾਂ,
ਨਹੀਂ ਤਾਂ ਤੁਸੀਂ ਨਹੀਂ ਕਿਤੇ ਵੀ ਜਾ ਸਕਦੇ।

ਤੀਸ ਮਾਰ ਖਾਂ

# ਕਰਤਾਰਪੁਰ ਲਾਂਘੇ ਦਾ ਸਿਹਰਾ ਲੈਣ ਲਈ ਜਾਖੜ ਨੇ ਨਵਜੋਤ ਸਿੱਧੂ ਨੂੰ ਅਸਲੀ ਹੱਕਦਾਰ ਕਿਹਾ

ਚੰਡੀਗੜ੍ਹ, 31 ਅਕਤੂਬਰ, (ਪੋਸਟ ਬਿਊਰੋ)- ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਣ ਮੌਕੇ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਵੱਲੋਂ ਪੰਜਾਬ ਦੇ ਸਾਬਕਾ ਕਾਂਗਰਸੀ ਮੰਤਰੀ ਨਵਜੋਤ ਸਿੰਘ ਸਿੱਧੂ ਨੂੰ 9 ਨਵੰਬਰ ਨੂੰ ਪ੍ਰੋਗਰਾਮ ਦਾ ਵਿਸ਼ੇਸ਼ ਸੱਦਾ ਦੇਣ ਬਾਰੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਟਿੱਪਣੀ ਕਰਨ ਤੋਂ ਨਾਂਹ ਕੀਤੀ ਹੈ, ਪਰ ਕਾਂਗਰਸਪਾਰਟੀ ਦੇ ਪੰਜਾਬ ਦੇ ਪ੍ਰਧਾਨ ਸੁਨੀਲ ਜਾਖੜ ਤੇ ਮੁੱਖ ਮੰਤਰੀ ਦੇ ਰਾਜਸੀ ਸਲਾਹਕਾਰ ਤੇ ਵਿਧਾਇਕ ਰਾਜਾ ਅਮਰਿੰਦਰ ਸਿੰਘ ਵੜਿੰਗ ਨੇ ਕਰਤਾਰਪੁਰ ਲਾਂਘੇ ਲਈਸਿੱਧੂ ਵਲੋਂ ਨਿਭਾਈ ਭੂਮਿਕਾ ਦੀ ਖੁੱਲ੍ਹਕੇ ਸ਼ਲਾਘਾ ਕੀਤੀ ਹੈ।





ਏਥੇ ਪੰਜਾਬ ਕਾਂਗਰਸ ਭਵਨ ਵਿੱਚ ਹੋਏ ਇੱਕ ਪ੍ਰੋਗਰਾਮ ਵਿੱਚ ਪਹੁੰਚੇ ਪੰਜਾਬ ਕਾਂਗਰਸ ਪ੍ਰਧਾਨ ਸੁਨੀਲ ਜਾਖੜ ਨੇ ਪਾਕਿਸਤਾਨੀਪ੍ਰਧਾਨ ਮੰਤਰੀ ਵੱਲੋਂਨਵਜੋਤ ਸਿੰਘ ਸਿੱਧੂ ਮਿਲੇ ਸੱਦੇ ਬਾਰੇ ਪੁੱਛਣ ਉੱਤੇ ਕਿਹਾ ਕਿ ਕਰਤਾਰ-ਪੁਰ ਸਾਹਿਬ ਦਾ ਲਾਂਘਾ ਖੁੱਲ੍ਹਵਾਉਣ ਦਾ ਕੰਮ ਸ਼ੁਰੂ ਕਰਾਉਣ ਦਾ ਸਿਹਰਾ ਲੈਣ ਦੇ ਪੂਰੇ ਨਵਜੋਤ ਸਿੰਘ ਸਿੱਧੂ ਅਸਲ ਹੱਕਦਾਰ ਹਨ, ਇਸ ਲਈ ਪਾਕਿਸਤਾਨ ਵੱਲੋਂ ਸਿੱਧੂ ਨੂੰ ਲਾਂਘਾ ਖੋਲ੍ਹਣ ਮੌਕੇ ਪ੍ਰੋਗਰਾਮ ਵਿੱਚ ਬੁਲਾਉਣਾ ਕੋਈ ਗਲਤ ਨਹੀਂ। ਜਾਖੜ ਨੇ ਕਿਹਾ ਕਿ ਨਵਜੋਤ ਸਿੰਘ ਸਿੱਧੂ ਨੇ ਸ਼ੁਰੂਆਤ ਕੀਤੀ ਤਾਂ ਲਾਂਘਾ ਬਣਾਉਣ ਦੀ ਗੱਲ ਅੱਗੇ ਤੁਰੀ, ਪਰ ਅੱਜ ਅਕਾਲੀ ਆਗੂ ਬਿਨਾਂ ਵਜ੍ਹਾ ਸਿਹਰਾ ਆਪਣੇ ਸਿਰ ਲੈਣ ਲਈ ਕਰਤਾਰਪੁਰ ਲਾਂਘੇ ਦੇ ਮੁੱਦੇ ਉੱਤੇ ਲੋਕਾਂ ਨੂੰ ਗੁੰਮਰਾਹ ਕਰਨ ਦੇ ਯਤਨ ਕਰ ਰਹੇ ਹਨ।

ਇਸੇ ਦੌਰਾਨ ਮੁੱਖ ਮੰਤਰੀ ਦੇ ਰਾਜਸੀ ਸਲਾਹਕਾਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਨਵਜੋਤ ਸਿੰਘ ਸਿੱਧੂ ਵੱਲੋਂ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਵਾਉਣ ਲਈ ਗੱਲਬਾਤ ਕਰਕੇ ਨਿਭਾਈ ਭੂਮਿਕਾ ਨੂੰ ਅਹਿਮ ਦੱਸਿਆ ਅਤੇ ਸਿੱਧੂ ਦੀ ਸ਼ਲਾਘਾ ਕੀਤੀ ਹੈ। ਰਾਜਾ ਵੜਿੰਗ ਨੇ ਹਰਸਿਮਰਤ ਕੌਰ ਬਾਦਲ ਦੇ ਉਸ ਬਿਆਨ ਉੱਤੇ ਵੀ ਇਤਰਾਜ਼ ਪ੍ਰਗਟ ਕੀਤਾ, ਜਿਸ ਵਿਚ ਉਨ੍ਹਾਂ ਨੇ ਕਿਹਾ ਸੀ ਕਿ ਕਰਤਾਰਪੁਰ ਸਾਹਿਬ ਜਾਣ ਵਾਲੇ ਭਾਰਤੀ ਜਥੇ ਦੀ ਅਗਵਾਈ ਉਪ ਰਾਸ਼ਟਰਪਤੀ ਵੈਂਕਈਆ ਨਾਇਡੂ ਕਰਨਗੇ। ਵੜਿੰਗ ਨੇ ਕਿਹਾ ਕਿ ਨਾਇਡੂ ਤਾਮਿਲਨਾਡੂ ਤੋਂ ਹਨ ਅਤੇ ਗੈਰ ਸਿੱਖ ਹਨ, ਉਹ ਕਰਤਾਰਪੁਰ ਸਾਹਿਬ ਜਾਣ ਵਾਲੇ ਜਥੇ ਦੀ ਅਗਵਾਈ ਨਹੀਂ ਕਰ ਸਕਦੇ। ਜਥੇ ਵਿਚ ਪੰਜਾਬ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੀ ਸ਼ਾਮਿਲ ਹਨ ਤੇ ਇਕ ਸਿੱਖ ਵਜੋਂ ਇਹ ਅਗਵਾਈ ਉਨ੍ਹਾਂ ਵੱਲੋਂ ਹੀ ਕੀਤੀ ਜਾਣੀ ਬਣਦੀ ਹੈ।

# ਕਣਕ ਬੀਜਣ ਸਮੇਂ ਰੋਟਾਵੇਟਰ ਦੀ ਲਪੇਟ ਵਿੱਚ ਆਏ ਨੌਜਵਾਨ ਦੀ ਮੌਤ

ਗੁਰਾਇਆ, 31 ਅਕਤੂਬਰ (ਪੋਸਟ ਬਿਊਰੋ)- ਨੇੜਲੇ ਪਿੰਡ ਢੰਡਾ ਵਿਖੇ ਕੱਲ੍ਹ ਇੱਕ ਹਾਦਸੇ ਵਿੱਚ 19 ਸਾਲਾ ਨੌਜਵਾਨ ਦੀ ਰੋਟਾਵੇਟਰ ਵਿੱਚ ਫਸਣ ਨਾਲ ਮੌਤ ਹੋ ਜਾਣ ਦੀ ਖਬਰ ਆਈ ਹੈ।

ਪਤਾ ਲੱਗਾ ਹੈ ਕਿ ਬਾਰ੍ਹਵੀਂ ਜਮਾਤ ਵਿੱਚ ਪੜ੍ਹਦੇ ਵਿਦਿਆਰਥੀ ਅਮ੍ਰਿਤਪਾਲ ਸਿੰਘ ਪੁੱਤਰ ਜਸਵੰਤ ਸਿੰਘ ਪਿੰਡ ਢੰਡਾ ਨੇ ਕੱਲ੍ਹ ਸਕੂਲ ਤੋਂ ਛੁੱਟੀ ਕੀਤੀ ਅਤੇ ਪਿੰਡ ਦੇ ਆਪਣੇ ਦੋਸਤ ਅਮਨਿੰਦਰ ਸਿੰਘ ਪੁੱਤਰ ਸੁਰਿੰਦਰ ਸਿੰਘ ਨਾਲ ਉਸ ਦੇ ਖੇਤਾਂ ਵਿੱਚ ਗਿਆ ਸੀ, ਜਿੱਥੋਂ ਅਮਨਿੰਦਰ ਸਿੰਘ ਨੇ ਖੇਤਾਂ ਵਿੱਚ ਕਣਕ ਦੀ ਫਸਲ ਬੀਜਣ ਦੀ ਤਿਆਰੀ ਲਈ ਟਰੈਕਟਰ ਦੇ ਪਿੱਛੇ ਰੋਟਾਵੇਟਰ ਲਾਇਆ ਹੋਇਆ ਸੀ। ਅਮਨਿੰਦਰ ਸਿੰਘ ਟਰੈਕਟਰ ਚਲਾ ਰਿਹਾ ਸੀ ਅਤੇ ਅਮ੍ਰਿਤਪਾਲ ਸਿੰਘ ਉਸ ਦੇ ਨਾਲ ਬੈਠਾ ਸੀ। ਜਦੋਂ ਅਮਨਿੰਦਰ ਨੇ ਬੀਜਾਈ ਸ਼ੁਰੂ ਕੀਤੀ ਤਾਂ ਨਾਲ ਬੈਠਾ ਅਮ੍ਰਿਤਪਾਲ ਸਿੰਘ ਟਰੈਕਟਰ ਤੋਂ ਹੇਠਾਂ ਡਿੱਗ ਗਿਆ, ਜੋ ਟਰੈਕਟਰ ਦੇ ਪਿੱਛੇ ਲੱਗੇ ਰੋਟਾਵੇਟਰ ਦੀ ਲਪੇਟ ਵਿੱਚ ਆ ਗਿਆ। ਉਸ ਨੂੰ ਪਿੰਡ ਵਾਸੀਆਂ ਨੇ ਕਾਫੀ ਮੁਸ਼ੱਕਤ ਤੋਂ ਬਾਅਦ ਮਸ਼ੀਨ 'ਚੋਂ ਕੱਢਿਆ, ਪਰ ਤਦ ਤੱਕ ਉਸ ਦੀ ਮੌਤ ਹੋ ਚੁੱਕੀ ਸੀ। ਟਰੈਕਟਰ ਤੋਂ ਨੌਜਵਨ ਕਿਵੇਂ ਡਿੱਗਾ ਇਸ ਦਾ ਪਤਾ ਨਹੀਂ ਲੱਗਾ, ਪਰ ਮ੍ਰਿਤਕ ਨੌਜਵਾਨ ਦਾ ਫੋਨ ਦੇਖ ਕੇ ਅੰਦਾਜ਼ਾ ਲਾਇਆ ਜਾ ਰਿਹਾ ਹੈ ਕਿ ਫੋਨ 'ਚ ਧਮਾਕਾ ਹੋਣ ਕਾਰਨ ਨੌਜਵਾਨ ਦਾ ਸੰਤੁਲਨ ਵਿਗੜਿਆ ਹੋਵੇਗਾ। ਫੋਨ ਪੂਰੀ ਤਰ੍ਹਾਂ ਨਾਲ ਸੜਿਆ ਹੋਇਆ ਸੀ।

GNR ਹਰਬਲ ਤੇਲ 647-853-5800
globalnaturalremedies@yahoo.com
ਦਰਦਾਂ ਵਾਸਤੇ ਮਰਦਾਂ ਲਈ ਔਰਤਾਂ ਲਈ
Herbal Products
Pain-Care Ext. Use Only $9.99
He-Oil Joint Support $19.99
Stress-Care For Men Only $9.99
Chest Massage Oil Feel Relaxed $14.99
GLOBAL NATURAL REMEDIES

# ਯੂਏਈ ਤੋਂ ਕਾਰੋਬਾਰੀ ਤੇ ਕਮਿਊਨਿਟੀ ਆਗੂ ਝੱਜ ਦਾ ਸੜਕ ਹਾਦਸੇ ਵਿੱਚ ਦੇਹਾਂਤ



ਟੋਰਾਂਟੋ, 31 ਅਕਤੂਬਰ (ਪੋਸਟ ਬਿਊਰੋ) : ਲੰਮੇਂ ਸਮੇਂ ਤੋਂ ਦੁਬਈ ਵਿੱਚ ਰਹਿ ਰਹੇ ਪੰਜਾਬੀ ਮੂਲ ਦੇ ਕਾਰੋਬਾਰੀ ਜਸਜੀਤ ਸਿੰਘ ਝੱਜ ਦੀ ਮੰਗਲਵਾਰ ਸਵੇਰੇ ਟੋਰਾਂਟੋ ਵਿੱਚ ਇੱਕ ਸੜਕ ਹਾਦਸੇ ਵਿੱਚ ਮੌਤ ਹੋ ਗਈ। ਪੁਲਿਸ ਅਨੁਸਾਰ 73 ਸਾਲਾ ਝੱਜ ਸਵੇਰ ਦੀ ਸੈਰ ਤੋਂ ਬਾਅਦ ਮਿਸੀਸਾਗਾ ਵਿੱਚ ਛੇ ਲੇਨ ਵਾਲੇ ਹਾਈਵੇਅ ਨੂੰ ਪਾਰ ਕਰਨ ਦੀ ਕੋਸ਼ਿਸ਼ ਕਰ ਰਹੇ ਸਨ ਜਦੋਂ ਇੱਕ ਕਾਰ ਨੇ ਉਨ੍ਹਾਂ ਨੂੰ ਜ਼ਬਰਦਸਤ ਟੱਕਰ ਮਾਰੀ। ਉਨ੍ਹਾਂ ਨੂੰ ਫੌਰਨ ਹਸਪਤਾਲ ਲਿਜਾਇਆ ਗਿਆ ਜਿੱਥੇ ਜਖਮਾਂ ਦੀ ਤਾਬ ਨਾ ਸਹਾਰਦਿਆਂ ਹੋਇਆਂ ਉਹ ਦਮ ਤੋੜ ਗਏ।

ਝੱਜ, ਜੋ ਕਿ ਇੰਡੀਅਨ ਐਸੋਸਿਏਸ਼ਨ ਦੁਬਈ ਦੇ ਸਾਬਕਾ ਪ੍ਰਧਾਨ ਵੀ ਸਨ, ਖਲੀਜ਼ ਟਾਈਮਜ਼ ਦੇ ਮੈਨੇਜਮੈਂਟ ਸਟਾਫ ਵਿੱਚ ਵੀ ਸਨ। ਉਨ੍ਹਾਂ ਦੇ ਪਿੱਛੇ ਉਨ੍ਹਾਂ ਦੀ ਪਤਨੀ ਤੇ ਦੋ ਲੜਕੇ ਰਹਿ ਗਏ ਹਨ। ਸੰਯੁਕਤ ਅਰਬ ਅਮੀਰਾਤ ਸਥਿਤ ਝੱਜ ਨੂੰ ਦੇਸ਼ ਵਿਦੇਸ਼ ਤੋਂ ਸ਼ਰਧਾਂਜਲੀਆਂ ਦਿੱਤੀਆਂ ਜਾ ਰਹੀਆਂ ਹਨ। ਆਈਟੀਐਲ ਕੌਸਮੌਸ ਗਰੁੱਪ ਦੇ ਰਾਮ ਬੁਕਸਾਨੀ ਨੇ ਆਖਿਆ ਕਿ ਉਹ ਲੰਮੇਂ ਸਮੇਂ ਤੋਂ ਝੱਜ ਨੂੰ ਜਾਣਦੇ ਸਨ, ਜਦੋਂ ਉਹ ਦੁਬਈ ਵਿੱਚ ਸਨ ਉਦੋਂ ਉਹ ਰੋਜ਼ ਉਨ੍ਹਾਂ ਨੂੰ ਮਿਲਦੇ ਸਨ। ਉਨ੍ਹਾਂ ਆਖਿਆ ਕਿ ਸਮਾਜ ਸੇਵਕ ਵਜੋਂ ਝੱਜ ਦੀ ਭੂਮਿਕਾ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਆਖਿਆ ਕਿ ਇੰਡੀਅਨ ਐਸੋਸਿਏਸ਼ਨ ਦੁਬਈ ਦੇ ਪ੍ਰੈਜ਼ੀਡੈਂਟ ਰਹਿੰਦਿਆਂ ਉਹ ਇਸ ਨੂੰ ਕਿੰਨੀਆਂ ਬੁਲੰਦੀਆਂ ਉੱਤੇ ਲੈ ਗਏ। ਉਨ੍ਹਾਂ ਦੇ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ। ਉਹ ਸਮਾਜ ਸੇਵਾ ਕਰਨ ਲਈ ਹਮੇਸ਼ਾਂ ਤਿਆਰ ਰਹਿੰਦੇ ਸਨ।

ਦੁਬਈ ਵਿੱਚ ਸਿੱਖ ਗੁਰਦੁਆਰੇ ਦੇ ਮੁਖੀ ਸੁਰਿੰਦਰ ਸਿੰਘ ਕੰਧਾਰੀ ਨੇ ਆਖਿਆ ਕਿ ਉਹ 1977 ਤੋਂ ਹੀ ਝੱਜ ਨੂੰ ਜਾਣਦੇ ਸਨ। ਉਹ ਕਮਿਊਨਿਟੀ ਆਗੂ ਹੋਣ ਦੇ ਨਾਲ ਨਾਲ ਬਹੁਤ ਹੀ ਨੇਕ ਇਨਸਾਨ ਸਨ। ਉਨ੍ਹਾਂ ਦੱਸਿਆ ਕਿ ਦੁਬਈ ਆਉਣ ਤੋਂ ਬਾਅਦ ਉਨ੍ਹਾਂ ਪਹਿਲਾਂ ਡਿਨਰ ਉਨ੍ਹਾਂ ਨਾਲ ਹੀ ਕੀਤਾ ਸੀ। ਉਨ੍ਹਾਂ ਦੇ ਜਾਣ ਦਾ ਸਾਨੂੰ ਬਹੁਤ ਦੁੱਖ ਹੈ। ਰੀਗਲ ਗਰੁੱਪ ਆਫ ਕੰਪਨੀਜ਼ ਦੇ ਚੇਅਰਮੈਨ ਵਾਸੂ ਸ਼ਰੌਫ ਨੇ ਆਖਿਆ ਕਿ ਝੱਜ ਉਨ੍ਹਾਂ ਦੇ ਚੰਗੇ ਦੋਸਤ ਸਨ। ਉਨ੍ਹਾਂ ਦੇ ਭਾਰਤੀ ਭਾਈਚਾਰੇ ਨਾਲ ਚੰਗੇ ਸਬੰਧ ਸਨ। ਉਹ ਦੂਜਿਆਂ ਦੀ ਕਾਫੀ ਮਦਦ ਕਰਦੇ ਸਨ।

ਇਸ ਦੌਰਾਨ ਝੱਜ ਦੇ ਪਰਿਵਾਰ ਨੇ ਦੱਸਿਆ ਕਿ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਅੰਤਿਮ ਰਸਮਾਂ 30 ਬ੍ਰੈਮਵਿੰਨ ਕੋਰਟ, ਬਰੈਂਪਟਨ, ਓਨਟਾਰੀਓ ਉੱਤੇ ਸਥਿਤ ਬਰੈਂਪਟਨ ਦੇ ਕ੍ਰੀਮੇਟੋਰੀਅਮ ਤੇ ਵਿਸੀਟੇਸਨ ਸੈਂਟਰ ਵਿੱਚ 3 ਨਵੰਬਰ, 2019 ਨੂੰ ਦੁਪਹਿਰੇ 2:30 ਵਜੇ ਹੋਣਗੀਆਂ। ਉਨ੍ਹਾਂ ਨਮਿੱਤ ਭੋਗ ਅਤੇ ਅੰਤਿਮ ਅਰਦਾਸ ਸਾਮੀਂ 5:30 ਵਜੇ 7080 ਡਿਕਸੀ ਰੋਡ, ਮਿਸੀਸਾਗਾ, ਓਨਟਾਰੀਓ ਵਿੱਚ ਪਾਇਆ ਜਾਵੇਗਾ।

# ਟੋਰਾਂਟੋ ਵੈਸਟ ਵਿੱਚ ਚੱਲੀ ਗੋਲੀ, ਪੰਜ ਟੀਨੇਜਰ ਜ਼ਖ਼ਮੀ




ਟੋਰਾਂਟੋ, 31 ਅਕਤੂਬਰ (ਪੋਸਟ ਬਿਊਰੋ) : ਬੁੱਧਵਾਰ ਸਾਮ ਨੂੰ ਸਹਿਰ ਦੇ ਪੱਛਮੀ ਸਿਰੇ ਉੱਤੇ ਚੱਲੀ ਗੋਲੀ ਕਾਰਨ ਪੰਜ ਟੀਨੇਜਰਜ ਜਖਮੀ ਹੋ ਗਏ।

ਪੁਲਿਸ ਨੇ ਦੱਸਿਆ ਕਿ ਟਰੈਥਵੇਅ ਡਰਾਈਵ ਨੇੜੇ ਕਲੀਅਰਵੀਊ ਹਾਈਟਸ ਰੋਡ ਇਲਾਕੇ ਵਿੱਚ ਸਥਿਤ ਇਮਾਰਤ ਦੇ ਅੰਦਰ ਇਹ ਗੋਲੀਆਂ ਰਾਤੀਂ 7:30 ਵਜੇ ਚੱਲੀਆਂ। ਇਸ ਸਮੇਂ ਸਾਰੇ ਹੀ ਜਖਮੀ ਵਿਅਕਤੀ ਹਸਪਤਾਲ ਵਿੱਚ ਜੇਰੇ ਇਲਾਜ ਹਨ। ਸੁਰੂਆਤ ਵਿੱਚ ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਦੋ ਜਖਮੀ ਵਿਅਕਤੀ ਮਿਲੇ ਪਰ ਫਿਰ ਦੋ ਹੋਰ ਜਖਮੀ ਵਿਅਕਤੀ ਉੱਥੇ ਮਿਲੇ। ਇੱਕ ਵਿਅਕਤੀ ਜਖਮੀ ਹਾਲਤ ਵਿੱਚ ਆਪਣੇ ਆਪ ਹੀ ਹਸਪਤਾਲ ਪਹੁੰਚ ਗਿਆ। ਪੁਲਿਸ ਨੇ ਦੱਸਿਆ ਕਿ ਤਿੰਨ ਵਿਅਕਤੀਆਂ ਨੂੰ ਐਮਰਜੰਸੀ ਵਾਹਨਾਂ ਨਾਲ ਟਰੌਮਾ ਸੈਂਟਰ ਲਿਜਾਇਅ ਗਿਆ। ਪੁਲਿਸ ਮੁਖੀ ਮਾਰਕ ਸਾਂਡਰਜ ਨੇ ਬੁੱਧਵਾਰ ਨੂੰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਜਖਮੀਆਂ ਵਿੱਚੋਂ ਦੋ ਮਹਿਲਾਵਾਂ ਸਨ ਤੇ ਉਨ੍ਹਾਂ ਦੀ ਉਮਰ 16 ਤੇ 17 ਸਾਲ ਸੀ। ਬਾਕੀ ਦੇ ਤਿੰਨ ਵਿਅਕਤੀ 16 ਤੋਂ 18 ਸਾਲਾਂ ਦੇ ਨੌਜਵਾਨ ਲੜਕੇ ਸਨ। ਮਸਕੂਕਾਂ ਨੂੰ ਆਖਰੀ ਵਾਰੀ ਕਾਲੇ ਰੰਗ ਦੀ ਸੇਡਾਨ ਵਿੱਚ ਵੇਖਿਆ ਗਿਆ, ਜੋ ਕਿ ਕਲੀਅਰਵੇਅ ਹਾਈਟਜ ਵੱਲ ਜਾ ਰਹੇ ਸਨ। ਪੁਲਿਸ ਨੇ ਦੱਸਿਆ ਕਿ ਮਸਕੂਕਾਂ ਨੇ ਸਿਆਹ ਨਸਲ ਦੇ ਹੂਡੀਜ ਪਾਏ ਹੋਏ ਸਨ। ਪੁਲਿਸ ਨੂੰ ਅਜੇ ਤੱਕ ਕੋਈ ਹਥਿਆਰ ਵੀ ਨਹੀਂ ਮਿਲੇ ਹਨ।

# ਉਮਰ ਕੈਦ ਕੱਟ ਰਹੇ ਗੈਂਗਸਟਰ ਦਾ ਨਾਭਾ ਜੇਲ੍ਹ ਵਿਚ ਵਿਆਹ

ਨਾਭਾ, 31 ਅਕਤੂਬਰ (ਪੋਸਟ ਬਿਊਰੋ)- ਨਾਭਾ ਦੀ ਮੈਕਸੀਮਮ ਸਕਿਓਰਿਟੀ ਜ਼ਿਲਾ ਜੇਲ੍ਹ ਵਿੱਚ ਕੱਲ੍ਹ ਉਸ ਸਮੇਂ ਨਵਾਂ ਇਤਿਹਾਸ ਬਣ ਗਿਆ, ਜਦੋਂ ਉਮਰ ਕੈਦ ਦੀ ਸਜ਼ਾ ਕੱਟ ਰਹੇ ਗੈਂਗਸਟਰ ਮਨਦੀਪ ਸਿੰਘ ਉਰਫ ਧੂੜ ਪੁੱਤਰ ਚਮਕੌਰ ਸਿੰਘ ਵਾਸੀ ਜ਼ਿਲਾ ਮੋਗਾ ਦਾ ਵਿਆਹ ਪਵਨਦੀਪ ਕੌਰ ਵਾਸੀ ਸਮਰਾਲਾ (ਜ਼ਿਲਾ ਲੁਧਿਆਣਾ) ਨਾਲ ਜੇਲ੍ਹ ਦੇ ਕੰਪਲੈਕਸ ਵਿੱਚ ਹੋਇਆ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਜੇਲ੍ਹ ਪ੍ਰਸ਼ਾਸਨ ਦੀ ਰਿਪੋਰਟ ਪਿੱਛੋਂ ਜੇਲ੍ਹ ਦੇ ਗੁਰਦੁਆਰਾ ਸਾਹਿਬ ਵਿੱਚ ਆਨੰਦ ਕਾਰਜ ਅਤੇ ਹੋਰ ਰਸਮਾਂ ਛੇ ਘੰਟੇ ਵਿੱਚ ਨੇਪਰੇ ਚੜ੍ਹਾਉਣ ਲਈ ਕਿਹਾ ਸੀ। ਡੀ ਐੱਸ ਪੀ ਵਰਿੰਦਰਜੀਤ ਸਿੰਘ ਥਿੰਦ ਸਮੇਤ ਕਈ ਅਫਸਰ ਪੁਲਸ ਫੋਰਸ ਸਮੇਤ ਜੇਲ੍ਹ ਦੇ ਬਾਹਰ ਨਿਗਰਾਨੀ ਕਰ ਰਹੇ ਸਨ।

ਵਰਨਣ ਯੋਗ ਹੈ ਕਿ ਗੈਂਗਸਟਰ ਮਨਦੀਪ ਸਿੰਘ ਨੂੰ ਦੋਹਰੇ ਕਤਲ ਕੇਸ ਵਿੱਚ ਅਦਾਲਤ ਨੇ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਉਸ ਨੇ ਮੋਗਾ ਜ਼ਿਲੇ ਵਿੱਚ ਇੱਕ ਸਰਪੰਚ ਤੇ ਉਸ ਦੇ ਗੰਨਮੈਨ ਦਾ ਕਤਲ ਕੀਤਾ ਸੀ। ਇਹ ਕੇਸ ਸੱਤ ਸਾਲ ਪੁਰਾਣਾ ਹੈ ਅਤੇ ਇਸ ਜੇਲ੍ਹ ਵਿੱਚ ਮਨਦੀਪ ਸਿੰਘ ਨੂੰ ਬੀਤੀ 17 ਜੂਨ ਨੂੰ ਲਿਆਂਦਾ ਗਿਆ ਸੀ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ukttc
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Air Brake Classes
Sat-Sun 8am to 4pm
Counterbalance
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਪੰਜਾਬੀ ਪੋਸਟ 'ਚ ਸੇਲਜ਼ ਐਗਜ਼ੀਕਿਊਟਵਜ਼ ਦੀ ਲੋੜ
ਤਨਖਾਹ+ ਕਮਿਸ਼ਨ, ਪ੍ਰਤੀ ਸਾਲ 50,000 ਡਾਲਰ, ਆਪਣੀ ਕਾਰ ਹੋਣੀ ਚਾਹੀਦੀ ਹੈ ਅਤੇ ਅੰਗਰੇਜ਼ੀ ਤੇ ਪੰਜਾਬੀ ਬੋਲਣ 'ਚ ਮੁਹਾਰਤ ਹਾਸਿਲ ਹੋਵੇ। ਆਪਣਾ ਬਾਇਓਡਾਟਾ balwinder@punjabi-post.ca ਈਮੇਲ ਆਈਡੀ ਉਤੇ ਭੇਜ ਸਕਦੇ ਹੋ।
ਸੰਪਰਕ: 905-793-2202

PUNJABI POST
NOW HIRING!
SALES EXECUTIVES
Salary $19/hr + Bonus, Must be Sales Skill Master, have own car, fluent in english & punjabi.
Send your resume at: balwinder@punjabipost.ca
Call Punjabi Post: 905.793.2202

# ਦਿੱਲੀ ਦੇ ਸਰਨਿਆਂ ਦੀ ਅਗਵਾਈ ਵਾਲਾ ਕੀਰਤਨ ਬਾਰਡਰ ਟੱਪ ਕੇ ਪਾਕਿਸਤਾਨ ਪੁੱਜਾ

## ਪਰਮਜੀਤ ਸਿੰਘ ਸਰਨਾ ਨੂੰ ਭਾਰਤੀ ਏਜੰਸੀਆਂ ਨੇ ਰੋਕ ਲਿਆ



ਅਟਾਰੀ-ਵਾਹਗਾ ਬਾਰਡਰ, 31 ਅਕਤੂਬਰ, (ਪੋਸਟ ਬਿਊਰੋ)-ਦਿੱਲੀ ਗੁਰਦਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਵਲੋਂ ਦੇਸ਼ ਦੀ ਰਾਜਧਾਨੀ ਦਿੱਲੀ ਤੋਂ ਸ਼ੁਰੂ ਕੀਤਾ ਗਿਆ ਅੰਤਰਰਾਸ਼ਟਰੀ ਨਗਰ ਕੀਰਤਨ ਅੱਜ ਵਾਹਗਾ-ਅਟਾਰੀ ਬਾਰਡਰ ਟੱਪ ਕੇ ਪਾਕਿਸਤਾਨ ਵਿੱਚ ਦਾਖਲ ਹੋ ਗਿਆ। ਨਗਰ ਕੀਰਤਨ ਦਾ ਅੰਤਰਰਾਸ਼ਟਰੀ ਸਰਹੱਦ ਉੱਤੇ ਪੁੱਜਣ ਸਮੇਂ ਪਾਕਿਸਤਾਨ ਦੀਸੰਗਤ ਅਤੇ ਸਰਕਾਰ ਨੇ ਸ਼ਾਨਦਾਰ ਸਵਾਗਤ ਕੀਤਾਹੈ।

ਵਰਨਣ ਯੋਗ ਹੈ ਕਿ ਇਹ ਨਗਰ ਕੀਰਤਨ ਦਿੱਲੀ ਤੋਂ ਸ਼ੁਰੂ ਕੀਤਾ ਗਿਆ ਸੀ, ਜਿਸ ਦੇ ਮੁਕਾਬਲੇ ਇਕ ਹੋਰ ਨਗਰ ਕੀਰਤਨ ਦਿੱਲੀ ਸਿੱਖ ਗੁਰਦੁ-ਆਰਾ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਚਲਾਉਣ ਦੀ ਕੋਸ਼ਿਸ਼ ਕੀਤੀ ਸੀ, ਪਰ ਉਸ ਨੂੰ ਇਜਾਜ਼ਤ ਨਹੀਂ ਸੀ ਮਿਲੀ। ਇਸ ਦੇ ਬਾਅਦ ਸਰਨਾ ਦੀ ਅਗਵਾਈ ਵਾਲੇ ਨਗਰ ਕੀਰਤਨ ਨੂੰ ਰੋਕਣ ਦੀਆਂ ਕੁਝ ਕੋਸ਼ਿਸ਼ਾਂ ਦੀ ਚਰਚਾ ਚੱਲਦੀ ਰਹੀ ਸੀ। ਅੱਜ ਇਹ ਨਗਰ ਕੀਰਤਨ ਭਾਰਤ-ਪਾਕਿ ਸਰਹੱਦ ਟੱਪ ਕੇ ਪਾਕਿਸਤਾਨ ਵੱਲ ਚਲਾ ਗਿਆ, ਜਿੱਥੇ ਇਸ ਦਾ ਭਰਵਾਂ ਸਵਾਗਤ ਕੀਤਾ ਗਿਆ ਤੇ ਪਾਕਿ ਪੰਜਾਬ ਦੀ ਪੁਲਸ ਨੇ ਗਾਰਡ ਆਫ ਆਨਰ ਦਿੱਤਾ। ਇਸ ਨਗਰ ਕੀਰਤਨ ਦੇ ਸਤਿਕਾਰ ਲਈ ਪਾਕਿਸਤਾਨ ਜਾਣ ਵਾਲੇ ਪਾਸੇ ਸਾਰੇ ਰਸਤੇ ਨੂੰ ਤਕਰੀਬਨ 50 ਕੁਇੰਟਲ ਫੁੱਲਾਂ ਨਾਲ ਸਜਾਇਆ ਗਿਆ ਸੀ। ਨਗਰ ਕੀਰਤਨ ਵਿਚ ਕਈ ਸਿਆਸੀ ਤੇ ਗੈਰ ਸਿਆਸੀ ਹਸਤੀਆਂ ਨੇ ਆਪਣੀ ਹਾਜ਼ਰੀ ਵੀਭਰੀ।

ਜਦੋਂ ਇਹ ਨਗਰ ਕੀਰਤਨ ਪਾਕਿ-ਸਤਾਨ ਵਿੱਚ ਦਾਖਲ ਹੋਣ ਲੱਗਾ ਤਾਂ ਇਮੀਗਰੇਸ਼ਨ ਅਧਿਕਾਰੀਆਂ ਨੇ ਇਸ ਜਥੇ ਦੀ ਅਗਵਾਈ ਕਰ ਰਹੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੂੰ ਇਹ ਕਹਿ ਕੇ ਰੋਕ ਲਿਆ ਕਿ ਉਨ੍ਹਾਂ ਦੇ ਖਿਲਾਫ ਇੱਕ ਅਦਾਲਤੀ ਕੇਸ ਪੈਂਡਿੰਗ ਹੈ ਅਤੇ ਉਸ ਬਾਰੇ ਅਦਾਲਤ ਤੋਂ ਆਗਿਆ ਨਹੀਂ ਲਈ ਗਈ। ਉਨ੍ਹਾਂ ਨੂੰ ਰੋਕੇ ਜਾਣ ਉੱਤੇ ਪਰਮਜੀਤ ਸਿੰਘ ਸਰਨਾ ਦੇ ਛੋਟੇ ਭਰਾ ਅਤੇ ਦਿੱਲੀ ਗੁਰਦੁਆਰਾ ਕਮੇਟੀ ਦੇ ਇੱਕ ਹੋਰ ਸਾਬਕਾ ਪ੍ਰਧਾਨ ਹਰਵਿੰਦਰ ਸਿੰਘ ਸਰਨਾ ਨੇ ਅਗਵਾਈ ਸੰਭਾਲ ਲਈ। ਇਸ ਮੌਕੇ ਹਰਵਿੰਦਰ ਸਿੰਘ ਸਰਨਾ ਨੇ ਕਿਹਾ ਕਿ ਅਸੀਂ ਬੜੇ ਭਾਗਾਂ ਵਾਲੇ ਹਾਂ ਕਿ ਇਸ ਇਤਿਹਾਸਕ ਨਗਰ ਕੀਰਤਨ ਦੇ ਨਾਲ ਗੁਰਦਆਰਾ ਸ੍ਰੀ ਨਨਕਾਣਾ ਸਾਹਿਬ ਵਿਖੇ ਨਤਮਸਤਕ ਹੋਣ ਜਾ ਰਹੇ ਹਾਂ। ਉਨ੍ਹਾਂ ਕਿਹਾ ਕਿ ਸਿਆਸੀ ਲੋਕਾਂ ਨੇ ਇਸ ਨਗਰ ਕੀਰਤਨ ਵਿਚ ਕਾਫੀ ਰੋੜੇ ਅਟਕਾਏ ਹਨ ਪਰ ਗੁਰੂ ਦੀ ਕ੍ਰਿਪਾ ਸਦਕਾ ਇਹ ਕਾਰਜ ਸੰਪੂਰਨ ਹੋਇਆ ਹੈ। ਹਰਵਿੰਦਰ ਸਿੰਘ ਸਰਨਾ ਨੇ ਕਿਹਾ ਕਿ ਪਰਮਜੀਤ ਸਿੰਘ ਸਰਨਾ ਨੇ ਇਸ ਨਗਰ ਕੀਰਤਨ ਦੀ ਰੂਪ ਰੇਖਾ ਤਿਆਰ ਕੀਤੀ ਸੀ, ਪਰ ਉਨ੍ਹਾਂ ਨੂੰ ਪਾਕਿਸਤਾਨ ਜਾਣ ਤੋਂ ਰੋਕਣ ਦੇ ਲਈਸਾਲ 2012 ਦੇ ਇਕ ਪੁਰਾਣੇ ਬੇਬੁਨਿਆਦ ਕੇਸ ਕਾਰਨ ਰੋਕ ਲਾਈ ਗਈ ਹੈ। ਉਨ੍ਹਾਂ ਕਿਹਾ ਕਿ ਪਰਮਜੀਤ ਸਿੰਘ ਸਰਨਾ ਇਸ ਦੌਰਾਨ ਕਈ ਵਾਰੀ ਦੇਸ਼ ਤੋਂ ਬਾਹਰ ਗਏ ਹਨ ਤੇ ਇਸ ਅਕਤੂਬਰ ਮਹੀਨੇ ਵਿੱਚ ਵੀ ਉਹ ਪਾਕਿਸਤਾਨ ਜਾ ਕੇ ਆਏ ਹਨ, ਜੇ ਕੋਈ ਕੇਸ ਬਣਦਾ ਸੀ ਤਾਂ ਉਸ ਵਕਤ ਵੀ ਰੋਕ ਸਕਦੇ ਸਨ, ਅੱਜ ਹੀ ਕਿਉਂ ਰੋਕਿਆ ਹੈ। ਉਨ੍ਹਾਂ ਕਿਹਾ ਕਿ ਇਹ ਸਭ ਸਿਆਸਤ ਤੋਂ ਪ੍ਰੇਰਿਤ ਹੈ ਅਤੇ ਜਾਣ-ਬੁੱਝ ਕੇ ਪਰਮਜੀਤ ਸਿੰਘ ਸਰਨਾ ਨੂੰ ਰੋਕਿਆ ਗਿਆ ਹੈ।

ਇਸ ਦੌਰਾਨ ਭਾਰਤ ਤੋਂ 1100 ਸਿੱਖ ਸ਼ਰਧਾਲੂਆਂ ਦਾ ਪਹਿਲਾ ਪਾਕਿਸਤਾਨ ਪਹੁੰਚਣ ਬਾਰੇ ਪਾਕਿਸਤਾਨ ਸਰਕਾਰ ਦੇ ਇਵੈਕੁਈ ਟਰੱਸਟ ਪ੍ਰਾਪਟੀਜ਼ ਬੋਰਡ (ਈ ਟੀ ਪੀ ਬੀ) ਦੇ ਬੁਲਾਰੇ ਆਮਿਰ ਹਾਸ਼ਮੀ ਨੇ ਕਿਹਾ ਕਿ 9 ਨਵੰਬਰ ਨੂੰ ਇਹ ਸਿੱਖ ਕਰਤਾਰਪੁਰ ਕਾਰੀਡੋਰ ਦੇ ਇਤਿਹਾਸਕ ਉਦਘਾਟਨ ਮੌਕੇ ਸ਼ਾਮਲ ਹੋਣਗੇ। ਉਨ੍ਹਾਂ ਕਿਹਾ ਕਿ ਨਨਕਾਣਾ ਸਾਹਿਬ ਵਿੱਚ ਬਾਬਾ ਗੁਰੂ ਨਾਨਕ ਦੇ 550ਵੇਂ ਪ੍ਰਕਾਸ਼ ਪੁਰਬ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ 1100 ਸਿੱਖਾਂ ਦਾ ਪਹਿਲਾ ਜੱਥਾ ਆਪਣੇ ਨਾਲ ਸੋਨੇ ਦੀ ਪਾਲਕੀ ਲਿਆਇਆ ਹੈ। ਵਾਹਗਾ ਬਾਰਡਰ ਉੱਤੇਇਸ ਨਗਰ ਕੀਰਤਨ ਦਾ ਸਵਾਗਤ ਪਕਿਸਤਾਨੀ ਪੰਜਾਬ ਦੇ ਗਵਰਨਰ ਚੌਧਰੀ ਸਰਵਰ, ਈ ਟੀ ਪੀ ਬੀ ਦੇ ਪ੍ਰਧਾਨ ਆਮੇਰ ਅਹਿਮਦ ਅਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਤਵੰਤ ਸਿੰਘ ਨੇ ਕੀਤਾ ਹੈ। ਈ ਟੀ ਪੀ ਬੀ ਨੇ ਦੱਸਿਆ ਕਿ ਸੋਨੇ ਦੀ ਪਾਲਕੀ ਲਈ ਫੈਡਰਲ ਰੈਵੇਨਿਊ ਬੋਰਡ (ਐੱਫ ਬੀ ਆਰ) ਤੋਂ ਟੈਕਸਦੀ ਵਿਸ਼ੇਸ਼ ਛੋਟ ਮੰਗੀ ਗਈ ਹੈ।

ਪਾਕਿਸਤਾਨ ਜਾਣ ਤੋਂ ਐਨ ਬਾਰਡਰ ਉੱਤੇ ਰੋਕੇ ਜਾਣ ਕਾਰਨ ਪਰਮਜੀਤ ਸਿੰਘ ਸਰਨਾ ਕਾਫੀ ਤਲਖੀ ਵਿੱਚ ਸਨ ਤੇ ਉਨ੍ਹਾਂ ਨੇ ਬਾਦਲਾਂ ਦੇ ਖਿਲਾਫ ਰੱਜ ਕੇ ਭੜਾਸ ਕੱਢੀ।ਸਰਨਾ ਨੇ ਅਟਾਰੀ ਵਿਖੇ ਗੱਲਬਾਤ ਦੌਰਾਨ ਕਿਹਾ ਕਿ ਇਹ ਬਾਦਲਾਂ ਦੀ ਸਾਜ਼ਿਸ਼ ਹੈ ਅਤੇ ਸੰਗਤਾਂ ਵੱਲੋਂ ਸਾਨੂੰ ਦਿੱਤੇ ਪਿਆਰ ਤੋਂ ਬੁਖਲਾਹਟ ਵਿੱਚ ਆ ਕੇ ਅਕਾਲੀ-ਭਾਜਪਾ ਨੇ ਉਨ੍ਹਾਂ ਨੂੰ ਜਾਣ ਤੋਂ ਰੋਕਿਆ ਹੈ। ਸਰਨਾ ਨੇ ਕਿਹਾ ਕਿ ਅੱਜ ਜਦੋਂ ਉਹ ਇਮੀਗ੍ਰੇਸ਼ਨ ਅਧਿਕਾਰੀਆਂ ਕੋਲ ਅਟਾਰੀ ਪਹੁੰਚੇ ਤਾਂ ਉਨ੍ਹਾਂ ਨੇ ਮੈਨੂੰ ਦੱਸ ਦਿੱਤਾ ਸੀ ਕਿ ਦਿੱਲੀ ਤੋਂ ਫੋਨ ਆਇਆ ਹੈ ਕੇ ਸਰਨਾ ਨੂੰ ਰੋਕ ਲਿਆ ਜਾਵੇ। ਪਰਮਜੀਤ ਸਿੰਘ ਸਰਨਾ ਨੇ ਤਲਖੀ ਨਾਲਕਿਹਾ ਕਿ ਜੇ ਮੋਦੀ ਨੂੰ ਕੇਦਾਰਨਾਥ ਜਾਣ ਤੋਂ ਰੋਕਿਆ ਜਾਵੇ ਤਾਂ ਉਹ ਅਤੇ ਅਮਿਤ ਸ਼ਾਹ ਕਿਵੇਂ ਮਹਿਸੂਸ ਕਰਨਗੇ। ਸਰਨਾ ਨੇ ਕਿਹਾ ਕਿ ਉਹ ਪੰਦਰਾਂ ਦਿਨ ਪਹਿਲਾਂ ਪਾਕਿ-ਸਤਾਨ ਜਾ ਕੇ ਆਏ ਤੇ ਸਾਰੇ ਨਗਰ ਕੀਰਤਨ ਦੇ ਪ੍ਰਬੰਧ ਸਿਰੇ ਚੜ੍ਹਾ ਕੇ ਮੁੜੇ ਸਨ। ਉਸ ਵੇਲੇ ਉਨ੍ਹਾਂ ਨੂੰ ਕਦੇ ਨਹੀਂ ਰੋਕਿਆ ਗਿਆ। ਇਸ ਤੋਂ ਇਲਾਵਾ ਉਹ ਵਿਦੇਸ਼ਾਂ ਵਿੱਚ ਵਪਾਰਕ ਦੌਰੇ ਵੀ ਕਰ ਆਏ ਹਨ, ਪਰ ਕਦੇ ਵੀ ਉਸ ਵੇਲੇ ਕਿਸੇ ਨੇ ਨਹੀਂ ਰੋਕਿਆ, ਸਿਰਫ ਅੱਜ ਰੋਕਿਆ ਗਿਆ ਹੈ।

# ਅੰਮ੍ਰਿਤਸਰ ਤੋਂ ਲੰਡਨ ਲਈ ਸਿੱਧੀ ਫਲਾਈਟ ਸ਼ੁਰੂ, ਪੰਜਾਬੀਆਂ ਦੀ ਚਿਰੋਕਣੀ ਮੰਗ ਪੂਰੀ



ਅੰਮ੍ਰਿਤਸਰ, 31 ਅਕਤੂਬਰ, (ਪੋਸਟ ਬਿਊਰੋ)-ਵਿਦੇਸ਼ ਵੱਸਦੇ ਪੰਜਾਬੀਆਂ ਦੀ ਚਿਰੋਕਣੀ ਮੰਗ ਪੂਰਾ ਕਰਦਿਆਂ ਕੇਂਦਰ ਸਰਕਾਰ ਨੇ ਅੰਮ੍ਰਿਤਸਰ-ਲੰਡਨ ਸਿੱਧੀ ਫਲਾਈਟ ਸ਼ੁਰੂ ਕਰ ਦਿੱਤੀ ਹੈ। ਅੱਜ ਵੀਰਵਾਰ ਤੜਕੇ ਏਅਰ ਇੰਡੀਆ ਦੇ ਜਹਾਜ਼ ਨੇ ਅੰਮ੍ਰਿਤਸਰ ਦੇ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਲੰਡਨ ਦੀ ਪਹਿਲੀ ਉਡਾਣ ਭਰੀ। ਇਸ ਉਡਾਣ ਦਾ ਰਸਮੀ ਉਦਘਾਟਨ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਵੱਲੋਂ ਕੀਤਾ ਗਿਆ ਤੇ ਇਸ ਮੌਕੇ ਲੋਕ ਸਭਾ ਮੈਂਬਰ ਗੁਰਜੀਤ ਸਿੰਘ ਔਜਲਾ, ਮੈਂਬਰ ਰਾਜ ਸਭਾ ਸ਼ਵੇਤ ਮਲਿਕ ਉਚੇਚੇ ਤੌਰ ਉੱਤੇ ਹਾਜ਼ਰ ਸਨ। ਪਹਿਲੀ ਫਲਾਈਟ ਸ਼ੁਰੂ ਹੋਣ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੇਂਦਰੀ ਮੰਤਰੀ ਸੋਮ ਪ੍ਰਕਾਸ਼, ਗੁਰਜੀਤ ਸਿੰਘ ਔਜਲਾ ਅਤੇ ਸ਼ਵੇਤ ਮਲਿਕ ਨੇ ਸਾਰੇ ਪੰਜਾਬੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇਸ ਉਡਾਣ ਦੇ ਸ਼ੁਰੂ ਹੋਣ ਨਾਲ ਲੰਡਨ ਵੱਸਦੇ ਪੰਜਾਬੀਆਂ ਨੂੰ ਲਾਭ ਹੋਵੇਗਾ।ਉਨ੍ਹਾਂ ਦੱਸਿਆ ਕਿ ਕੇਂਦਰ ਸਰਕਾਰ ਦੇ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਵੱਲੋਂ ਏਅਰ ਇੰਡੀਆ ਦੇ ਜਹਾਜ਼ ਦੇ ਪਿਛਲੇ ਹਿੱਸੇ ਉੱਤੇ ੴ ਸ਼ਬਦ ਅਤੇ ਜਹਾਜ਼ ਦੇ ਸਾਹਮਣੇ ਹਿੱਸੇ ਉੱਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦਾ ਵਧਾਈ ਸੰਦੇਸ਼ ਲਿਖਣ ਨਾਲ ਬਾਬੇ ਨਾਨਕ ਦਾ ਉਪਦੇਸ਼ ਸਾਰੀ ਦੁਨੀਆ ਵਿਚ ਜਾਵੇਗਾ।

# ਪੰਜ ਲੱਖ ਦੇ ਮੁਆਵਜ਼ੇ ਲਈ ਨਾਬਾਲਗਾ ਨੂੰ ਕਤਲ ਕਰਨ ਦਾ ਦੋਸ਼

ਮਾਹਿਲਪੁਰ, 31 ਅਕਤੂਬਰ (ਪੋਸਟ ਬਿਊਰੋ)- ਪਿੰਡ ਖੰਨੀ ਦੀ ਇੱਕ ਧਾਰਮਿਕ ਥਾਂ ਨੇੜੇ ਇੱਕ 15 ਸਾਲਾ ਮੁਟਿਆਰ ਦੀ ਭੇਦਭਰੀ ਹਾਲਤ 'ਚ ਮੌਤ ਹੋ ਗਈ। ਮ੍ਰਿਤਕ ਦੇ ਚਾਚਿਆਂ ਅਤੇ ਭੂਆ ਨੇ ਮ੍ਰਿਤਕ ਦੇ ਭਰਾ ਤੇ ਭਰਾ ਦੇ ਸਹੁਰਾ ਪਰਵਾਰ 'ਤੇ ਪੰਜ ਲੱਖ ਰੁਪਏ ਦੇ ਲੈਣ-ਦੇਣ ਨੂੰ ਲੈ ਕੇ ਲੜਕੀ ਨੂੰ ਕਤਲ ਕਰਨ ਦਾ ਦੋਸ਼ ਲਾਇਆ ਹੈ।

ਸਿਵਲ ਹਸਪਤਾਲ ਮਾਹਿਲਪੁਰ ਵਿਖੇ ਮ੍ਰਿਤਕ ਦੇ ਚਾਚਾ ਲਾਲਮਨ ਸਿੰਘ ਪੁੱਤਰ ਚੁੰਨੀ ਲਾਲ ਨੇ ਦੱਸਿਆ ਕਿ ਉਨ੍ਹਾਂ ਦੇ ਭਤੀਜੇ ਅਜੇ ਕੁਮਾਰ ਅਤੇ ਮ੍ਰਿਤਕ ਮਮਤਾ ਨੂੰ ਉਤਰ ਪ੍ਰਦੇਸ਼ ਦੀ ਸਰਕਾਰ ਵੱਲੋਂ ਉਤਰ ਪ੍ਰਦੇਸ਼ 'ਚ ਉਨ੍ਹਾਂ ਦੇ ਪਿਤਾ ਦੀ ਮੌਤ 'ਤੇ ਸਰਕਾਰੀ ਮੁਆਵਜਾ ਰਾਸ਼ੀ ਵਜੋਂ ਪੰਜ ਲੱਖ ਰੁਪਏ ਮਿਲੇ ਸਨ। ਉਨ੍ਹਾਂ ਦੱਸਿਆ ਕਿ ਇਹ ਦੋਨੋਂ ਭੈਣ ਭਰਾ ਵੀ ਉਨ੍ਹਾਂ ਦੇ ਨਾਲ ਪੁਰਾਣੀ ਬੱਸੀ ਦੇ ਬਾਹਰ ਝੁੱਗੀਆਂ 'ਚ ਰਹਿੰਦੇ ਸਨ। ਉਨ੍ਹਾਂ ਦੱਸਿਆ ਕਿ ਅਜੇ ਕੁਮਾਰ 10 ਕੁ ਦਿਨ ਪਹਿਲਾਂ ਮਮਤਾ ਨੂੰ ਆਪਣੇ ਨਾਲ ਲੈ ਕੇ ਪਿੰਡ ਖੰਨੀ ਦੇ ਧਾਰਮਿਕ ਸਥਾਨ ਨਜ਼ਦੀਕ ਆ ਕੇ ਰਹਿਣ ਲੱਗ ਪਿਆ ਸੀ। ਉਨ੍ਹਾਂ ਦੱਸਿਆ ਕਿ ਅਜੇ ਕੁਮਾਰ ਸਰਕਾਰੀ ਮੁਆਲਜ਼ੇ ਦੇ ਸਾਰੇ ਮਿਲੇ ਪੈਸੇ ਹੜੱਪ ਗਿਆ ਸੀ ਤੇ ਪਰਵਾਰਕ ਮੈਂਬਰ ਉਸ ਰਾਸ਼ੀ ਦੇ ਅੱਧੇ ਪੈਸੇ ਮਮਤਾ ਦੇ ਨਾਮ ਲਗਵਾਉਣ ਲਈ ਕਹਿ ਰਹੇ ਸਨ। ਉਨ੍ਹਾਂ ਦੱਸਿਆ ਕਿ ਅਜੇ ਕੁਮਾਰ ਇਹ ਪੈਸੇ ਦੇਣ ਤੋਂ ਆਨਾ ਕਾਨੀ ਕਰਦਾ ਸੀ। ਕੱਲ੍ਹ ਸ਼ਾਮ ਉਨ੍ਹਾਂ ਨੂੰ ਖੰਨੀ ਦੇ ਬਾਹਰ ਖੇਤਾਂ ਵਿੱਚ ਕੰਮ ਕਰਦੇ ਉਨ੍ਹਾਂ ਦੇ ਜਾਣਕਾਰ ਮਜ਼ਦੂਰਾਂ ਨੇ ਫੋਨ 'ਤੇ ਦੱਸਿਆ ਕਿ ਮਮਤਾ ਦੀ ਅਚਾਨਕ ਮੌਤ ਹੋ ਗਈ ਹੈ। ਉਸ ਨੂੰ ਸਿਵਲ ਹਸਪਤਾਲ ਮਾਹਿਲਪੁਰ ਲੈ ਕੇ ਗਏ ਹਨ। ਉਨ੍ਹਾਂ ਦੱਸਿਆ ਕਿ ਜਦੋਂ ਉਨ੍ਹਾਂ ਨੇ ਜਾ ਕੇ ਦੇਖਿਆ ਤਾਂ ਲੜਕੀ ਦੀ ਮੌਤ ਮੁੱਢਲੇ ਤੌਰ 'ਤੇ ਸ਼ੱਕੀ ਜਾਪਦੀ ਸੀ ਅਤੇ ਉਨ੍ਹਾਂ ਦੀ ਭਤੀਜੀ ਦੇ ਕੱਪੜਿਆਂ ਨੂੰ ਖੂਨ ਲੱਗਾ ਸੀ। ਉਨ੍ਹਾਂ ਦੋਸ਼ ਲਾਇਆ ਕਿ ਅਜੇ ਕੁਮਾਰ ਨੇ ਆਪਣੇ ਸਹੁਰਾ ਪਰਵਾਰ ਨਾਲ ਮਿਲ ਕੇ ਲੜਕੀ ਦਾ ਕਤਲ ਕੀਤਾ ਹੈ।

# ਬਰਥਡੇ ਪਾਰਟੀ ਵਿੱਚ ਹਵਾਈ ਫਾਇਰ ਕਰਨ ਵਾਲੇ ਛੇ ਗ੍ਰਿਫਤਾਰ

ਜਲੰਧਰ, 31 ਅਕਤੂਬਰ (ਪੋਸਟ ਬਿਊਰੋ)- ਸ਼ਹਿਰੀ ਪੁਲਸ ਨੇ ਬਰਥ ਡੇਅ ਪਾਰਟੀ 'ਤੇ ਜਾਇਜ਼ ਤੇ ਨਾਜਾਇਜ਼ ਹਥਿਆਰਾਂ ਨਾਲ ਹਵਾਈ ਫਾਇਰ ਕਰਨ ਵਾਲੇ ਏ ਪੀ ਜੇ ਕਾਲਜ ਸਟੂਡੈਂਟ ਯੂਨੀਅਨ ਦੇ ਸਾਬਕਾ ਪ੍ਰਧਾਨ ਗੁਰਿੰਦਰ ਸਿੰਘ ਉਰਫ ਗਗਨ ਸਮੇਤ ਛੇ ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਹੈ। ਦੋਸ਼ੀਆਂ ਦੀ ਪਛਾਣ ਕੋਟ ਸਦੀਕ ਦੇ ਸੁਮਿਤ ਕੁਮਾਰ, ਪਿੰਡ ਅਲੀਪੁਰ ਦੇ ਗਗਨਪ੍ਰੀਤ ਸਿੰਘ ਉਰਫ ਬਾਵਾ, ਮਾਡਲ ਹਾਊਸ ਦੇ ਭਗਤ ਸਿੰਘ ਨਗਰ ਵਾਸੀ ਪ੍ਰਹਿਲਾਦ ਉਰਫ ਸਾਨੂ, ਰਵਿੰ-ਦਰ ਨਗਰ ਫੇਸ-2 ਦੇ ਨਰਿੰਦਰ ਸਿੰਘ ਉਰਫ ਨਵੀ, ਖੁਰਲਾ ਕਿੰਗਰਾ ਦੀ ਪ੍ਰੋਫੈਸਰ ਕਾਲੋਨੀ ਵਾਸੀ ਏ ਪੀ ਜੇ ਕਾਲਜ ਸਟੂਡੈਂਟ ਯੂਨੀਅਨ ਦੇ ਸਾਬਕਾ ਪ੍ਰਧਾਨ ਗੁਰਿੰਦਰ ਸਿੰਘ ਉਰਫ ਗਗਨ ਅਤੇ ਪੰਜਾਬੀ ਬਾਗ ਵਾਸੀ ਜਗੀਰ ਸਿੰਘ ਵਜੋਂ ਹੋਈ ਹੈ। ਦੋਸ਼ੀ ਸੁੱਚਾ ਬਾਕਸਰ ਅਤੇ ਪਿੰਡ ਜਗਰਾਲ ਦਾ ਜਸਕਰਨ ਸਿੰਘ ਉਰਫ ਜੱਸੀ ਫਰਾਰ ਚੱਲ ਰਹੇ ਹਨ।

ਇਸ ਸੰਬੰਧ ਵਿੱਚ ਡੀ ਸੀ ਪੀ ਗੁਰਮੀਤ ਸਿੰਘ ਨੇ ਦੱਸਿਆ ਕਿ ਬੀਤੀ ਦਿਨੀ ਇੱਕ ਵੀਡਿਓ ਸਾਹਮਣੇ ਆਈ ਸੀ, ਜਿਸ 'ਚ ਕੁਝ ਨੌਜਵਾਨ ਇੱਕ ਗਾਣੇ ਉੱਤੇ ਭੰਗੜਾ ਪਾਉਂਦੇ ਹੋਏ ਪਿਸਟਲ ਤੇ ਰਿਵਾਲਵਰ ਨਾਲ ਹਵਾਈ ਫਾਇਰ ਕਰ ਰਹੇ ਸਨ। ਇਸ 1.59 ਮਿੰਟ ਦੀ ਵੀਡਿਓ ਦੀ ਜਾਂਚ ਕਰਨ 'ਤੇ ਪਤਾ ਲੱਗਾ ਕਿ ਸਟੂਡੈਂਟ ਯੂਨੀਅਨ ਦੇ ਸਾਬਕਾ ਪ੍ਰਧਾਨ ਗੁਰਿੰ-ਦਰ ਸਿੰਘ ਉਰਫ ਗਗਨ ਨੇ ਇਹ ਵੀਡਿਓ 25 ਅਕਤੂਬਰ ਨੂੰ ਪਿੰਡ ਜਗਰਾਲ 'ਚ ਜਸਕਰਨ ਸਿੰਘ ਉਰਫ ਜੱਸੀ ਦੇ ਖੇਤ 'ਚ ਬਣੇ ਖੂਹ 'ਤੇ ਲੱਗੀ ਮੋਟਰ 'ਤੇ ਆਪਣੀ ਬਰਥ ਡੇਅ ਪਾਰਟੀ ਮੌਕੇ ਬਣਾਈ ਸੀ। ਵੀਡਿਓ 'ਚ ਚਾਰ ਪਿਸਟਲ ਨਜ਼ਰ ਆ ਰਹੇ ਹਨ। ਨੌਜਵਾਨਾਂ ਨੇ ਹੱਥਾਂ 'ਚ ਸ਼ਰਾਬ ਨਾਲ ਭਰੇ ਗਿਲਾਸ ਫੜੇ ਹਨ ਤੇ ਪੰਜਾਬੀ ਗਾਣਿਆਂ 'ਤੇ ਭੰਗੜਾ ਪਾਉਂਦੇ ਹੋਏ ਹਵਾਈ ਫਾਇਰ ਕਰਦੇ ਹਨ। ਵੀਡਿਓ ਮੁਤਾਬਕ ਉਕਤ ਨੌਜਵਾਨਾਂ ਨੇ ਕੁੱਲ ਅੱਠ ਫਾਇਰ ਕੀਤੇ ਹਨ। ਡੀ ਸੀ ਪੀ ਨੇ ਦੱਸਿਆ ਕਿ ਸੀ ਆਈ ਏ ਸਟਾਫ ਦੇ ਇੰਚਾਰਜ ਐਸ ਆਈ ਹਰਮਿੰਦਰ ਸਿੰਘ ਅਤੇ ਥਾਣਾ ਸਦਰ ਦੇ ਐਸ ਐਚ ਓ ਰੇਸ਼ਮ ਸਿੰਘ ਨੇ ਜਾਂਚ ਕਰਕੇ ਸਾਰੇ ਦੋਸ਼ੀਆਂ ਦਾ ਪਤਾ ਲਾਇਆ ਤੇ ਪਿੰਡ ਅਲੀਪੁਰ ਦੇ ਪਾਲਮ ਵਿਹਾਰ ਕੋਲੋਂ ਗ੍ਰਿਫਤਾਰ ਕੀਤਾ ਹੈ।

# ਰਾਸ਼ਟਰਪਤੀ ਡੋਨਾਲਡ ਟਰੰਪ ਦੇ ਖਿਲਾਫ ਮਹਾ ਦੋਸ਼ ਦੀ ਵੋਟਿੰਗ ਨੂੰ ਹਾਊਸ ਨੇ ਰਸਮੀ ਰੂਪ ਦਿੱਤਾ

### * ਟਰੰਪ ਨੇ ਸੁਣਵਾਈ ਵੇਲੇ ਰਿਪਬਲਿਕਨ ਮੈਂਬਰਾਂਤੋਂ ਸਾਥ ਮੰਗਿਆ



ਵਾਸ਼ਿੰਗਟਨ, 31 ਅਕਤੂਬਰ, (ਪੋਸਟ ਬਿਊਰੋ)-ਅਮਰੀਕਾ ਦੇ ਹਾਊਸ ਆਫ ਰਿਪ੍ਰੇਜ਼ੈਂਟੇਟਿਵਸ (ਪ੍ਰਤੀਨਿਧ ਸਭਾ) ਨੇ ਇਸ ਦੇਸ਼ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਖਿਲਾਫ ਮਹਾਦੋਸ਼ ਦੀ ਪ੍ਰਕਿਰਿਆ ਨੂੰ ਇਤਿਹਾਸਕ ਵੋਟਿੰਗ ਕਰ ਕੇਰਸਮੀ ਰੂਪ ਨਾਲ ਸ਼ੁਰੂ ਕਰ ਦਿੱਤਾ ਹੈ, ਜਿਸ ਵਿੱਚ ਟਰੰਪ ਨੂੰ ਪਹਿਲਾ ਝਟਕਾ ਲੱਗ ਗਿਆ ਹੈ।

ਖਬਰ ਏਜੰਸੀ ਏ ਐੱਫ ਪੀ ਦੇ ਮੁਤਾ-ਬਕ ਅਮਰੀਕੀ ਕਾਂਗਰਸ ਦੇ ਹੇਠਲੇ ਸਦਨ ਪ੍ਰਤੀਨਿਧੀ ਸਭਾ ਨੇ ਰਾਸ਼ਟਰਪਤੀ ਟਰੰਪ ਦੀ ਮੁਸੀਬਤ ਵਧਾਉਂਦੇ ਹੋਏ ਉਨ੍ਹਾਂ ਦੇ ਖਿਲਾਫ ਮਹਾਦੋਸ਼ ਦੀ ਪ੍ਰਕਿਰਿਆ ਉੱਤੇ ਵੋਟਿੰਗ ਕਰਾਉਣ ਲਈ ਰਸਮੀ ਰੂਪ ਦੇ ਦਿੱਤਾ ਹੈ। ਇਸ ਪ੍ਰਕਿਰਿਆ ਨੂੰ 196 ਦੇ ਮੁਕਾਬਲੇ 232 ਵੋਟਾਂ ਨਾਲ ਮਨਜ਼ੂਰੀ ਦਿੱਤੀ ਗਈ ਹੈ, ਜਿਸ ਨਾਲ ਟਰੰਪ ਦੇ ਵਕੀਲਾਂ ਨੂੰ ਗਵਾਹਾਂ ਤੋਂਸਵਾਲ ਕਰਨ ਦਾ ਮੌਕਾ ਵੀ ਮਿਲੇਗਾ। ਇਸ ਬਾਰੇ ਸਦਨ ਦੀ ਸਪੀਕਰ ਨੈਨਸੀ ਪਲੋਸੀ ਨੇ ਰਸਮੀ ਐਲਾਨ ਵੀ ਕਰ ਦਿੱਤਾ ਹੈ ਅਤੇ ਇੱਕ ਤਰ੍ਹਾਂ ਇਹ ਪ੍ਰਕਿਰਿਆ ਚੱਲ ਪਈ ਹੈ।

ਪ੍ਰਤੀਨਿਧੀ ਸਭਾ ਤੋਂ ਮਹਾਦੋਸ਼ ਵਾਲੀ ਮਨਜ਼ੂਰੀ ਮਿਲਣ ਪਿੱਛੋਂ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਟਵੀਟ ਕਰਦਿਆਂ ਇੱਕ ਪੋਸਟ ਵਿੱਚ ਕਿਹਾ ਹੈ ਕਿ ਮਹਾਦੋਸ਼ ਕਾਰਨਸਾਡੀ ਸਟਾਕ ਮਾਰਕੀਟ ਨੂੰ ਨੁਕਸਾਨ ਹੋ ਰਿਹਾ ਹੈ। ਡੈਮੋਕ੍ਰੇਟ ਮੈਂਬਰਾਂ ਨੂੰ ਇਸ ਕਾਰਵਾਈ ਦੀ ਕੋਈਪ੍ਰਵਾਹ ਨਹੀਂ,ਇਹ ਅਮਰੀਕੀ ਇਤਿਹਾਸ ਵਿਚ ਸਭ ਤੋਂ ਵੱਡੀ ਬਦਲੇ ਦੀ ਕਾਰਵਾਈ ਹੈ।

ਵਰਨਣ ਯੋਗ ਹੈ ਕਿ ਡੋਨਾਲਡ ਟਰੰਪ ਉੱਤੇ ਆਪਣੇ ਵਿਰੋਧੀ ਡੈਮੋਕਰੇਟਿਕ ਪਾਰਟੀ ਦੇ ਸੰਭਾਵੀ ਉਮੀਦਵਾਰ ਜੋਅ ਬਿਡੇਨ ਅਤੇ ਉਨ੍ਹਾਂ ਦੇ ਪੁੱਤਰ ਦੇ ਖਿਲਾਫ ਯੂਕ੍ਰੇਨੀ ਗੈਸ ਕੰਪਨੀ ਬੁਰਿਸ਼ਮਾਦੇ ਭ੍ਰਿਸ਼ਟਾਚਾਰ ਦੇ ਕੇਸ ਦੀ ਜਾਂਚ ਲਈ ਯੂਕ੍ਰੇਨਸਰਕਾਰ ਉੱਤੇ ਦਬਾਅ ਪਾਉਣ ਅਤੇ ਅਜਿਹਾ ਨਾ ਕਰਨ ਉਤੇ ਫੌਜੀ ਮਦਦ ਰੋਕਣ ਦੀ ਧਮਕੀ ਦੇਣ ਦਾ ਦੋਸ਼ ਹੈ। ਟਰੰਪ ਨੇ ਇਨ੍ਹਾਂ ਦੋਸ਼ਾਂ ਦਾ ਕਈ ਵਾਰ ਖੰਡਨ ਕੀਤਾ ਹੋਇਆ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੇ ਵਿਰੁੱਧ ਮਹਾਦੋਸ਼ ਜਾਂਚ ਨੂੰ ਜਨਤਕ ਸੁਣਵਾਈ ਵੱਲ ਲਿਜਾਣ ਦੇ ਡੈਮੋਕ੍ਰੇਟਸ ਦੇ ਯਤਨਾਂ ਦੌਰਾਨਅੱਜ ਰਿਪਬਲਿਕਨ ਪਾਰਲੀਮੈਂਟ ਮੈਂਬਰਾਂ ਨੂੰ ਆਪਣੇ ਨਾਲ ਖੜੇ ਰਹਿਣ ਨੂੰ ਕਿਹਾ ਹੈ। ਫੌਜੀ ਮਦਦ ਦੇਣ ਬਦਲੇ ਵਿਚ ਯੂਕ੍ਰੇਨ ਤੋਂਸਾਲ 2020 ਦੀਆਂ ਚੋਣਾਂ ਵਿੱਚਫਿਰ ਜਿੱਤਣ ਲਈ ਮਦਦ ਮੰਗਣ ਦੇ ਦੋਸ਼ ਵਿੱਚ ਟਰੰਪ ਅਮਰੀਕਾ ਦੇ ਇਤਿਹਾਸ ਵਿੱਚ ਮਹਾਦੋਸ਼ ਦਾ ਸਾਹਮਣਾ ਕਰਨ ਵਾਲੇ ਇਹ ਤੀਜੇ ਰਾਸ਼ਟਰਪਤੀ ਹੋ ਸਕਦੇ ਹਨ। ਮਹਾਂਦੋਸ਼ ਦੀ ਇਸ ਜਾਂਚ ਦੇ ਅਗਲੇ ਪੜਾਅ ਵਿੱਚ ਹਾਊਸ ਇੰਟੈਲੀਜੈਂਸ ਕਮੇਟੀ ਵਿੱਚ ਖੁੱਲ੍ਹੀ ਸੁਣਵਾਈ ਹੋਵੇਗੀ। ਇਸ ਵਿੱਚ ਗਵਾਹ ਤੇ ਦਸਤਾਵੇਜ਼ੀ ਸਬੂਤ ਪੇਸ਼ ਕੀਤੇ ਜਾਣਗੇ ਅਤੇ ਟਰੰਪ ਦੀ ਧਿਰ ਨੂੰ ਇਨ੍ਹਾਂ ਸਬੂਤਾਂ ਨੂੰ ਚੁਣੌਤੀ ਦੇਣ ਦੀ ਇਜਾਜ਼ਤ ਮਿਲੇਗੀ। ਇਸ ਪਿੱਛੋਂ ਮਾਮਲਾ ਹਾਊਸ ਜੁਡੀਸ਼ਲ ਕਮੇਟੀ ਵਿੱਚ ਜਾਵੇਗਾ, ਜਿੱਥੇ ਟਰੰਪ ਅਤੇ ਉਨ੍ਹਾਂ ਦੇ ਵਕੀਲ ਸਬੂਤਾਂ ਨੂੰ ਚੁਣੌਤੀ ਦੇਣਗੇ। ਜੇ ਟਰੰਪ ਖਿਲਾਫ ਕੇਸ ਵਿੱਚ ਮਜ਼ਬੂਤੀ ਪਾਈ ਗਈ ਤਾਂ ਕਮੇਟੀ ਇਸ ਦੇ ਖਿਲਾਫ ਦੋਸ਼-ਮਹਾਦੋਸ਼ ਬਾਰੇਰਸਮੀ ਧਾਰਾ ਤੈਅ ਕਰੇਗੀ, ਜਿਸ ਉੱਤੇ ਪੂਰਾ ਸਦਨ ਵੋਟਿੰਗ ਕਰੇਗਾ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd.

Seema Bhayana

iccrc

Ph: 905 452 0000, 905 452 9999

180 Wilkinson Road, Unit 18 Brampton, ON L6T 4M3

Fax: 905 452 9996 Email: macroglobal@rogers.com

www.macroimmigration.com

**Paramjit Deol** Broker **CELL: 416-993-7378**

7071 Airport Rd, Suit 201, Mississauga, ON

1. For top dollars, fast sale, Call Paramjit Deol
2. New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.

Tel:905-405-8484

www.paramjitdeol.com

Email: pdeol3@yahoo.ca

Your neighborhood broker, Call Paramjit Deol Today

**South Dundas $299,000** — 23 Plaza Dr: Commercial Unit For Sale, Former Bmo Bank For Past 50 Years. Approx. 4500 Sq Ft, Freehold Unit Which Means No Condo Fees. Many Uses Available, Great Investment Opportunity, Located In A Huge Plaza With Great Anchor Tenants, Such As Lcbo, Rbc Bank, Circle K, Foodland & More.

**COBOURG $349,000** — Durham/King : 3 Bedroom Semi In The Heart Of Downtown Cobourg, Very Close To The Lake And Downtown. Clean Property With Private Driveway And Nice Size Backyard. Move In Ready.

**MISSISSAUGA $399,000** — Photo Not Available — 777 Dundas St W: Well Established Franchise Opportunity For Automotive Business In Mississauga, 10 Years At Same Location, Sales Are 1.2M Per Year, Great Net Profits, 5 Bays,6 Hoist,, Long Term Lease, Upto 25 Car Parking, Ideal For Car Sales.

**SHELBURNE $399,999** — Centre/Jelly: This Beautifully Renovated Home Comes With 5 Bedrooms And 2 And 1/2 Half Bathroom. Finished Basement Come With Electric Water Heater As Well As A Gas Line That You Can Connect If You Need The Extra Heat. Laminated Flooring Throughout The House Except For The Stairs Going Up.

**TORONTO $435,000** — Kingston/Guildwood: Open Concept 2 Bedroom And 2 Bath Bright And Spacious Unit With Fabulous Floor To Ceiling Windows, Convenient Ensuite Laundry, Gym, Indoor Pool, Sauna, Party Room, Security. Guildwood Go Station Nearby.Steps To Conservation Area Trail.

**BRAMPTON $459,000** — 7800 Hurontario : Well Established Franchise Opportunity, Sales Of $50K P/M Galito's Chicken, Authentic South African Restaurant, Surrounded By Thousands Of Homes, Businesses & Industrial Areas, Great Exposure.High Density Traffic Flow Daily.

**BRANTFORD $499,000** — 639 Colborne St W: Land For Sale! Amazing Opportunity For Investors, 1.4 Acres Land Huge Frontage Of 321.81 Facing Colborne St W, Many Uses Allowed Some Are Veterinary Clinic, Nursery & Garden Centre, Medical Marijuana Productions Facility Car Wash, Lumber Mill, Contractor Yard.

**VAUGHAN $643,000** — Jane St & Hwy 7: Assignment Sale In Nord & West Condos, 851 Sq Ft With One Locker & One Parking. 1 Minute Walk To New Vaughan Subway Station, 5 Mins To York University.

**BRAMPTON $649,000** — Photo Not Available — Bruce Beer & Williams Pkwy: Fabulous Detach Backsplit 5 Level, Fully Renovated Top-To-Bottom. This Home Offers 3 Huge Sized Bedrooms, Fully Upgraded Kitchen, Big Size Living/Dining/Family Room. Brand New Appliances, Finished Basement, Fully Landscaped, Close To All amenities.

**BRAMPTON $655,000** — Bovaird/ Heart Lake : Beautiful Townhouse In Prestigious Golf Courses & Park Community! Modern Open Concept. Bright Spacious Model Finished Living Space, 3 Bedroom & 4 Bathroom Featuring A Master Ensuite.

**OSHAWA $659,000** — Photo Not Available — Simcoe St/Highway 407 : Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407, U Of O Durham College, Public Transit

**TORONTO $899,900** — Kennedy & Kingston: Attention Builders, Renovators & Contractors! Finish To Your Taste! Includes Full Set Of Building Plans & Approved Building Permit For Immediate Development Of A Stunning 2100 Sq Ft Home+Garage, Open Concept Main Floor W/10 Ft Ceilings, 4 Bedroom, 4 Baths.

**BRAMPTON $899,900** — Edenbrook Hill/Sandalwood Pkwy: This Home Feats Traditional European Style & Tasteful Decor. The Open Concept Main Flr Has Hrwd Flrs, Wainscoting, Designer Light Fixtures. Family-Sized Kitchen Is Fitted With Centre Island, Ss Appliances & Marble Backsplash. Finished Basement Apartments.

**Mississauga $1,995,000** — Qew And Hurontario:Beautiful Lot In Mineola Ready For Construction Today. All Permits Complete And Fully Paid. All Approvals Stamped By Region Of Peel And The City Of Mississauga. Plans For A Just Under 6000 Sq Ft Home .

**TORONTO $2,249,000** — Glencairn And Bathurst: A Custom Built 3,300 Sqft Home 4+2 Bdrms Meticulously Maintained. Steps To Ttc/Subway, All Amenities. Nestled In A Prime Pocket Of Toronto's Upper End Homes. Spacious Main Flr W/ 10 Ft Ceilings, 9 Ft Ceilings On Top Flr,

**TORONTO $3,537,500** — 2010 Kipling Ave: Coin Car Wash Built In 2009, Modern 8 Bays. Prime Location, High Traffic Area, Near Ttc & Main Major Highways. Large Lot 24,408 Sq Ft. Coin Car Wash Cash Business On Developed Land.Central Location With Neighbors.

*Canadian punjabi post assumes no responsibility for the accuracy of any information shown. Copyright Ppost 2019

# ਲਾਈਫ ਸਰਟੀਫਿਕੇਟ 10 ਨਵੰਬਰ ਨੂੰ ਜਾਰੀ ਹੋਣਗੇ

ਬਰੈਂਪਟਨ: (ਬਲਬੀਰ ਮੋਮੀ) ਸਿੱਖ ਹੈਰੀਟੇਜ ਸੈਂਟਰ ਗੁਰਦਵਾਰਾ ਸਾਹਿਬ ਦੇ ਸੇਵਾਦਾਰ ਅਜੀਤ ਸਿੰਘ ਬਾਵਾ ਵੱਲੋਂ ਸੂਚਨਾ ਮਿਲੀ ਹੈ 10 ਨਵੰਬਰ, 2019 ਦਿਨ ਐਤਵਾਰ ਨੂੰ ਭਾਰਤੀ ਮੂਲ ਦੇ ਕੈਨੇਡਾ ਵਸਦੇ ਲੋਕਾਂ ਖਾਸਕਰ ਪੈਨਸ਼ਨਰਜ਼ ਨੂੰ ਕੌਂਸਲੇਟ ਜਨਰਲ ਆਫ ਇੰਡੀਆ ਵੱਲੋਂ ਲਾਈਵ ਸਰਟੀਫਿਕੇਟ ਜਾਰੀ ਕੀਤੇ ਜਾਣਗੇ। ਇਹ ਕਾਰਜ ਸਵੇਰੇ 10 ਵਜੇ ਤੋਂ ਸ਼ੁਰੂ ਹੋ ਕੇ ਸ਼ਾਮ ਦੇ ਚਾਰ ਵਜੇ ਤਕ ਚਲੇਗਾ। ਲਾਈਫ ਸਟੀਫਿਕੇਟ ਫਾਰਮ ਗੁਦਵਾਰਾ ਸਾਹਿਬ ਵਿਖੇ ਹਰ ਸਮੇਂ ਉਪਲਭਦ ਹਨ। ਇਹ ਕੰਮ ਬਗੈਰ ਕਿਸੇ ਫੀਸ ਦੇ 10 ਨਵੰਬਰ, 2019 ਦਿਨ ਐਤਵਾਰ ਨੂੰ ਹੋਵੇਗਾ। ਇਸ ਲਾਈਫ ਸਟੀਫਿਕੇਟ ਲਈ ਆਪਣਾ ਪਾਸਪੋਰਟ, ਡਰਾਈਵਿੰਗ ਲਾਈਸੰਸ ਜਾਂ ਹੋਰ ਫੋਟੋ ਆਈ ਡੀ ਲੈ ਕੇ ਔਣਾ ਚਾਹੀਦਾ ਹੈ। ਸਿੱਖ ਹੈਰੀਟੇਜ ਸੈਂਟਰ ਗੁਰਦਵਾਰਾ 11796 ਏਅਰਪੋਰਟ ਰੋਡ, ਬਰੈਂਪਟਨ ਵਿਖੇ ਸਥਿਤ ਹੈ ਅਤੇ ਇਸ ਦਾ ਮੇਨ ਇੰਟਰਸੈਕਸ਼ਨ ਏਅਰਪੋਰਟ ਰੋਡ ਅਤੇ ਮੇਫੀਲਡ ਰੋਡ ਹੈ। ਹੋਰ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ: ਅਜੀਤ ਸਿੰਘ ਬਾਵਾ 416-258-2167 ਜਾਂ ਗੁਰਦਾਵਰਾ ਸਿੱਖ ਹੈਰੀਟੇਜ ਸੈਂਟਰ 905-789-5955 (ਜਾਗੀਰ ਸਿੰਘ ਥਿਆੜਾ)। ਚੇਤੇ ਰਹੇ ਕਿ ਬਰੈਂਪਟਨ ਟਰਾਂਜ਼ਿਟ ਦੀ ਬਸ ਨੰਬਰ 30 ਗੁਰਦਵਾਰਾ ਸਾਹਿਬ ਵਿਖੇ ਆਉਂਦੀ ਹੈ।

# ਤਾਸ਼ ਦੇ ਮੁਕਾਬਲੇ 3 ਨਵੰਬਰ ਨੂੰ

ਤਾਸ਼ (ਸਵੀਪ ) ਦੇ ਮੁਕਾਬਲੇ ਕਰਵਾਉਣ ਲਈ ਤਾਂਸ਼ ਟੂਰਨਾਂਮੈਂਟ ਦੇ ਪਰਬੰਧਕਾਂ ਵਲੋਂ ਜਾਣਕਾਰੀ ਦਿਤੀ ਗਈ ਕਿ 3 ਨਵੰਬਰ ਦਿਨ ਐਤਵਾਰ ਨੂੰ 2250 bovaired dr ( green building ) ਵਿਖੇ ਸਵੀਪ ਦੇ ਮੈਚ ਕਰਵਾਏ ਜਾਣਗੇ । ਐਂਟਰੀਆਂ 11.00 ਤੋਂ 11.30 ਵਜੇ ਤਕ ਹੋਣਗੀਆਂ ਅਤੇ ਸਹੀ 12 ਵਜੇ ਮੈਚ ਸ਼ੁਰੂ ਹੋ ਜਾਣਗੇ । ਐਟਰੀ ਫੀਸ 10 ਡਾਲਰ ਹੋਵੇਗੀ । ਚਾਹ ਪਾਣੀ ਦਾ ਪੂਰਾ ਪ੍ਰਬੰਧ ਹੋਵੇਗਾ ਅਤੇ ਜੇਤੂ ਖਿਡਾਰੀਆਂ ਨੂੰ ਨਕਦ ਇਨਾਮ ਦਿਤੇ ਜਾਣਗੇ। ਸਵੀਪ ਦੇ ਸਾਰੇ ਖਿਡਾਰੀਆਂ ਨੂੰ ਮੁਕਾਬਲਿਆਂ ਵਿਚ ਭਾਗ ਲੈਣ ਲਈ ਖੁਲਾ ਸਦਾ ਦਿਤਾ ਜਾਂਦਾ ਹੈ ਜੀ । ਇਸ ਸਬੰਧ ਵਿਚ ਹੋਰ ਜਾਣਕਾਰੀ ਲਈ ਤਰਸੇਮ ਸਿੰਘ ਜੋਹਲ ( 647 766 1477 ) ਅਤੇ ਦੀਪਾ (647 702 6697 ) ਨਾਲ ਸੰਪਰਕ ਕੀਤਾ ਜਾ ਸਕਦਾ ਹੈ । ਸਮੇਂ ਦੇ ਪਾਬੰਦ ਰਹਿਣ ਦੀ ਬੇਨਤੀ ਕੀਤੀ ਜਾਂਦੀ ਹੈ ਜੀ।

# 'ਸੁਦੀਮਾ ਹੋਟਲ ਲੜੀ' ਨਿਊਜ਼ੀਲੈਂਡ ਨੂੰ ਦੇਸ਼ ਦਾ ਪਹਿਲਾ 'ਕਾਰਬਨ ਜ਼ੀਰੋ ਸਰਟੀਫਾਈਡ' ਐਵਾਰਡ

ਔਕਲੈਂਡ 31 ਅਕਤੂਬਰ (ਹਰਜਿੰਦਰ ਸਿੰਘ ਬਸਿਆਲਾ)-ਨਿਊਜ਼ੀਲੈਂਡ ਦੇ ਵਿਚ ਪਿਛਲੇ 20 ਕੁ ਸਾਲਾਂ ਦੇ ਵਿਚ ਭਾਰਤੀ ਮੂਲ ਦੇ ਸ੍ਰੀ ਸੁਦੇਸ਼ ਝੁਨਝੁਨਵਾਲਾ ਹੋਟਲ ਉਦਯੋਗ ਨੂੰ ਨਵੀਂ ਦਿਸ਼ਾ ਦੇ ਦਿੱਤੀ ਹੈ। ਜਿੱਥੇ ਉਸਨੇ 2 ਤੋਂ 6 ਹੋਟਲ ਬਣਾ ਕੇ ਦੇਸ਼ ਦੇ ਆਰਥਿਕ ਢਾਂਚੇ ਵਿਚ ਵੱਡਾ ਯੋਗਦਾਨ ਪਾਇਆ ਉਥੇ ਦੇਸ਼ ਦੇ ਟੂਰਿਜ਼ਮ ਵਿਭਾਗ ਵੱਲੋਂ 'ਸੁਦੀਮਾ ਹੋਟਲ' ਲੜੀ ਨੂੰ ਦੇਸ਼ ਦਾ ਪਹਿਲਾ 'ਕਾਰਬਨ ਜ਼ੀਰੋ ਸਰਟੀਫਾਈਡ' ਐਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ ਹੈ। ਇਹ ਐਵਾਰਡ ਮਿਲਣ 'ਤੇ ਸ੍ਰੀ ਸੁਦੇਸ਼ ਝੁਨਝੁਨਵਾਲਾ ਕਾਫੀ ਖੁਸ਼ ਮਹਿਸੂਸ ਕਰ ਰਹੇ ਹਨ। ਇਸ ਵੇਲੇ ਤਿੰਨ ਹੋਟਲਾਂ ਨੂੰ ਇਨਵਾਇਰੋ-ਮਾਰਕ ਸਲੂਸ਼ਨ ਕੰਪਨੀ ਵੱਲੋਂ ਕਾਰਬਨਜ਼ੀਰੋ ਸਰਟੀਫਿਕੇਟ ਮਿਲ ਚੁੱਕਾ ਹੈ ਅਤੇ ਨਵੇਂ ਬਣ ਰਹੇ ਹੋਟਲਾਂ ਲਈ ਵੀ ਪ੍ਰਬੰਧ ਕੀਤਾ ਜਾ ਰਿਹਾ ਹੈ। ਸੁਦੀਮਾ ਹੋਟਲ 2001 ਦੇ ਵਿਚ ਕ੍ਰਾਈਸਟਚਰਚ ਏਅਰਪੋਰਟ ਹੋਟਲ ਅਤੇ ਰੋਟੋਰੂਆ ਹੋਟਲ ਦੇ ਨਾਲ ਸ਼ੁਰੂ ਹੋਇਆ ਸੀ। ਇਸ ਤੋਂ ਬਾਅਦ ਔਕਲੈਂਡ ਏਅਰਪੋਰਟ ਦੇ ਕੋਲ

### 20 ਸਾਲਾਂ ਦੇ ਵਿਚ ਦੋ ਤੋਂ ਵਧਾ ਕੇ ਕੀਤੇ 6 ਹੋਟਲ

2011 ਦੇ ਵਿਚ ਤੀਜਾ ਅਤੇ ਕ੍ਰਾਈਸਟਚਰਚ ਸਿਟੀ ਦੇ ਵਿਚ ਚੌਥਾ ਹੋਟਲ ਖੋਲ੍ਹਿਆ ਗਿਆ। ਪੰਜਵਾਂ ਹੋਟਲ ਸਕਾਈ ਸਿਟੀ ਦੇ ਨੇੜੇ ਔਕਲੈਂਡ ਵਿਖੇ ਖੋਲ੍ਹਿਆ ਜਾਵੇਗਾ ਅਤੇ ਛੇਵਾਂ 2020 ਦੇ ਅਖੀਰ ਵਿਚ ਕਾਇਕੋਰੂਆ ਵਿਖੇ ਖੋਲ੍ਹਿਆ ਜਾਵੇਗਾ। ਭਾਰਤੀ ਦਾ ਮੂਲ ਦਾ ਇਹ ਪਰਿਵਾਰ ਪਹਿਲਾਂ ਬਰਮਾ ਦੇ ਵਿਚ ਕੱਪੜਾ ਬਨਾਉਣ ਦਾ ਬਿਜ਼ਨਸ ਕਰਦਾ ਸੀ, ਘੜੀਆਂ ਬਨਾਉਣ ਦਾ ਕੰਮ ਹਾਂਗਕਾਂਗ ਅਤੇ ਹੁਣ ਪ੍ਰਾਪਰਟੀ ਦੇ ਵਿਚ ਹੈ। ਸ੍ਰੀ ਸੁਦੇਸ਼ ਦੇ ਦਾਦਾ ਬੀਰਾਜਲਾਲ ਝੁਨਝੁਨਵਾਲਾ ਬਰਮਾ ਦੇ ਰੰਗੂਨ ਵਿਖੇ 1918 ਵਿਚ ਚਲੇ ਗਏ ਸਨ। 1940 ਦੇ ਵਿਚ ਮਾਇਨਮਾਰ ਦੀ 85% ਕੱਪੜਾ ਉਦਯੋਗ ਇਸ ਪਰਿਵਾਰ ਕੋਲ ਆ ਗਿਆ ਸੀ। ਦੂਸਰੀ ਸੰਸਾਰ ਜੰਗ ਵੇਲੇ ਇਸ ਪਰਿਵਾਰ ਨੂੰ ਬਰਮਾ ਛੱਡਣਾ ਪਿਆ ਤੇ ਵਾਪਿਸ ਭਾਰਤ ਮੁੜਨਾ ਪਿਆ। ਲੜਾਈ ਖਤਮ ਹੋਣ ਬਾਅਦ ਉਹ ਦੁਬਾਰਾ ਬਰਮਾ ਗਏ, ਹਾਂਗਕਾਂਗ



ਦਫਤਰ ਖੋਲ੍ਹਿਆ ਸਿੰਗਾਪੋਰ ਦਫਤਰ ਖੋਲ੍ਹਿਆ ਅਤੇ ਜਾਇਦਾਦਾਂ ਵਿਚ ਪੈਸਾ ਲਾਇਆ। 1962 ਦੇ ਵਿਚ ਇਸ ਪਰਿਵਾਰ ਨੇ ਬਰਮਾ ਦੀ ਸਾਰੀ ਜਾਇਦਾਦ ਮਿਲਟਰੀ ਦੇ ਰਾਜ ਦੌਰਾਨ ਨੁਕਸਾਨ ਕਰਵਾ ਲਈ। 1968 ਵਿਚ ਉਹ ਕਠਮੰਡੂ ਚਲੇ ਗਏ ਤੇ 1976 ਵਿਚ ਹਾਂਗਕਾਂਗ। 2001 ਤੋਂ ਇਹ ਪਰਿਵਾਰ ਨਿਊਜ਼ੀਲੈਂਡ ਦੇ ਵਿਚ ਹੈ। ਹਿੰਦ ਗਰੁੱਪ ਕੰਪਨੀ ਅਧੀਨ ਸਾਰੀ ਪ੍ਰਾਪਰਟੀਜ਼ ਅਤੇ ਮੈਨੇਜਮੈਂਟ ਨੂੰ ਵੇਖਿਆ ਜਾਂਦਾ ਹੈ। ਕ੍ਰਾਈਸਟਰਚ ਏਅਰਪੋਰਟ ਦੇ ਨੋਵੋਟੈਲ ਹੋਟਲ ਨੂੰ ਵੀ ਹਿੰਦ ਮੈਨੇਜਮੈਂਟ ਚਲਾਏਗੀ ਜਦ ਕਿ ਉਸਦਾ ਮਾਲਕ ਕ੍ਰਾਈਸਟਚਰਚ ਏਅਰਪੋਰਟ ਹੋਵੇਗਾ।

ਹੈਰਾਨ ਦੀ ਗੱਲ ਹੈ ਭਾਰਤੀਆਂ ਦਾ ਇਸ ਦੇਸ਼ ਦੇ ਵਿਚ ਐਡੇ ਪੱਧਰ ਉਤੇ ਪੈਸਾ ਲਗ ਰਿਹਾ ਹੈ, ਵੱਡੇ ਉਦਯੋਗ ਸਥਾਪਿਤ ਹੋ ਰਹੇ ਹਨ, ਸਰਕਾਰ ਐਵਾਰਡ ਵੀ ਦੇ ਰਹੀ ਹੈ, ਪਰ ਇਸਦੇ ਬਾਵਜੂਦ ਭਾਰਤੀਆਂ ਨੂੰ ਲੈ ਕੇ ਨਸਲੀ ਟਿਪਣੀਆਂ ਵੀ ਕੀਤੀਆਂ ਜਾ ਰਹੀਆਂ ਹਨ। ਅਜਿਹੇ ਬਿਆਨ ਦੇਣ ਵਾਲੇ ਮੰਤਰੀਆਂ ਦਾ ਕੀ ਹੱਲ ਹੋ ਸਕਦਾ?

# ਬੇਅਦਬੀ ਮਾਮਲਾ: ਅਦਾਲਤ 'ਚ ਸਾਬਕਾ ਵਿਧਾਇਕ ਜਲਾਲ ਦੀ ਅਰਜ਼ੀ 'ਤੇ ਬਹਿਸ

ਮੁਹਾਲੀ, 31 ਅਕਤੂਬਰ (ਪੋਸਟ ਬਿਊਰੋ)- ਅਕਾਲੀ ਭਾਜਪਾ ਸਰਕਾਰ ਦੇ ਦੌਰਾਨ ਵਾਪਰੇ ਬੇਅਦਬੀ ਦੇ ਮਾਮਲਿਆਂ ਬਾਰੇ ਕੱਲ੍ਹ ਮੁਹਾਲੀ ਵਿੱਚ ਸੀ ਬੀ ਆਈ ਦੇ ਵਿਸ਼ੇਸ਼ ਜੱਜ ਜੀ ਐਸ ਸੇਖੋਂ ਦੀ ਅਦਾਲਤ ਵਿੱਚ ਸੁਣਵਾਈ ਦੌਰਾਨ ਰਾਮਪੁਰਾ ਫੂਲ ਹਲਕੇ ਤੋਂ ਸਾਬਕਾ ਵਿਧਾਇਕ ਹਰਬੰਸ ਸਿੰਘ ਜਲਾਲ ਦੀ ਅਰਜ਼ੀ ਉਤੇ ਬਹਿਸ ਹੋਈ। ਇਸ ਮੌਕੇ ਪੰਜਾਬ ਸਰਕਾਰ ਵੱਲੋਂ ਪੇਸ਼ ਹੋਏ ਸਰਕਾਰੀ ਵਕੀਲ ਸੰਜੀਵ ਬੱਤਰਾ ਅਤੇ ਸੀ ਬੀ ਆਈ ਦੇ ਵਕੀਲ ਅਤੇ ਜਾਂਚ ਅਧਿਕਾਰੀ ਸਣੇ ਤਿੰਨੇ ਸ਼ਿਕਾਇਤ ਕਰਤਾਵਾਂ ਦੇ ਵਕੀਲਾਂ ਨੇ ਜਲਾਲ ਦਾ ਇਸ ਕੇਸ ਵਿੱਚ ਧਿਰ ਬਣਨ ਦਾ ਵਿਰੋਧ ਕਰਦਿਆਂ ਕਿਹਾ ਕਿ ਉਨ੍ਹਾਂ (ਜਲਾਲ) ਨੂੰ ਇਸ ਮਾਮਲੇ ਵਿੱਚ ਧਿਰ ਬਣਨ ਦਾ ਕੋਈ ਹੱਕ ਹੀ ਨਹੀਂ ਹੈ।

ਸਰਕਾਰੀ ਵਕੀਲ ਸੰਜੀਵ ਬੱਤਰਾ ਨੇ ਅਦਾਲਤ ਵਿੱਚ ਕਿਹਾ ਕਿ ਪੰਜਾਬ ਸਰਕਾਰ ਨੇ ਬੇਅਦਬੀ ਕੇਸ ਬਾਰੇ ਵਿਸ਼ੇਸ਼ ਜਾਂਚ ਟੀਮ ਦਾ ਗਠਨ ਜਦੋਂ ਕੀਤਾ ਸੀ, ਉਦੋਂ ਸਾਬਕਾ ਵਿਧਾਇਕ ਜਲਾਲ ਜਾਂਚ ਟੀਮ ਸਾਹਮਣੇ ਕਿਉਂ ਨਹੀਂ ਆਏ। ਸੀ ਬੀ ਆਈ ਦੇ ਵਕੀਲ ਨੇ ਕਿਹਾ ਕਿ ਜਲਾਲ ਨੂੰ ਇਸ ਕੇਸ ਵਿੱਚ ਇਸ ਵੇਲੇ ਧਿਰ ਬਣਾਉਣ ਦੀ ਕੋਈ ਤੁਕ ਨਹੀਂ। ਸ਼ਿਕਾਇਤ ਕਰਤਾਵਾਂ ਦੇ ਵਕੀਲਾਂ ਨੇ ਕਿਹਾ ਕਿ ਜਲਾਲ ਦਾ ਧਿਰ ਬਣਨਾ ਸਿਰਫ ਸਿਆਸੀ ਸਟੰਟ ਹੈ। ਦੂਸਰੇ ਪਾਸੇ ਸਾਬਕਾ ਵਿਧਾਇਕ ਜਲਾਲ ਨੇ ਅਦਾਲਤ ਵਿੱਚ 19 ਪੰਨਿਆਂ ਦੀ ਨਵੀਂ ਅਰਜ਼ੀ ਦੇ ਕੇ ਪੰਜਾਬ ਸਰਕਾਰ, ਸੀ ਬੀ ਆਈ ਅਤੇ ਅਕਾਲ ਤਖਤ ਦੇ ਸਾਬਕਾ ਜਥੇਦਾਰ ਖਿਲਾਫ ਕਰੀਬ 110 ਪੁਆਇੰਟਾਂ ਨੂੰ ਅੰਡਰ ਲਾਈਨ ਕਰਕੇ ਟਿੱਪਣੀਆਂ ਕੀਤੀਆਂ ਹਨ। ਜਲਾਲ ਨੇ ਕਿਹਾ ਕਿ ਉਨ੍ਹਾਂ ਸਮੇਤ ਹਰ ਸਿੱਖ ਨੂੰ ਇਸ ਕੇਸ ਵਿੱਚ ਧਿਰ ਬਣਨ ਦਾ ਹੱਕ ਹੈ। ਉਨ੍ਹਾਂ ਕਿਹਾ ਕਿ ਜਾਂਚ ਦੌਰਾਨ ਸੀ ਬੀ ਆਈ ਨੇ ਮਾਮਲੇ ਦੀ ਤੈਅ ਤੱਕ ਜਾਣ ਦੀ ਕੋਸ਼ਿਸ਼ ਨਹੀਂ ਕੀਤੀ। ਅਦਾਲਤ ਨੇ ਸਾਰੀਆਂ ਧਿਰਾਂ ਦੀਆਂ ਦਲੀਲਾਂ ਸੁਣਨ ਮਗਰੋਂ ਮਾਮਲੇ ਦੀ ਅਗਲੀ ਸੁਣਵਾਈ 6 ਨਵੰਬਰ ਉੱਤੇ ਪਾ ਦਿੱਤੀ ਹੈ।

# ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਦਾ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵੱਲੋਂ ਸੱਦਾ ਪ੍ਰਵਾਨ : ਰਾਣਾ ਕੇ.ਪੀ.

### ਨਵੀਂ ਦਿੱਲੀ ਵਿੱਚ ਸਪੀਕਰ ਨੇ ਖੁਦ ਮਿਲਕੇ ਦਿੱਤਾ ਸੱਦਾ, 6 ਨਵੰਬਰ ਨੂੰ ਹੋਵੇਗਾ ਵਿਸ਼ੇਸ਼ ਸੈਸ਼ਨ

ਚੰਡੀਗੜ੍ਹ, 31 ਅਕਤੂਬਰ (ਗਿਆਨ ਸਿੰਘ ) ਪੰਜਾਬ ਵਿਧਾਨ ਸਭਾ ਦੇ ਸਪੀਕਰ ਰਾਣਾ ਕੇ.ਪੀ. ਸਿੰਘ ਨੇ ਨਵੀਂ ਦਿੱਲੀ ਵਿਖੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨਾਲ ਮੁਲਾਕਾਤ ਕੀਤੀ ਅਤੇ 6 ਨਵੰਬਰ ਨੂੰ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਸਬੰਧੀ ਹੋਣ ਵਾਲੇ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਵਿੱਚ ਸ਼ਮੂਲੀਅਤ ਕਰਨ ਦਾ ਸੱਦਾ ਦਿੱਤਾ।

ਰਾਣਾ ਕੇ.ਪੀ. ਸਿੰਘ ਨੇ ਦੱਸਿਆ ਕਿ ਡਾ. ਮਨਮੋਹਨ ਸਿੰਘ ਨੇ ਇਸ ਵਿਸ਼ੇਸ਼ ਸੈਸ਼ਨ ਵਿੱਚ ਆਉਣ ਦੀ ਹਾਮੀ ਭਰੀ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਉਪ ਰਾਸ਼ਟਰਪਤੀ ਵੈਂਕਈਆ ਨਾਇਡੂ ਨੇ ਵਿਸ਼ੇਸ਼ ਸੈਸ਼ਨ ਵਿੱਚ ਆਉਣ ਦੀ ਸਹਿਮਤੀ ਦਿੱਤੀ ਹੋਈ ਹੈ। ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਨਾਮੀ ਸਖਸ਼ੀਅਤਾਂ ਪੰਜਾਬ ਵਿਧਾਨ ਸਭਾ ਦੇ 6 ਨਵੰਬਰ



ਨੂੰ ਹੋਣ ਵਾਲੇ ਵਿਸ਼ੇਸ਼ ਸੈਸ਼ਨ ਵਿੱਚ ਸ਼ਮੂਲੀਅਤ ਕਰਨਗੀਆਂ। ਕਾਬਲੇਗੌਰ ਹੈ ਕਿ ਪੰਜਾਬ ਵਿਧਾਨ ਸਭਾ ਦਾ ਇਹ ਇੱਕ-ਰੋਜ਼ਾ ਵਿਸ਼ੇਸ਼ ਸੈਸ਼ਨ ਗੁਰੂ ਨਾਨਕ ਦੇਵ ਜੀ ਦੇ ਫਲਸਫ਼ੇ, ਬਾਣੀ ਅਤੇ ਸਿੱਖਿਆਵਾਂ 'ਤੇ ਕੇਂਦਰਤ ਹੋਵੇਗਾ।

# ਕੌਮਾਂਤਰੀ ਨਗਰ ਕੀਰਤਨ ਦਾ ਮੁੱਖ ਮੰਤਰੀ ਦੇ ਸਿਆਸੀ ਸਲਾਹਕਾਰ ਅਤੇ ਡਿਪਟੀ ਕਮਿਸ਼ਨਰ ਨੇ ਕੀਤਾ ਸਵਾਗਤ

ਫ਼ਰੀਦਕੋਟ, 31 ਅਕਤੂਬਰ (ਗਿਆਨ ਸਿੰਘ): ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਗੁਰਦੁਆਰਾ ਸ਼੍ਰੀ ਨਨਕ-ਾਣਾ ਸਾਹਿਬ ਪਾਕਿਸਤਾਨ ਤੋਂ ਸ਼ੁਰੂ ਹੋਇਆ ਕੌਮਾਂਤਰੀ ਨਗਰ ਕੀਰਤਨ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੀ ਹਜ਼ੂਰੀ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿਚ ਫ਼ਰੀਦਕੋਟ ਵਿਖੇ ਠਹਿਰਾਅ ਉਪਰੰਤ ਅੱਜ ਸਥਾਨਕ ਭਾਈ ਘਨੱਈਆ ਚੌਂਕ ਵਿਖੇ ਮੁੱਖ ਮੰਤਰੀ ਪੰਜਾਬ ਦੇ ਸਿਆਸੀ ਸਲਾਹਕਾਰ ਕੁਸ਼ਲਦੀਪ ਸਿੰਘ ਢਿੱਲੋਂ ਅਤੇ ਡਿਪਟੀ ਕਮਿਸ਼ਨਰ ਸ਼੍ਰੀ ਕੁਮਾਰ ਸੌਰਭ ਰਾਜ, ਆਈ.ਏ.ਐਸ ਵੱਲੋਂ ਹਜ਼ਾਰਾਂ ਸੰਗਤਾਂ ਦੀ ਮੌਜੂਦਗੀ ਵਿਚ ਭਰਵਾਂ ਸਵਾਗਤ ਕੀਤਾ। ਇਸ ਮੌਕੇ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਪੰਜਾਬ ਪੁਲਿਸ





ਦੇ ਬੈਂਡ ਦੀ ਧੁਨਾਂ ਅਤੇ ਜੈਕਾਰਿਆਂ ਨਾਲ ਸੁਆਗਤ ਕੀਤਾ। ਇਸ ਮੌਕੇ ਸੀਨੀਅਰ ਪੁਲਿਸ ਕਪਤਾਨ ਮਨਜੀਤ ਸਿੰਘ ਢੇਸੀ ਵੀ ਹਾਜ਼ਰ ਸਨ।

ਇਸ ਮੌਕੇ ਮੁੱਖ ਮੰਤਰੀ ਦੇ ਸਿਆਸੀ ਸਲਾਹਕਾਰ ਅਤੇ ਉਨ੍ਹਾਂ ਦੀ ਧਰਮ ਪਤਨੀ ਮੈਡਮ ਅਮਨਜੋਤ ਕੌਰ ਢਿੱਲੋਂ, ਡਿਪਟੀ ਕਮਿਸ਼ਨਰ ਅਤੇ ਸੀਨੀਅਰ ਪੁਲਿਸ ਕਪਤਾਨ ਵੱਲੋਂ ਗੁਰੂ ਸਾਹਿਬ ਨੂੰ ਸੁੰਦਰ ਬਸਤਰ ਭੇਂਟ ਕੀਤੇ ਅਤੇ ਗੁਰੂ ਸਾਹਿਬ ਤੋਂ ਅਸ਼ੀਰਵਾਦ ਲਿਆ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਉਨ੍ਹਾਂ ਹਜ਼ਾਰਾਂ ਸੰਗਤਾਂ ਦੀ ਹਾਜ਼ਰੀ ਵਿਚ ਗੁਰੂ ਨਾਨਕ ਦੇਵ ਜੀ ਦੀਆਂ ਪਵਿੱਤਰ ਖੜਾਵਾਂ, ਵੱਟਿਆਂ ਤੇ ਹੋਰ ਪਵਿੱਤਰ ਸ਼ਾਸ਼ਤਰਾਂ ਤੇ ਦੁਰਲੱਭ ਨਿਸ਼ਾਨੀਆਂ ਦੇ ਦਰਸ਼ਨ ਕਰਕੇ ਆਪਣਾ ਜੀਵਨ ਸਫ਼ਲਾ ਕੀਤਾ। ਇਸ ਮੌਕੇ ਟਿੱਲਾ ਬਾਬਾ ਫ਼ਰੀਦ ਦੇ ਮੁੱਖ ਸੇਵਾਦਾਰ ਇੰਦਰਜੀਤ ਸਿੰਘ ਖਾਲਸਾ ਨੇ ਵੀ ਆਪਣੀ ਹਾਜ਼ਰ ਲੁਆ ਕੇ ਗੁਰੂ ਘਰ ਦਾ ਅਸ਼ੀਰਵਾਦ ਲਿਆ।

ਕੌਮਾਂਤਰੀ ਨਗਰ ਕੀਰਤਨ ਮੌਕੇ ਪੈਰਾ ਗਲਾਈਡਰ ਰਾਹੀਂ ਸੰਗਤਾਂ ਤੇ ਫੁੱਲ, ਪੱਤੀਆਂ ਦੀ ਵਰਖਾ ਕੀਤੀ ਗਈ ਅਤੇ ਗੱਤਕਾ ਟੀਮਾਂ ਵੱਲੋਂ ਆਪਣੀ ਕਲਾ ਦੇ ਜੌਹਰ ਵਿਖਾਏ ਗਏ। ਸ਼ਹਿਰ ਦੀਆਂ ਧਾਰਮਿਕ ਸੰਸਥਾਵਾਂ, ਸਮਾਜਸੇਵੀ ਸੰਸਥਾਵਾਂ ਵੱਲੋਂ ਸੰਗਤਾਂ ਲਈ ਵੱਡੀ ਗਿਣਤੀ ਵਿਚ ਲੰਗਰ ਲਗਾਏ ਗਏ ਸਨ। ਜ਼ਿਕਰਯੋਗ ਹੈ ਕਿ ਬੀਤੀ ਸ਼ਾਮ ਜ਼ਿਲ੍ਹਾ ਫ਼ਰੀਦਕੋਟ ਦੇ ਪਿੰਡ ਡੋਡ ਰਾਹੀਂ ਦਾਖਲ ਹੋਇਆ ਕੌਮਾਤਰੀ ਨਗਰ ਕੀਰਤਨ ਫ਼ਰੀਦਕੋਟ ਦੇ ਗੁਰਦੁਆਰਾ ਖਾਲਸਾ ਦੀਵਾਨ ਵਿਖੇ ਠਹਿਰਾਅ ਉਪਰੰਤ ਗੁਰਦੁਆਰਾ ਜਾਮਣੀ ਸਾਹਿਬ ਫਿਰੋਜ਼ਪੁਰ ਲਈ ਰਵਾਨਾ ਹੋ ਗਿਆ।












# ਸੰਪਾਦਕੀ

## ਮਾਮਲਾ ਕਿਉਬਿੱਕ ਵੱਲੋਂ ਲਾਗੂ ਪਰਵਾਸੀਆਂ ਲਈ ਕਦਰਾਂ ਕੀਮਤਾਂ ਦੀ ਪ੍ਰੀਖਿਆ ਦਾ

1 ਜਨਵਰੀ 2020 ਤੋਂ ਕਿਉਬਿੱਕ ਵਿੱਚ ਵੱਸਣ ਦੇ ਚਾਹਵਾਨ ਪਰਵਾਸੀਆਂ ਨੂੰ ਇੱਕ ਪ੍ਰੀਖਿਆ ਵਿੱਚ ਬੈਠਣਾ ਹੋਵੇਗਾ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਨਵੇਂ ਪਰਵਾਸੀ ਕਿਉਬਿੱਕ ਵਿੱਚ ਪ੍ਰਵਾਨਿਤ ਕਦਰਾਂ ਕੀਮਤਾਂ ਨਾਲ ਸਹਿਮਤ ਹਨ। ਇਹ ਟੈਸਟ ਆਨਲਾਈਨ ਹੋਵੇਗਾ ਜਿਸ ਵਿੱਚੋਂ 75% ਅੰਕ ਹਾਸਲ ਕਰਨੇ ਲਾਜ਼ਮੀ ਹੋਣਗੇ ਅਤੇ ਫੇਲ੍ਹ ਹੋਣ ਦੀ ਸੂਰਤ ਵਿੱਚ ਤੁਸੀਂ ਦੁਬਾਰਾ ਟੈਸਟ ਦੇ ਸਕਦੇ ਹੋ। ਜੇ ਕਿਸੇ ਵਿਅਕਤੀ ਨੂੰ ਇਹ ਟੈਸਟ ਪਾਸ ਕਰਨ ਵਿੱਚ ਮੁਸ਼ਕਲਾਂ ਆਉਂਦੀਆਂ ਹੋਣ ਤਾਂ ਉਹ ਇਸ ਦੀ ਤਿਆਰੀ ਕਰਨ ਵਾਸਤੇ ਕੋਰਸ ਵੀ ਕਰ ਸਕਦੇ ਹਨ ਜਿਹੜੇ ਕਮਿਉਨਿਟੀ ਸੰਸਥਾਵਾਂ ਵੱਲੋਂ ਕਰਵਾਏ ਜਾਣਗੇ। ਇਸ ਸਮੁੱਚੀ ਪ੍ਰਕਿਰਿਆ ਨੂੰ ਲੈ ਕੇ ਕਾਫੀ ਵਿਵਾਦ ਖੜਾ ਹੋ ਚੁੱਕਾ ਹੈ। ਕਿਉਬਿੱਕ ਸਰਕਾਰ ਦਾ ਆਖਣਾ ਹੈ ਕਿ ਪਰਵਾਸੀਆਂ ਨੂੰ ਬਿੱਲ 21 ਸਮੇਤ ਕਿਉਬਿੱਕ ਵਿੱਚ ਪ੍ਰਚੱਲਿਤ ਕਦਰਾਂ ਕੀਮਤਾਂ ਬਾਰੇ ਗਿਆਨ ਹੋਣਾ ਚਾਹੀਦਾ ਹੈ। ਦੂਜੇ ਪਾਸੇ ਇਸਦਾ ਵਿਰੋਧ ਕਰਨ ਵਾਲਿਆਂ ਦਾ ਤਰਕ ਹੈ ਕਿ ਇਹ ਟੈਸਟ ਪਰਵਾਸੀਆਂ ਨੂੰ ਕਿਉਬਿੱਕ ਦੇ ਜਨ-ਜੀਵਨ ਤੋਂ ਅਲੱਗ ਥਲੱਗ ਕਰਨ ਦਾ ਯਤਨ ਹੈ।

ਕਿਉਬਿੱਕ ਪ੍ਰੋਵਿੰਸ ਵਿੱਚ ਹਰ ਸਾਲ 23 ਹਜ਼ਾਰ ਤੋਂ ਵੱਧ ਪਰਵਾਸੀ ਆ ਕੇ ਵੱਸਦੇ ਹਨ ਜਿਹਨਾਂ ਵਿੱਚ ਟੈਂਪਰੇਰੀ ਵਰਕਰਾਂ ਅਤੇ ਅੰਤਰਰਾਸ਼ਟਰੀ ਵਿੱਦਿਆਰਥੀਆਂ ਦੀ ਗਿਣਤੀ ਸ਼ਾਮਲ ਨਹੀਂ ਹੈ। ਕਿਉਬਿੱਕ ਦਾ ਫੈਡਰਲ ਸਰਕਾਰ ਨਾਲ ਇੱਕ ਵਿਸ਼ੇਸ਼ ਇੰਮੀਗਰੇਸ਼ਨ ਇਕਰਾਰਨਾਮਾ ਦਸਤਖ਼ਤ ਹੋਇਆ ਹੈ। ਇਸ ਇਕਰਾਰਨਾਮੇ ਤਹਿਤ ਕਿਉਬਿੱਕ ਦੀ ਪ੍ਰੋਵਿੰਸ਼ੀਅਲ ਸਰਕਾਰ ਕੋਲ ਤਾਕਤ ਹੈ ਕਿ ਉਹ ਨਿਰਧਾਰਤ ਕਰ ਸਕੇ ਕਿ ਕਿਸ ਵਰਗ ਦੇ ਕਿੰਨੇ ਇੰਮੀਗਰਾਂਟਾਂ ਨੂੰ ਬੁਲਾਉਣਾ ਹੈ ਅਤੇ ਉਹਨਾਂ ਨੂੰ ਦਾਖ਼ਲ ਕਰਨ ਬਾਬਤ ਕਿਹੋ ਜਿਹੀਆਂ ਸ਼ਰਤਾਂ ਮੁਕੱਰਰ ਕਰਨੀਆਂ ਹਨ। ਕਿਉਬਿੱਕ ਸਰਕਾਰ ਦਾ ਆਖਣਾ ਹੈ ਕਿ ਕਦਰਾਂ ਕੀਮਤਾਂ ਵਾਲੀ ਪ੍ਰੀਖਿਆ ਲਾਗੂ ਕਰਨਾ ਉਸਦੇ ਅਧਿਕਾਰ ਖੇਤਰ ਵਿੱਚ ਹੈ ਅਤੇ ਕੈਨੇਡੀਅਨ ਚਾਰਟਰ ਦੇ ਤਹਿਤ ਆਉਂਦਾ ਹੈ।

ਸੁਆਲ ਹੈ ਕਿ ਸੋਸ਼ਲ ਗਰੁੱਪਾਂ ਅਤੇ ਮੀਡੀਆ ਵੱਲੋਂ ਮਸਲੇ ਨੂੰ ਉਠਾਏ ਜਾਣ ਦੇ ਬਾਵਜੂਦ, ਕੀ ਕਿਉਬਿੱਕ ਵੱਲੋਂ ਲਾਗੂ ਇਸ ਟੈਸਟ ਨੂੰ ਲਾਗੂ ਕਰਨ ਤੋਂ ਰੋਕਿਆ ਜਾ ਸਕਦਾ ਹੈ? ਸ਼ਾਇਦ ਨਹੀਂ ਕਿਉਂਕਿ ਫੈਡਰਲ ਪੱਧਰ ਦੀ ਕੋਈ ਵੀ ਪਾਰਟੀ ਹਾਲ ਵਿੱਚ ਹੋਈਆਂ ਚੋਣਾਂ ਦੌਰਾਨ ਬਿੱਲ 21 ਨੂੰ ਲੈ ਕੇ ਕੋਈ ਸਾਹਸ ਭਰਿਆ ਸਟੈਂਡ ਨਹੀਂ ਸਨ ਲੈ ਸਕੀਆਂ। ਜੇ ਬਿੱਲ 21 ਨੂੰ ਲੈ ਕੇ ਫੈਡਰਲ ਸਰਕਾਰ ਜਾਂ ਸਮੁੱਚੀਆਂ ਸਿਆਸੀ ਪਾਰਟੀਆਂ ਨਿੱਹਥਾ ਮਹਿਸੂਸ ਕਰਦੀਆਂ ਹਨ, ਇਸ ਟੈਸਟ ਬਾਰੇ ਐਕਸ਼ਨ ਕਿਵੇਂ ਲਿਆ ਜਾ ਸਕਦਾ ਹੈ? ਵੈਸੇ 2017 ਵਿੱਚ ਕੀਤੇ ਇੱਕ ਸਰਵੇਖਣ ਵਿੱਚ ਦੋ ਤਿਹਾਈ ਤੋਂ ਵੱਧ ਕੈਨੇਡੀਅਨ ਪਰਵਾਸੀਆਂ ਵਾਸਤੇ ਕਦਰਾਂ ਕੀਮਤਾਂ ਦੇ ਟੈਸਟ ਦੇ ਹੱਕ ਵਿੱਚ ਪਾਏ ਗਏ ਸਨ।

ਸੁਆਲ ਇਹ ਵੀ ਉੱਠਦਾ ਹੈ ਕਿ ਕੀ ਅਜਿਹੇ ਟੈਸਟਾਂ ਦੀ ਵਜਹ ਕਰਕੇ ਕਿਉਬਿੱਕ ਸਮੇਤ ਕਿਸੇ ਪ੍ਰੋਵਿੰਸ ਵਿੱਚ ਪਰਵਾਸੀਆਂ ਦੇ ਆਉਣ ਦੀ ਗਿਣਤੀ ਵਿੱਚ ਕਮੀ ਹੋ ਜਾਵੇਗੀ? ਸ਼ਾਇਦ ਨਹੀਂ ਕਿਉਂਕਿ ਵੱਖੋ ਵੱਖਰੇ ਕਾਰਣਾਂ ਕਰਕੇ ਕੈਨੇਡਾ ਦਾਖ਼ਲ ਹੋਣ ਦੇ ਚਾਹਵਾਨ ਲੋਕ ਅਜਿਹੀ ਕਿਸੇ ਰੁਕਾਵਟ ਨੂੰ ਅਕਸਰ ਰੁਕਾਵਟ ਹੀ ਨਹੀਂ ਸਮਝਦੇ। ਉਹਨਾਂ ਵਾਸਤੇ ਕੈਨੇਡਾ ਜਾਂ ਕਿਉਬਿੱਕ ਵਿੱਚ ਕਾਨੂੰਨੀ ਦਰਜ਼ਾ (legal status) ਹਾਸਲ ਕਰਨਾ ਮਹੱਤਵਪੂਰਣ ਹੁੰਦਾ ਹੈ। ਮਿਸਾਲ ਵਜੋਂ ਦਸ ਕੁ ਸਾਲ ਪਹਿਲਾਂ ਜਦੋਂ ਫੈਡਰਲ ਇੰਮੀਗਰੇਸ਼ਨ ਵਿਭਾਗ ਨੇ ਸਿੰਘ ਨਾਮ ਵਾਲੇ ਪਰਵਾਸੀ ਅਰਜ਼ੀਕਰਤਾਵਾਂ ਨੂੰ ਸਿੰਘ ਦੀ ਥਾਂ ਕੋਈ ਹੋਰ ਆਖਰੀ ਨਾਮ (last name) ਲਾਉਣ ਲਈ ਆਖਿਆ ਸੀ ਤਾਂ ਵੱਡੀ ਗਿਣਤੀ ਵਿੱਚ ਲੋਕਾਂ ਨੇ ਆਖਰੀ ਨਾਮ ਬਦਲ ਲਏ ਸਨ। ਇਸੇ ਤਰੀਕੇ ਸਿਟੀਜ਼ਨਸ਼ਿੱਪ ਹਾਸਲ ਕਰਨ ਵਾਸਤੇ ਟੈਸਟ ਲਏ ਜਾਂਦੇ ਹਨ ਜਿਹਨਾਂ ਨੂੰ ਲੋਕੀ ਤਿਆਰੀ ਕਰਕੇ ਪਾਸ ਕਰਦੇ ਹਨ। ਸੋ ਸੁਆਲ ਕਿਉਬਿੱਕ ਦੇ ਕਦਰਾਂ ਕੀਮਤਾਂ ਦੇ ਟੈਸਟ ਬਾਰੇ ਨਹੀਂ ਸਗੋਂ ਟੈਸਟ ਵਿੱਚ ਪੁੱਛੇ ਜਾਣ ਵਾਲੇ ਸੁਆਲਾਂ ਬਾਰੇ ਹੋਣਾ ਚਾਹੀਦਾ ਹੈ।

ਕਿਉਬਿੱਕ ਸਰਕਾਰ ਵੱਲੋਂ ਜਾਰੀ ਕੀਤੇ ਗਏ ਸੈਂਪਲ ਸੁਆਲਾਂ ਤੋਂ ਅਜਿਹਾ ਪ੍ਰਭਾਵ ਨਹੀਂ ਮਿਲਦਾ ਕਿ ਇਸ ਪ੍ਰੀਖਿਆ ਵਿੱਚ ਕੋਈ ਬਹੁਤੇ ਵਿਵਾਦਪੂਰਣ ਸੁਆਲ ਹੋਣਗੇ। ਮਿਸਾਲ ਵਜੋਂ ਸੁਆਲ ਹੋਣਗੇ ਕਿ 'ਕਿਉਬਿੱਕ ਵਿੱਚ ਕਾਨੂੰਨ ਮੁਤਾਬਕ ਮਰਦਾਂ ਅਤੇ ਔਰਤਾਂ ਦੇ ਬਰਾਬਰ ਅਧਿਕਾਰ ਹਨ ਜਾਂ ਨਹੀਂ? ਕਿਉਬਿੱਕ ਦੀ ਅਧਿਕਾਰਤ ਭਾਸ਼ਾ ਕਿਹੜੀ ਹੈ? ਕਿਉਬਿੱਕ ਵਿੱਚ ਵਿਆਹ ਕਰਨ ਲਈ ਕੌਣ ਯੋਗ ਹੁੰਦਾ ਹੈ? ਇਸੇ ਤਰਾਂ ਧਾਰਮਿਕ ਚਿੰਨਾਂ ਬਾਰੇ ਸੁਆਲ ਹੈ ਜੋ ਬਿੱਲ 21 ਵਿੱਚੋਂ ਉਪਜਦਾ ਹੈ। ਜਾਰੀ ਕੀਤੇ ਗਏ ਚੰਦ ਕੁ ਸੈਂਪਲ ਸੁਆਲਾਂ ਤੋਂ ਇੰਝ ਪ੍ਰਭਾਵ ਮਿਲਦਾ ਹੈ ਕਿ ਇਸ ਟੈਸਟ ਨੂੰ ਲੈ ਕੇ ਜੇ ਕਿਸ ਨੂੰ ਸੱਭ ਤੋਂ ਵੱਧ ਚਿੰਤਤ ਹੋਣਾ ਚਾਹੀਦਾ ਹੈ ਤਾਂ ਉਹ ਫੈਡਰਲ ਸਰਕਾਰ ਹੈ ਜਿਸਦੇ ਨੱਕ ਥੱਲੇ ਬਿੱਲ 21 ਦਾ ਦੀਵਾ ਬਾਲਿਆ ਗਿਆ ਹੈ। ਜੇ ਬਿੱਲ 21 ਨਹੀਂ ਰਹੇਗਾ ਤਾਂ ਇਹ ਟੈਸਟ ਆਪਣੀ ਸਾਰਥਕਤਾ ਗੁਆ ਲਵੇਗਾ ਪਰ ਕੀ ਦੇਸ਼ ਦੀਆਂ ਸਿਆਸੀ ਪਾਰਟੀਆਂ ਇਸ ਦਿਸ਼ਾ ਕੁੱਝ ਸਾਰਥਕ ਕਰਨ ਲਈ ਤਿਆਰ ਹਨ?

## ਬਲੈਕਫੇਸ ਸਕੈਂਡਲ ਤੋਂ ਬਾਅਦ ਕੈਮਰਿਆਂ ਤੋਂ ਦੂਰੀ ਬਣਾ ਕੇ ਚੱਲ ਰਹੇ ਹਨ ਟਰੂਡੋ

...ਪੰਨਾ 1 ਦਾ ਬਾਕੀ

ਇਸ ਤੋਂ ਬਾਅਦ ਟਰੂਡੋ ਦੀ ਟੀਨੇਜ ਵਿੱਚ ਬਲੈਕਫੇਸ ਵਾਲੀ ਤਸਵੀਰ ਸਾਹਮਣੇ ਆਈ ਤੇ ਇਸ ਨਾਲ ਖੁਦ ਨੂੰ ਨਿਰਪੱਖ ਆਗੂ ਦੱਸਣ ਵਾਲੇ ਟਰੂਡੋ ਦੇ ਅਕਸ ਨੂੰ ਹੋਰ ਢਾਹ ਲੱਗੀ। ਉਨ੍ਹਾਂ ਇਸ ਸਬੰਧ ਵਿੱਚ ਇਹ ਆਖਦਿਆਂ ਹੋਇਆਂ ਮੁਆਫੀ ਵੀ ਮੰਗੀ ਕਿ ਉਸ ਸਮੇਂ ਉਨ੍ਹਾਂ ਨੂੰ ਇਹ ਨਹੀਂ ਸੀ ਪਤਾ ਕਿ ਆਪਣੀ ਸਕਿੱਨ ਨੂੰ ਮੇਕਅੱਪ ਨਾਲ ਕਾਲਾ ਕਰਨਾ ਨਸਲੀ ਕਾਰਵਾਈ ਹੈ। ਇਸ ਦੌਰਾਨ ਹੀ ਟਰੂਡੋ ਦੇ ਪਿਛਲੇ ਸਾਲ ਕੀਤੇ ਗਏ ਭਾਰਤ ਦੌਰੇ ਦੌਰਾਨ ਉਨ੍ਹਾਂ ਵੱਲੋਂ ਕਈ ਤਰ੍ਹਾਂ ਦੇ ਰਵਾਇਤੀ ਭਾਰਤੀ ਪਹਿਰਾਵਿਆਂ ਵਿੱਚ ਤਸਵੀਰਾਂ ਖਿਚਵਾਉਣ ਦਾ ਮੁੱਦਾ ਵੀ ਉੱਠਿਆ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਇਸ ਵਾਰੀ ਆਪਣੀ ਦੂਜੀ ਪਾਰੀ ਵਿੱਚ ਟਰੂਡੋ ਕਿਸੇ ਤਰ੍ਹਾਂ ਦੀ ਕੋਈ ਗੜਬੜ ਨਹੀਂ ਕਰਨੀ ਚਾਹੁੰਦੇ ਇਸ ਲਈ ਉਨ੍ਹਾਂ ਵੱਲੋਂ ਹੈਲੋਈਨ ਸਬੰਧੀ ਜਸ਼ਨਾਂ ਨੂੰ ਵੀ ਪ੍ਰਾਈਵੇਟ ਤੌਰ ਉੱਤੇ ਹੀ ਸਿਰਫ ਆਪਣੇ ਬੱਚਿਆਂ ਨਾਲ ਮਨਾਇਆ ਜਾ ਰਿਹਾ ਹੈ। ਕੁੱਝ ਲਿਬਰਲਾਂ ਦਾ ਮੰਨਣਾ ਹੈ ਕਿ ਟਰੂਡੋ ਨੂੰ ਫੋਟੋਆਂ ਖਿਚਵਾਉਣ ਲਈ ਜਾਣਬੁੱਝ ਕੇ ਨਕਾਰਾਤਮਕ ਤੌਰ ਉੱਤੇ ਪ੍ਰਚਾਰਿਆ ਜਾਂਦਾ ਹੈ ਇਸ ਲਈ ਇਸ ਵਾਰੀ ਉਹ ਕੈਮਰਿਆਂ ਤੋਂ ਦੂਰੀ ਬਣਾ ਕੇ ਚੱਲਣਾ ਚਾਹੁੰਦੇ ਹਨ।

## ਉਸਾਰੂ ਨਜ਼ਰੀਏ ਨਾਲ ਕੀਤੀਆਂ ਗਈਆਂ ਸ਼ੀਅਰ ਦੀ ਕੈਂਪੇਨ ਸਬੰਧੀ ਟਿੱਪਣੀਆਂ : ਮੈਕੇਅ

...ਪੰਨਾ 1 ਦਾ ਬਾਕੀ

ਇੱਥੇ ਦੱਸਣਾ ਬਣਦਾ ਹੈ ਕਿ ਮੈਕੇਅ, ਜਿਨ੍ਹਾਂ ਦਾ ਨਾਂ ਸ਼ੀਅਰ ਦੀ ਥਾਂ ਪਾਰਟੀ ਆਗੂ ਬਣਾਉਣ ਲਈ ਲਿਆ ਜਾ ਰਿਹਾ ਹੈ, ਨੇ ਆਖਿਆ ਕਿ ਉਹ ਵਾਰੀ ਵਾਰੀ ਸ਼ੀਅਰ ਦੇ ਸਮਰਥਨ ਵਿੱਚ ਆਪਣੀ ਆਵਾਜ਼ ਉਠਾ ਚੁੱਕੇ ਹਨ ਤੇ ਕੈਂਪੇਨ ਦੌਰਾਨ ਵੀ ਉਨ੍ਹਾਂ ਵੱਲੋਂ ਸ਼ੀਅਰ ਦੀ ਮਦਦ ਕੀਤੀ ਗਈ ਸੀ। ਉਨ੍ਹਾਂ ਆਖਿਆ ਕਿ ਲੀਡਰਸ਼ਿਪ ਦੇ ਸਬੰਧ ਵਿੱਚ ਸ਼ੀਅਰ ਨੂੰ ਕੋਈ ਚੁਣੌਤੀ ਦਿੱਤੀ ਜਾ ਰਹੀ ਹੈ, ਇਸ ਸਬੰਧੀ ਆ ਰਹੀਆਂ ਖਬਰਾਂ ਝੂਠੀਆਂ ਹਨ। ਉਨ੍ਹਾਂ ਆਖਿਆ ਕਿ ਕੰਜ਼ਰਵੇਟਿਵ ਕੈਂਪੇਨ ਦੀਆਂ ਕਮੀਆਂ ਬਾਰੇ ਉਨ੍ਹਾਂ ਵੱਲੋਂ ਇਸ ਲਈ ਟਿੱਪਣੀਆਂ ਕੀਤੀਆਂ ਗਈਆਂ ਤਾਂ ਕਿ ਆਧੁਨਿਕ ਨੀਤੀਆਂ ਤੇ ਬਿਹਤਰ ਸੰਚਾਰ ਨਾਲ ਅਸੀਂ ਲੋੜੀਂਦੇ ਸੁਧਾਰ ਕਰ ਸਕੀਏ ਤਾਂ ਕਿ ਅਗਲੀਆਂ ਚੋਣਾਂ ਅਸੀਂ ਜਿੱਤ ਸਕੀਏ।



ਜ਼ਿਕਰਯੋਗ ਹੈ ਕਿ ਕੰਜ਼ਰਵੇਟਿਵ ਪਾਰਟੀ ਆਫ ਕੈਨੇਡਾ ਕਾਇਮ ਕਰਨ ਤੋਂ ਪਹਿਲਾਂ ਕੁੱਝ ਸਮੇਂ ਲਈ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਦੇ ਆਗੂ ਰਹੇ ਮੈਕੇਅ ਨੇ 2017 ਦੀ ਲੀਡਰਸ਼ਿਪ ਦੌੜ ਵਿੱਚ ਹਿੱਸਾ ਨਹੀਂ ਸੀ ਲਿਆ। ਚੋਣਾਂ ਦੌਰਾਨ ਜਦੋਂ ਲੀਡਰਸ਼ਿਪ ਦਾ ਮੁੱਦਾ ਦੁਬਾਰਾ ਉਠਾਇਆ ਗਿਆ ਤਾਂ ਵੀ ਮੈਕੇਅ ਨੇ ਲੀਡਰ ਦਾ ਅਹੁਦਾ ਸਾਂਭਣ ਵਿੱਚ ਕੋਈ ਦਿਲਚਸਪੀ ਨਹੀਂ ਸੀ ਵਿਖਾਈ।

## ਟੋਰਾਂਟੋ ਦੇ ਕਾਉਂਸਲਰਜ਼ ਵੱਲੋਂ ਮਤਾ ਪਾਸ

...ਪੰਨਾ 1 ਦਾ ਬਾਕੀ

ਬੁੱਧਵਾਰ ਨੂੰ ਪਾਸ ਕੀਤੇ ਗਏ ਇਸ ਮਤੇ ਤਹਿਤ ਫੈਡਰਲ ਸਰਕਾਰ ਨੂੰ ਵੀ ਇਸ ਬਿੱਲ ਦੀ ਨਿਖੇਧੀ ਕਰਨ ਲਈ ਹੱਲਾਸ਼ੇਰੀ ਦਿੱਤੀ ਗਈ। ਇਹ ਬਿੱਲ ਜੂਨ ਵਿੱਚ ਪ੍ਰਭਾਵੀ ਹੋਇਆ ਸੀ। ਇਸ ਬਿੱਲ ਤਹਿਤ ਉੱਚ ਅਹੁਦਿਆਂ ਉੱਤੇ ਬੈਠੇ ਪਬਲਿਕ ਸਰਵੈਂਟਸ ਜਿਵੇਂ ਕਿ ਅਧਿਆਪਕ, ਜੱਜ, ਪੁਲਿਸ ਅਧਿਕਾਰੀ ਆਦਿ, ਪੱਗ, ਕਿੱਪਾਜ਼ ਤੇ ਹਿਜਾਬ ਵਰਗੇ ਧਾਰਮਿਕ ਚਿੰਨ੍ਹ ਧਾਰਨ ਨਹੀਂ ਕਰ ਸਕਦੇ। ਟੋਰਾਂਟੋ ਵਿੱਚ ਪਾਸ ਕੀਤੇ ਗਏ ਇਸ ਮਤੇ ਵਰਗਾ ਮਤਾ ਕੈਲਗਰੀ, ਮਿਸੀਸਾਗਾ ਤੇ ਵਿਨੀਪੈਗ ਦੇ ਕਾਉਂਸਲਰਜ਼ ਵੱਲੋਂ ਵੀ ਪਿਛਲੇ ਹਫਤਿਆਂ ਵਿੱਚ ਪਾਸ ਕੀਤਾ ਜਾ ਚੁੱਕਿਆ ਹੈ।

ਕਿਊਬਿਕ ਪ੍ਰੀਮੀਅਰ ਫਰੈਂਕੌਇਸ ਲੀਗਾਲਟ ਦਾ ਕਹਿਣਾ ਹੈ ਕਿ ਬਿੱਲ 21 ਖਿਲਾਫ ਵੱਧ ਰਹੀ ਇਸ ਤਰ੍ਹਾਂ ਦੀ ਲਹਿਰ ਤੋਂ ਉਹ ਖੁਸ਼ ਨਹੀਂ ਹਨ ਤੇ ਉਹ ਹੋਰਨਾਂ ਪ੍ਰੋਵਿੰਸਾਂ ਵਿੱਚ ਆਪਣੇ ਹਮਰੁਤਬਾ ਅਧਿਕਾਰੀਆਂ ਨਾਲ ਇਸ ਮੁੱਦੇ ਸਬੰਧੀ ਵਿਚਾਰ ਵਟਾਂਦਰਾ ਕਰਨਗੇ।

## ਪੰਜਾਬੀ ਮਾਂ ਬੋਲੀ 53 ਸਾਲਾਂ ਪਿੱਛੋਂ ਵੀ ਆਪਣੇ ਸੂਬੇ ਵਿੱਚ ਬੇਗਾਨੀ

ਚੰਡੀਗੜ੍ਹ, 31 ਅਕਤੂਬਰ (ਪੋਸਟ ਬਿਊਰੋ)- ਪੰਜਾਬ ਦੇ 54ਵੇਂ ਸਥਾਪਨਾ ਦਿਵਸ ਮੌਕੇ ਵੀ ਮਾਂ ਬੋਲੀ ਪੰਜਾਬੀ ਆਪਣੇ ਸੂਬੇ ਪੰਜਾਬ ਅਤੇ ਰਾਜਧਾਨੀ ਚੰਡੀਗੜ੍ਹ ਵਿੱਚ ਬੇਗਾਨੀ ਬਣੀ ਹੋਈ ਹੈ। ਰਾਜ ਦੀਆਂ ਵੱਖ-ਵੱਖ ਸਰਕਾਰਾਂ ਇਸ ਸੂਬੇ ਵਿੱਚ ਪੰਜਾਬੀ ਭਾਸ਼ਾ ਨੂੰ 53 ਸਾਲਾਂ ਵਿੱਚ ਵੀ ਮੁਕੰਮਲ ਤੌਰ 'ਤੇ ਲਾਗੂ ਨਹੀਂ ਕਰ ਸਕੀਆਂ।

ਇਸ ਦੌਰਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮਾਰਚ 2017 ਵਿੱਚ ਮੁੱਖ ਮੰਤਰੀ ਦੇ ਅਹੁਦੇ ਦੀ ਸਹੁੰ ਅੰਗਰੇਜ਼ੀ ਵਿੱਚ ਚੁੱਕ ਕੇ ਅਤੇ ਪੰਜਾਬ ਦੇ ਮੁੱਖੀ ਵਜੋਂ ਪੰਜਾਬੀ ਭਾਸ਼ਾ ਨੂੰ ਵਿਸਾਰ ਕੇ ਨਵੀਂ ਬਹਿਸ ਛੇੜ ਦਿੱਤੀ ਹੈ। ਇਸੇ ਕਾਰਨ 1 ਨਵੰਬਰ 2019 ਨੂੰ ਮਨਾਏ ਜਾ ਰਹੇ 54ਵੇਂ ਪੰਜਾਬ ਦਿਵਸ ਮੌਕੇ ਪੰਜਾਬੀ ਹਿਤੈਸ਼ੀਆਂ ਦੀਆਂ ਸੰਸਥਾਵਾਂ ਪੰਜਾਬੀ ਭਾਸ਼ਾ ਨੂੰ ਬਚਾਉਣ ਲਈ ਸਰਗਰਮ ਹੋ ਗਈਆਂ ਹਨ। ਅਸਲ ਵਿੱਚ ਪੰਜਾਬੀ ਭਾਸ਼ਾ ਨੂੰ ਪੰਜਾਬ ਤੇ ਸੂਬੇ ਦਾ ਰਾਜਧਾਨੀ ਵਿੱਚ ਮੁਕੰਮਲ ਰੂਪ ਵਿੱਚ ਲਾਗੂ ਕਰਨ ਨੂੰ ਕਿਸੇ ਸਰਕਾਰ ਨੇ ਕਦੇ ਮੁੱਖ ਮੁੱਦਾ ਨਹੀਂ ਬਣਾਇਆ। ਰਾਜ ਦੀਆਂ ਸਰਕਾਰਾਂ ਵੱਲੋਂ ਹੀ ਪੰਜਾਬੀਆਂ ਵਿੱਚ ਉਲਟਾ ਇਹ ਗੁਮਰਾਹਕੁਨ ਪ੍ਰਭਾਵ ਪੈਦਾ ਕੀਤਾ ਗਿਆ ਹੈ ਕਿ ਅੰਗਰੇਜ਼ੀ ਭਾਸ਼ਾ ਤੋਂ ਬਿਨਾਂ ਪੰਜਾਬੀਆਂ ਦਾ ਗੁਜ਼ਾਰਾ ਨਹੀਂ। ਇਸੇ ਸੋਚ ਹੇਠ ਕਦੇ ਪਹਿਲੀ ਤੋਂ ਅੰਗਰੇਜ਼ੀ ਨੂੰ ਇੱਕ ਵਿਸ਼ੇ ਵਜੋਂ ਥੋਪਣ ਅਤੇ ਕਦੇ ਅੰਗਰੇਜ਼ੀ ਮਾਧਿਅਮ ਵਾਲੇ ਵਿਸ਼ੇਸ਼ ਸਕੂਲ ਚਲਾਉਣ ਦੇ ਫੈਸਲੇ ਹੁੰਦੇ ਰਹੇ ਹਨ। ਇਸ ਹਾਲਤ ਵਿੱਚ ਪੰਜਾਬ ਦੇ ਸਰਕਾਰੀ ਤੰਤਰ ਵਿੱਚ ਪੰਜਾਬੀ ਭਾਸ਼ਾ ਨੂੰ ਪੂਰੀ ਤਰ੍ਹਾਂ ਲਾਗੂ ਕਰਨਾ ਨਾਮੁਮਕਿਨ ਬਣਿਆ ਪਿਆ ਹੈ। ਪੰਜਾਬ ਸਰਕਾਰ ਵਿੱਚ ਵਿਆਪਕ ਪੱਧਰ 'ਤੇ ਅਜਿਹੀ ਅਫਸਰਸ਼ਾਹੀ ਭਾਰੂ ਹੈ, ਜੋ ਪੰਜਾਬੀ ਭਾਸ਼ਾ ਤੋਂ ਦੂਰੀਆਂ ਬਣਾਈ ਬੈਠੀ ਹੈ। ਇਸ ਤੋਂ ਇਲਾਵਾ ਪੰਜਾਬ ਦਾ ਦੁਖਾਂਤ ਇਹ ਹੈ ਕਿ ਇਥੇ ਵੱਡੀ ਗਿਣਤੀ ਵਿੱਚ ਅਜਿਹੇ ਅਫਸਰ ਹਨ, ਜਿਨ੍ਹਾਂ ਨੂੰ ਪੰਜਾਬੀ ਆਉਂਦੀ ਹੀ ਨਹੀਂ।

ਉਂਜ ਨਿਯਮਾਂ ਅਨੁਸਾਰ ਆਈ ਐਸ ਅਧਿਕਾਰੀਆਂ ਲਈ ਜ਼ਰੂਰੀ ਹੈ ਕਿ ਉਹ ਜਿਸ ਵੀ ਰਾਜ ਵਿੱਚ ਨੌਕਰੀ ਕਰਦੇ ਹਨ, ਉਨ੍ਹਾਂ ਨੂੰ ਉਥੋਂ ਦੇ ਲੋਕਾਂ ਦੀ ਮਾਂ ਬੋਲੀ ਲਿਖਣੀ, ਬੋਲਣੀ ਤੇ ਸਮਝਣੀ ਚਾਹੁੰਦੀ ਹੈ। ਸਰਕਾਰ ਦੇ ਅਜਿਹੇ ਅਫਸਰਾਂ ਨੂੰ ਸਬੰਧਤ ਸੂਬਿਆਂ ਦੀ ਬੋਲੀ ਸਮਝਣ ਲਈ ਸਮਾਂ ਦਿੱਤਾ ਜਾਂਦਾ ਹੈ ਪਰ ਪੰਜਾਬ ਵਿੱਚ ਕਈ ਅਜਿਹੇ ਅਫਸਰ ਹਨ ਜੋ ਸਾਲਾਂ ਤੋਂ ਪੰਜਾਬੀ ਭਾਸ਼ਾ ਤੋ ਕੋਰੇ ਹਨ ਅਤੇ ਆਪਣੀ ਕਮਜ਼ੋਰੀ ਛੁਪਾਉਣ ਲਈ ਹੇਠਲੇ ਅਧਿਕਾਰੀਆਂ ਅਤੇ ਮੁਲਾਜ਼ਮਾਂ ਨੂੰ ਦਫਤਰੀ ਕੰਮ ਅੰਗਰੇਜ਼ੀ ਵਿੱਚ ਕਰਨ ਲਈ ਦਬਾਅ ਪਾਉਂਦੇ ਹਨ।

ਪਿਛਲੀ ਬਾਦਲ ਸਰਕਾਰ ਨੇ 'ਰਾਜ ਭਾਸ਼ਾ ਸੋਧਿਆ ਕਾਨੂੰਨ-2008' ਬਣਾ ਕੇ ਸਰਕਾਰੀ ਤੰਤਰ ਵਿੱਚ ਪੰਜਾਬੀ ਨੂੰ ਮੁਕੰਮਲ ਰੂਪ ਵਿੱਚ ਲਾਗੂ ਕਰਨ ਦਾ ਯਤਨ ਕੀਤਾ ਸੀ, ਪਰ ਇਸ ਵਿੱਚ ਅਫਸਰਾਂ ਨੇ ਆਪਣੀ ਪੰਜਾਬੀ ਭਾਸ਼ਾ ਨਾ ਆਉਣ ਦੀ ਨਾਲਾਇਕੀ ਛੁਪਾਉਣ ਲਈ ਚੋਰ ਮੋਰੀ ਰੱਖ ਲਈ ਤੇ ਸਰਕਾਰੀ ਕੰਮ ਪੰਜਾਬੀ ਭਾਸ਼ਾ ਵਿੱਚ ਨਾ ਕਰਨ ਵਾਲੇ ਅਧਿਕਾਰੀ ਜਾਂ ਮੁਲਾਜ਼ਮ ਨੂੰ ਕੋਈ ਸਜ਼ਾ ਦੇਣ ਦੀ ਮੱਦ ਨਹੀਂ ਜੋੜੀ ਗਈ। ਪੰਜਾਬੀ ਹਿਤੈਸ਼ੀ ਇਸ ਐਕਟ ਵਿੱਚ ਸਜ਼ਾ ਦੀ ਧਾਰਾ ਜੋੜਨ ਲਈ ਪਿਛਲੇ 11 ਸਾਲਾਂ ਤੋਂ ਜੱਦੋਂ-ਜਹਿਦ ਕਰਦੇ ਆਏ ਹਨ, ਪਰ ਕਿਸੇ ਸਰਕਾਰ ਨੇ ਬਾਂਹ ਨਹੀਂ ਫੜਾਈ।

## ਮੱਘਰ ਸਿੰਘ ਹੰਸਰਾਂ ਵੱਲੋਂ ਸੋਨੀਆਂ ਸਿੱਧੂ ਦਾ ਕਲੱਬ 'ਚ ਪਹੁੰਚਣ 'ਤੇ ਨਿੱਘਾ ਸਵਾਗਤ



ਬਰੈਂਪਟਨ, (ਸੁਰਜੀਤ ਸਿੰਘ ਫਲੋਰਾ) 30 ਅਕਤੂਬਰ ਦਿਨ ਬੁਧਵਾਰ ਨੂੰ ਬਰੈਂਪਟਨ ਸਾਉਥ ਤੋਂ ਦੁਸਰੀ ਵਾਰ ਜਿੱਤੀ ਮੈਂਬਰ ਆਫ ਪਾਰਲੀਮੈਂਟ ਸੋਨੀਆਂ ਸਿੱਧੂ ਇੰਡੀਅਨ ਇੰਟਰਨੈਸ਼ਨਲ ਸੀਨੀਅਰਜ਼ ਕਲੱਬ ਫਲੈਚਰਸ ਸਪੋਰਟਸ ਕਲੱਬ ਪਹੁੰਚੇ। ਜਿਥੇ ਸੋਨੀਆ ਸਿੱਧੂ ਨੇ ਸਾਰੇ ਕਲੱਬ ਮੈਂਬਰਾਂ ਨੂੰ ਦੀਵਾਲੀ ਅਤੇ ਬੰਦੀ ਛੋਡ ਦਿਵਸ ਦੀ ਵਧਾਈ ਦਿੱਤੀ। ਇਸ ਦੇ ਨਾਲ ਹੀ ਕਲੱਬ ਦੇ ਪ੍ਰੈਜੀਡੈਂਟ ਮੱਘਰ ਸਿੰਘ ਦਾ ਉਹਨਾਂ ਨੂੰ ਦੂਜੀ ਵਾਰ ਸਾਥ ਦੇ ਕੇ ਜਿਤਾਉਣ ਤੇ ਧੰਨਵਾਦ ਕੀਤਾ।

ਇੰਟਰਨੈਸ਼ਨਲ ਸੀਨੀਅਰਜ਼ ਕਲੱਬ ਦੇ ਮੈਂਬਰਾਂ ਨੇ ਮਿਲ ਕੇ ਸਾਂਝੇ ਤੌਰ 'ਤੇ ਦੀਵਾਲੀ ਅਤੇ ਬੰਦੀਛੋੜ-ਦਿਵਸ ਵੀ ਬਹੁਤ ਉਤਸ਼ਾਹ ਅਤੇ ਸ਼ਰਦਾ ਨਾਲ ਮਨਾਇਆ।

ਕਲੱਬ ਦੇ ਪ੍ਰੈਜੀਡੈਂਟ ਸ੍ਰ ਮੱਘਰ ਸਿੰਘ ਵਲੋਂ ਦੀਵਾਲੀ ਦੇ ਦਿਉਹਾਰ ਨੂੰ ਮਨਾਉਣ ਲਈ ਪੂਰੇ ਖਾਣੇ-ਪੀਣੇ ਦਾ ਪ੍ਰਬੰਧ ਵੀ ਕੀਤਾ ਹੋਇਆ ਸੀ। ਜਿਥੇ ਚਾਹ ਪਾਣੀ ਦਾ ਲੰਗਰ ਤੇ ਸਵਾਦੀ ਭੋਜਨ ਦਾ ਵੀ ਮੈਂਬਰਾ ਵਲੋਂ ਮਜਾ ਚੱਖਿਆਂ ਗਿਆ। ਕੁਝ ਸਾਹਿਤਕ ਮੈਂਬਰਾਂ ਵਲੋਂ ਦੀਵਾਲੀ ਅਤੇ ਬੰਦੀ ਛੋਡ ਦਿਵਸ ਦੇ ਇਤਿਹਾਸ ਤੇ ਛਾਨਣਾ ਪਾਉਂਦੇ ਹੋਏ ਆਪੋ ਆਪਣੇ ਵਿਚਾਰ ਵੀ ਸਾਂਝੇ ਕੀਤੇ ਗਏ ।

ਜਿੱਥੇ ਉਹਨਾਂ ਕਿਹਾ ਕਿ ਦੀਵਾਲੀ ਨੂੰ ਹਿੰਦੂ-ਸਿੱਖਾਂ ਦਾ ਸਾਂਝਾ ਤਿਉਹਾਰ ਅਨੁਸਾਰ ਮਿਲ ਕੇ ਮਨਾਇਆ ਜਾਂਦਾ ਹੈ। ਪਰ ਦੋਨੋਂ ਪਾਸਿਆਂ ਤੋਂ ਤਿਉਹਾਰ ਦਾ ਸਿੱਟਾ ਇਕ ਹੀ ਨਿਕਲਦਾ ਹੈ ਜੋ ਹੈ 'ਨੇਕੀ ਦੀ ਬਦੀ ਉੱਪਰ ਜਿੱਤ' ਤੋਂ ਵੀਹ ਦਿਨ ਬਾਅਦ ਰਾਮ ਚੰਦਰ, ਲਛਮਣ ਅਤੇ ਸੀਤਾ ਦੇ ਅਯੁੱਧਿਆ ਵਾਪਸ ਪਰਤਣ ਦੀ ਖ਼ੁਸ਼ੀ ਦੇ ਪ੍ਰਤੀਕ ਵਜੋਂ ਹੈ , ਸਿੱਖਾਂ ਦੇ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਦੇ ਗਵਾਲੀਅਰ ਦੇ ਕਿਲ੍ਹੇ ਤੋਂ 52 ਰਾਜਿਆਂ ਸਮੇਤ ਰਿਹਾਅ ਹੋ ਕੇ ਅੰਮ੍ਰਿਤਸਰ ਹਰਿਮੰਦਰ ਸਾਹਿਬ ਪਹੁੰਚਣ ਨਾਲ ਸਬੰਧਿਤ ਹੈ। ਜਿਸ ਨੂੰ ਦੋਨੋਂ ਸਿੱਖ ਅਤੇ ਹਿੰਦੂ ਬਹੁਤ ਹੀ ਸ਼ਰਧਾ ਨਾਲ ਪਰਿਵਾਰਾਂ ਸਮੇਤ ਮਨਾਉਂਨਦੇ ਹਨ।

ਮੱਘਰ ਸਿੰਘ ਹੰਸਰਾਂ ਨੇ ਬੜੇ ਮਾਣ ਨਾਲ ਕਿਹਾ ਕੇ ਸਾਡੇ ਲਈ ਬਹੁਤ ਵੀ ਫਖਰ ਵਾਲੀ ਗੱਲ ਹੈ ਕਿ ਅਸੀਂ ਕੈਨੇਡਾ ਦੀ ਧਰਤੀ ਤੇ ਹਿੰਦੂ ਸਿੱਖ ਦੇ ਵਿਤਕਰੇ ਤੋਂ ਉਪਰ ਉਠ ਕੇ ਇਕ ਚੰਗੇ ਉਸ ਵਾਹਿਗੂਰੂ ਦੇ ਇੰਨਸਾਨ ਬਣ ਰਹੇ ਹਾਂ, ਸਾਡੇ ਕਲੱਬ ਵਿਚ ਹਰਇਕ ਧਰਮ ਦਾ ਮੈਂਬਰ ਹੈ, ਤੇ ਅਸੀਂ ਮਿਲ ਜੁਲ ਕੇ ਸਭ ਨੂੰ ਇਕ ਸਮਾਨ ਸਮਝਦੇ ਹੋਏ ਇਕ ਦੂਜੀ ਦੇ ਦੁਖ ਸੁਖ ਸਾਂਝਿਆ ਹੀ ਨਹੀਂ ਕਰਦੇ ਬੱਲਕੇ ਕੋਈ ਮੁਸੀਬਤ ਆਉਣ ਤੇ ਇਕ ਦੂਜੇ ਨਾਲ ਮਦਦ ਲਈ ਖੜ੍ਹੇ ਵੀ ਹੁੰਦੇ ਹਾਂ।

ਆਖਿਰ ਤੇ ਮੱਘਰ ਵਿਚ ਹੰਸਰਾਂ ਵਲੋਂ ਸੋਨੀਆ ਸਿੱਧੂ ਦਾ ਕਲੱਬ ਵਿਚ ਆਉਣ ਤੇ ਅਤੇ ਉਹਨਾਂ ਦਾ ਹਮੇਸਾਂ ਸਾਥ ਦੇਣ ਲਈ ਧੰਨਵਾਦ ਕੀਤਾ। ਅਤੇ ਕਲੱਬ ਦੇ ਮੈਂਬਰਾਂ ਦਾ ਜਿਹਨਾਂ ਨੇ ਹੰਸਰਾਂ ਸਾਹਿਬ ਤੇ ਪਿਛਲੇ ਲੰਮੇ ਸਮੇਂ ਤੋਂ ਵਿਸ਼ਵਾਸ ਦਾ ਰਿਸ਼ਤਾ ਕਾਇਮ ਰੱਖਦੇ ਹੋਏ ਉਹਨਾਂ ਨੂੰ ਕਲੱਬ ਦੀ ਪ੍ਰੈਜੀਡੈਂਟੀ ਦੀ ਸੇਵਾ ਦਾ ਮੌਕਾ ਦੇ ਰਹੇ ਹਨ।

ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.





















# ਨਿਹਕਲੰਕ ਦਾ ਆਉਣਾ

ਸਤਿਗੁਰੂ ਸਤਿਗੁਰੂ ਸਤਿਗੁਰੂ ਗੋਬਿੰਦ ਜੀਉ॥

ਅਰਥ:- ਸਤਿਗੁਰੂ ਰਾਮ ਦਾਸ ਜੀ ਦੀ ਤਾਰੀਫ਼ ਕਰਦੇ ਹਨ ਭਟ=ਕੇ ਆਪ ਭੂਤ, ਭਵਿੱਖ, ਭਵਾਨ, ਤਿੰਨਾਂ ਸਮਿਆਂ ਵਿਚ ਵਿਚਰਦੇ ਆਏ ਹੋ ਅਤੇ ਆਪ ਗੋਬਿੰਦ ਸਰੂਪ ਹੋ ਅੱਗੇ ਦਸਦੇ ਹਨ ਕਿਹੜੇ ਗੋਬਿੰਦ ਹਨ।

ਬਲਿਹਿ ਛਲਨ ਸਬਲ ਮਲਨ ਭਗਿਤ ਫਲਨ ਕਾਨ੍ਹ ਕੁਅਰ॥

ਨਿਹਕਲੰਕ ਬਜੀ ਡੰਕ ਚੜ੍ਹ ਦਲ ਰਵਿੰਦ ਜੀਉ॥

ਅਰਥ:- ਆਪ ਜੀ ਨੇ ਸਤਿਜੁਗ ਵਿਚ ਬਾਵਨ ਅਵਤਾਰ ਧਾਰਨ ਕੀਤਾ ਅਤੇ ਬਲਿਹਿ ਛਲਨ=ਬਲ ਰਾਜੇ ਨੂੰ ਛਲਿਆ ਸੀ, ਬਲਦੇ ਨਾਲ ਦੇ ਦੈਂਤਾਂ ਨੂੰ ਮਲਨਾਂ ਕੀਤਾ ਨਾਮੁ ਦੇ ਰਸੀਏ ਭਗਤਾਂ ਨੂੰ ਖ਼ੁਸ਼ ਕੀਤਾ ਸੀ। ਫੇਰ ਦੁਆਪਰ ਜੁਗ ਵਿਖੇ ਆਪ ਜੀ ਨੇ ਕਾਨ੍ਹ ਕ੍ਰਿਸ਼ਨ ਰੂਪ ਹੋ ਕੇ ਕੁਆਰ=ਕੁਮਾਰੇਪਨ ਸਮੇਂ ਕਈ ਤਰ੍ਹਾਂ ਦੀਆਂ ਖੇਡਾਂ ਖੇਡੀਆਂ। ਕਲਜੁਗ ਵਿਖੇ ਜਦ ਨਿਹਕਲੰਕ ਅਵਤਾਰ ਆਵੇਗਾ, ਧੌਂਸਿਆਂ ਤੇ ਡੰਕਾ ਵਜਾਕੇ ਦੇਵਤਿਆਂ ਸੂਰਜ, ਚੰਦਰਮਾ ਅਤੇ ਸਾਰੇ ਦੇਵਤੇ ਜੰਗ ਵਿਚ ਪਾਪੀਆਂ ਨੂੰ ਡੰਡ ਦੇਵਣਗੇ।

ਰਾਮ ਰਵਣ ਚੁਰਤ ਦਵਣ ਸਕਲ ਭਵਣ ਕੁਸਲ ਕਰਣ

ਸਰਭ ਭੂਤ ਆਪਿ ਹੀ ਦੇਵਾਧਿ ਦੇਵ ਸਹਸ ਮੁਖ ਫਨਿੰਦ ਜੀਉ॥ ੧੪੦੩

ਅਰਥ:- ਦੇਵਤਿਆਂ ਦਾ ਜੋ ਵੱਡਾ ਦੇਵਤਾ=ਪਰਮਾਤਮਾ ਹੈ, ਉਹ ਆਪ ਹੀ ਸਰਬ ਭੂਤ=ਸਰਬ ਰੂਪ ਹੋ ਰਿਹਾ ਹੈ। ਜਿਸਦੀ ਉਸਤਤੀ ਫਨਿੰਦ=ਸ਼ੇਸ਼ਨਾਗ ਕਰਦਾ ਹੈ।

ਪ੍ਰਮਾਤਮ ਦੇ ਅਵਤਾਰ

ਜਰਮ ਕਰਮ ਮਛ ਕਛ ਹੁਆ ਬਰਾਹ ਜਮੁਨਾ ਕੈ ਕੂਲਿ ਖੇਲੁ ਖੇਲਿਓ ਜਿਨਿ ਗਿੰਦ ਜੀਉ॥ ਸਵਈਏ ਮਹਲੇ ਚਉਥੇ ਕੇ ੧੪੦੩।

ਅਰਥ:- ਜਿਸ ਵਾਹਿਗੁਰੂ ਨੇ ਆਪ ਹੀ ਮੱਛ ਦਾ ਅਵਤਾਰ ਧਾਰਨ ਕੀਤਾ, ਮੱਛ ਵਾਲੇ ਕੰਮ ਕੀਤੇ ਅਤੇ ਕੱਛੂ ਰੂਪ ਧਾਰਕੇ ਕੱਛੂ ਵਾਲੇ ਕੰਮ ਕੀਤੇ। ਆਪਣੀ ਪਿੱਠ ਉਤੇ ਮੰਧਰਾਚਲ ਪਰਬਤ ਚੁਕਿਆ ਅਤੇ ਸਮੁੰਦਰ, ਰਿੜਕਣਾ ਕੀਤਾ। ਬਰਾਹ ਰੂਪ ਧਾਰਕੇ ਸਮੁੰਦਰ ਵਿਚੋਂ ਧਰਤੀ ਚੁੱਕ ਕੇ ਲਿਆਂਦੀ। ਆਪਣੀਆਂ ਦਾੜ੍ਹਾਂ ਭਾਵ ਹੁਡ ਦੇ ਉੱਤੇ ਰੱਖਕੇ ਲਿਆਂਦੀ ਅਤੇ ਹਰਨਾਖ਼ਸ਼ ਦੇ ਭਰਾ ਹਰਨਾਕਸ਼ਅਪ ਨੂੰ ਮਾਰਿਆ ਸੀ ਅਤੇ ਦੁਆਪਰ ਜੁਗ ਵਿਚ ਉਸ ਗੋਬਿੰਦ ਨੇ ਕ੍ਰਿਸ਼ਨ ਰੂਪ ਹੋਕੇ ਗਿੰਦ ਆਦਿਕ ਦੀਆਂ ਖੇਡਾਂ ਖੇਡੀਆਂ। ਆਪਣੇ ਆਲੇ ਦੁਆਲੇ ਸਾਥੀਆਂ ਨਾਲ, ਆਪ ਗੁਰੂ ਰਾਮਦਾਸ ਸਾਹਿਬ ਜੀ ਉਹੀ ਸਰੂਪ ਧਾਰਕੇ ਆਏ ਹੋ।

ਸਵਈਏ ਮਹਲੇ ਚਉਥੇ ਕੇ

ਤਥਾ:- ਸਿਰੀ ਗੁਰੂ ਸਾਹਿਬੁ ਸਭ ਉਪਰਿ॥ ਕਰੀ ਕ੍ਰਿਪਾ ਸਤਿ ਜੁਗਿ ਜਿਨਿ ਧ੍ਰੂ ਪਰਿ॥

ਅਰਥ:- ਸ੍ਰੀ ਗੁਰੂ ਰਾਮ ਦਾਸ ਜੀ ਸਾਰਿਆਂ ਤੋਂ ਉਪਰ ਹਨ ਅਤੇ ਉਸ ਅਕਾਲ ਪੁਰਖ ਦਾ ਸਰੂਪ ਹਨ। ਜਿਨ੍ਹਾਂ ਨੇ ਸਤਜੁਗ ਵਿਚ ਧਰੂ ਭਗਤ ਉਤੇ ਆਪਣੀ ਕਿਰਪਾ ਦ੍ਰਿਸ਼ਟੀ ਕੀਤੀ ਹੈ।

ਸ੍ਰੀ ਪ੍ਰਹਿਲਾਦ ਭਗਤ ਉਧਰੀਐ॥ ਹਸ ਕਮਲ ਮਾਥੇ ਪਰ ਧਰੀਐ॥

(ਪੰਨਾ ੧੪੦੧)

ਅਰਥ:- ਸ੍ਰੀ ਪ੍ਰਹਿਲਾਦ ਭਗਤ ਦੇ ਮਥੇ ਉਪਰ ਹੱਥ ਰਖਿਆ ਉਸਦੇ ਪਿਤਾ ਹਰਨਾਖ਼ਸ਼ ਪਾਸੋਂ ਪ੍ਰਹਿਲਾਦ ਨੂੰ ਬਚਾਇਆ, ਰਖਿਆ ਕੀਤੀ। ਆਪ ਹੀ ਨਿਹ ਕਲੰਕ ਰੂਪ ਹੋਏ ਸੀ।

ਕਲਜੁਗ ਦੇ ਲੱਛਣ

ਅਥ ਨਿਹਕਲੰਕੀ ਚੌਬੀਸਵੇ ਅਵਤਾਰ ਕਥਨ॥

ਸ੍ਰੀ ਦਸਮ ਗ੍ਰੰਥ ਪਾ: ਦਸਵੀਂ

ਇਹ ਕਲੰਕੀ ਅਵਤਾਰ ਕਲਜੁਗ ਦੇ ਆਖਰੀ ਸਮੇਂ ਆਵੇਗਾ।

ਚੌਪਈ॥ ਅਬ ਮੈ ਮਹਾਂ ਸੁਧ ਮਤਿ ਕਰਕੈ॥ ਕਹੋ ਕਥਾ ਚਿਤੁ ਲਾਇ ਬਿਚਰ ਕੈ॥

ਚਉਬੀਵੌਂ ਕਲੰਕੀ ਅਵਤਾਰਾ॥ ਤਾਕਰ ਕਹੋ ਪ੍ਰਸੰਗ ਸੁਧਾਰਾ॥੧॥

ਅਰਥ:- ਹੁਣ ਮੈਂ ਆਪਣੀ ਬੁਧੀ ਨੂੰ ਸ਼ੁੱਧ ਕਰਕੇ ਵਿਚਾਰ ਕੇ ਚਿਤ ਲਾ ਕੇ ਕਥਾ ਕਹਿੰਦਾ ਹਾਂ, ਵਿਸ਼ਨੂੰ ਦਾ ਚੌਵੀਵਾਂ



ਕਰਨੈਲ ਸਿੰਘ ਟੋਰਾਂਟੋ
416-746-7642

ਅਵਤਾਰ ਕਲੰਕੀ ਹੋਵੇਗਾ, ਉਸ ਪ੍ਰਸੰਗ ਨੂੰ ਲਿਖਦਾ ਹਾਂ॥੧॥

ਭਾਰਾਕ੍ਰਿਤ ਹੋਤ ਜਬ ਧਰਣੀ॥ ਪਾਪ ਗ੍ਰਸਤ ਕਛੂ ਜਾਤ ਨ ਬਰਣੀ॥

ਭਾਂਤ ਭਾਂਤ ਤਨ ਹੋ ਉਤਪਾਤਾ॥

ਅਰਥ:- ਜਦੋਂ ਧਰਤੀ 'ਤੇ ਪਾਪ ਵਧ ਜਾਵੇਗਾ ਪਾਪਾਂ ਨਾਲ ਜਕੜੀ ਜਾਵੇਗੀ। ਜਿਸ ਪਾਪ ਦਾ ਵਰਣਨ ਕਰਨਾ ਕਠਿਨ ਹੈ। ਤਰ੍ਹਾਂ ਤਰ੍ਹਾਂ ਦਾ ਉਪਦ੍ਰਵ ਹੋਵੇਗਾ।

ਤਥਾ= ਕੂੜੀ ਰਾਸਿ ਕੂੜਾ ਵਾਪਾਰੁ॥ ਕੂੜੁ ਬੋਲਿ ਕਰਹਿ ਆਹਾਰੁ॥

ਸਰਮ ਧਰਮ ਕਾ ਡੇਰਾ ਦੂਰਿ॥ ਨਾਨਕ ਕੂੜੁ ਰਹਿਆ ਭਰਪੂਰਿ॥

(ਪੰਨਾ ੪੭੧)

ਅਰਥ:- ਬਿਨਾਂ ਸ਼ਰਧਾ ਤੋਂ ਰਾਸ=ਪੂੰਜੀ ਝੂਠੀ ਹੈ। ਵਪਾਰ ਵੀ ਝੂਠਾ ਹੈ, ਕਹਿੰਦੇ ਹਨ ਅਸੀਂ ਧਰਮੀ ਹਾਂ ਰੱਬ ਦੇ ਬੰਦੇ ਦਰਵੇਸ਼ ਹਾਂ। ਪਰ ਰੱਬ ਦੇ ਬੰਦੇ ਹੋ ਕੇ ਝੂਠ ਬੋਲਕੇ ਆਹਾਰੁ=ਭੋਜਨ ਖਾਂਦੇ ਹਨ, ਭਾਵ ਪਾਪਾਂ ਦੀ ਕਮਾਈ। ਸ਼ਰਮ ਧਰਮ ਦਾ ਡੇਰਾ=ਥਾਂ ਗਿਆਨ ਹੈ ਉਹ ਤਾਂ ਦੂਰ=ਭੁਲ ਹੀ ਗਏ। ਨਿਰਾ ਪਹਿਰਾਵਾ ਧਰਮੀਆਂ ਵਾਲਾ ਪਾਇਆ ਹੈ। ਲੋਕਾਂ ਦੀ ਖੱਟੀ ਲੁਟਣ ਲਈ। ਸਤਿਗੁਰੂ ਕਥਨ ਕਰਦੇ ਹਨ ਕਿ ਹੁਣ ਤਾਂ ਝੂਠ ਹੀ ਸਾਰੇ ਭਰਪੂਰ ਹੈ ਭਾਵ ਫੈਲਿਆ ਹੋਇਆ ਹੈ।

ਚੌਧਰੀ ਡੱਲਾ ਅਤੇ ਬਰਾੜਾਂ ਦੀ ਫੌਜ ਨੇ ਭੱਜਣਾ

ਚੌਧਰੀ ਡੱਲੇ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਬਹੁਤ ਸੇਵਾ ਕੀਤੀ ਅਤੇ ਔਰੰਗਜ਼ੇਬ ਦੀ ਕੋਈ ਪ੍ਰਵਾਹ ਨਹੀਂ ਕੀਤੀ ਭਾਵ ਡਰ ਨਹੀਂ ਮੰਨਿਆ। ਵੱਡੀ ਕੁਰਬਾਨੀ ਕੀਤੀ ਸੀ। ਪਰ ਜਿਸ ਵੇਲੇ ਗੁਰੂ ਜੀ ਦੱਖਣ ਦਿਸ਼ਾ ਨੂੰ ਚਾਲੇ ਪਾਏ ਤਾਂ ਡੱਲਾ ਚੌਧਰੀ ਅਤੇ ਬਰਾੜਾਂ ਦੀ ਫੌਜ ਗੁਰੂ ਸਾਹਿਬਾਨ ਦੇ ਨਾਲ ਹੀ ਗਏ ਕਿਉਂਕਿ ਡੱਲੇ ਦੀ ਸ਼ਰਧਾ ਬਹੁਤ ਸੀ, ਪਰ ਰਸਤੇ ਦੀਆਂ ਕਠਿਨਾਈਆਂ ਨੂੰ ਦੇਖਦੇ ਹੋਏ ਪਹਿਲਾਂ ਡੱਲੇ ਦੇ ਬਰਾੜ ਭੱਜ ਆਏ। ਉਸਤੋਂ ਬਾਦ ਡੱਲਾ ਚੌਧਰੀ ਰਤਾ ਨੂੰ ਚੋਰੀ ਭੱਜ ਗਿਆ। ਕਵੀ ਕਰਤਾਰ ਸਿੰਘ ਜੀ ਇਸ ਤਰ੍ਹਾਂ ਲਿਖਦੇ ਹਨ।

ਬੈਂਤ॥ ਵੇਖੋ ਵੇਖੀ ਪਹਿਲਾਂ ਟੁਰ ਪਏ ਸਭੇ, ਪਰ ਘਰਾਂ ਦਾ ਮੋਹ ਦਬਾ ਗਿਆ।

ਪਹਿਲੀ ਰਾਤ ਫਤੇ ਸਿੰਘ ਖਿਸਕ ਗਿਆ, ਨਾਲ ਸਾਥੀਆਂ ਨੂੰ ਲੈ ਕੇ ਧਾ ਗਿਆ।

ਅਧੀ ਰਾਤ ਡੇਰੇ ਦੀ ਪ੍ਰਕਰਮਾਂ ਲੈ, ਰਾਏ ਡਲਾਭੀ ਮੂੰਹ ਛੁਪਾ ਗਿਆ।

ਵੇਖ ਇਨ੍ਹਾਂ ਸਰਦਾਰਾਂ ਨੂੰ ਭਜਦਿਆਂ, ਪੈਰ ਹੋਰ ਵਹੀਰ ਖਿਸਕਾ ਗਿਆ।

ਰਾਤ ਪਿਛਲੀ ਡਲੇ ਨੂੰ ਯਾਦ ਕੀਤਾ, ਬੇਨਵਾ ਇਉਂ ਆ ਸੁਨਾ ਗਿਆ।

ਨ ਡਲਾ ਨ ਮਲਾ, ਰਿਹਾ ਗੁਰੂ ਕਲਾ, ਪੈਰ ਘਰਾਂ ਨੂੰ ਸਾਥ ਉਠਾ ਗਿਆ।

ਏਹ ਸੁਣਕੇ ਗੁਰੂ ਜੀ ਹੱਸ ਬੋਲੇ, ਡਲਾ ਝਲਾ ਹੋ ਮੂਲ ਗਵਾ ਗਿਆ।

ਗੁਰੂ ਕਲਾ ਕਿਉਂ, ਅੱਲਾ ਕਰਤਾਰ ਸਿੰਘ, ਨਾਲ ਸਦਾ ਹੀ ਪਲਾ ਫੜਾ ਗਿਆ।

ਅਰਥ:- ਮੂਲ ਤੋਂ ਭਾਵ ਕੀਤੀ ਹੋਈ ਸੇਵਾ ਸਭ ਕੁਛ ਗਵਾ ਗਿਆ ਅਤੇ ਝੱਲੇ ਬਚਨ ਤੋਂ ਭਾਵ ਗੁਰੂ ਜੀ ਤੋਂ ਸਰਾਪ ਲੈ ਗਿਆ, ਗੁਰੂ ਦੇ ਸਰਾਪ ਤੋਂ ਅੱਗੇ ਨਰਕ ਹੁੰਦਾ ਹੈ।

ਨੰਦ ਚੰਦ ਦੀਵਾਨ ਅਤੇ ਸੈਨਾਪਤੀ ਨੂੰ ਸਰਾਪ

ਇਕ ਦਿਨ ਸ੍ਰੀ ਗੁਰੂ ਗੋਬਿੰਦ ਮਹਾਰਾਜ ਦੇ ਚਰਨਾਂ ਵਿਚ ਇਕ ਉਦਾਸੀ ਸਾਧੂ ਨੇ ਬੇਨਤੀ ਕੀਤੀ ਕਿ ਮੈਂ ਬੜੀ ਸ਼ਰਧਾ ਨਾਲ ਇਕ ਬੀੜ ਆਪਣੇ ਹੱਥਾਂ ਨਾਲ ਤਿਆਰ ਕੀਤੀ ਭਾਵ ਦੂਸਰੀ ਬੀੜ ਤੋਂ ਉਤਾਰਾ ਕੀਤਾ। ਸਤਿਗੁਰੂ ਜੀ ਉਹ ਬੀੜ ਆਪ ਜੀ ਦੇ ਦਸਖਤ ਕਰਵਾਉਣ ਲਈ ਦੀਵਾਨ ਨੰਦ ਚੰਦ ਜੀ ਨੂੰ ਦਿਤੀ ਸੀ। ਹੁਣ ਉਹ ਮੁੱਕਰ ਹੀ ਗਿਆ, ਕਿ ਮੈਨੂੰ ਕੋਈ ਬੀੜ ਨਹੀਂ ਦਿਤੀ ਤੈਂ, ਸਤਿਗੁਰੂ ਨੰਦ ਚੰਦ ਨੂੰ ਪੁੱਛਿਆ ਤਾਂ=ਨਿਮਕ ਹਰਾਮੀ ਨੰਦ ਚੰਦ ਨੇ ਗੁਰੂ ਸਾਹਿਬ ਅੱਗੇ ਵੀ ਝੂਠ ਬੋਲ ਦਿਤਾ ਕਿ ਇਹ ਸੰਤ ਮੈਨੂੰ ਕੋਈ ਬੀੜ ਨਹੀਂ ਦੇ ਕੇ ਗਿਆ। ਗੁਰੂ ਜੀ ਕਹਿਆ ਝੂਠ ਬੋਲਿਆਂ ਕਮੌਤੇ ਮਰੇਂਗਾ। ਘਟਿ ਘਟਿ ਕੇ ਅੰਤਰਿ ਕੀ ਜਾਨਤ॥ ਸਤਿਗੁਰੂ ਜੀ ਸਮਝ ਗਏ ਕਿ ਇਹ ਝੂਠਾ ਹੈ। ਸਤਿਗੁਰਾਂ ਕਿਹਾ ਨੰਦ ਚੰਦ ਤੂੰ ਝੂਠ ਬੋਲਕੇ ਠੀਕ ਨਹੀਂ ਕੀਤਾ। ਤੂੰ ਲਾਲਚ ਵਿਚ ਆਕੇ ਬੀੜ ਲੁਕਾਈ ਹੈ। ਜਿਹੜਾ ਪੁਰਸ਼ ਜਾਂ ਇਸਤ੍ਰੀ ਇਸ ਬੀੜ ਦਾ ਸੰਪੂਰਨ ਭੋਗ ਪਾਇਗਾ ਉਹ ਅੰਨ੍ਹਾ ਹੋ ਜਾਵੇਗਾ, ਇਕ ਸਿੱਖ ਨੇ ਅਜਮਾਇਸ਼ ਲਈ ਭੋਗ ਪਾਇਆ ਸੀ, ਉਹ ਅੰਨ੍ਹਾ ਹੋ ਗਿਆ ਸੀ। ਉਹ ਬੀੜ ਅਜ ਕਲ ਡਰੌਲੀ ਵਿਚ ਦਸੀ ਜਾਂਦੀ ਹੈ। ਨੰਦ ਚੰਦ ਝੂਠ ਬੋਲਣ ਕਰਕੇ ਡਰਦਾ ਚੋਰੀ ਚਲਾ ਗਿਆ। ਕਰਤਾਰਪੁਰ ਧੀਰ ਮੱਲ ਪਾਸ ਚਲਾ ਗਿਆ। ਧੀਰ ਮੱਲ ਨੇ ਗੁਰੂ ਜੀ ਦਾ ਜਾਸੂਸ ਸਮਝ ਕੇ ਮਾਰ ਦਿਤਾ ਸੀ, ਅੱਗੇ ਨਰਕ ਮਿਲੇਗਾ। ਗੁਰੂ ਦੀ ਕਰੋਪੀ ਗੁਰੂ ਦਾ ਨਿਰਾਧਰ ਕਰਨਾ ਝੂਠ ਬੋਲਣਾ ਨੰਦ ਚੰਦ ਵਾਂਗ ਗੁਰੂ ਜੀ ਪਾਸ ਝੂਠੀ ਅਰਦਾਸ ਕਰਨੀ। ਲੋਭ ਵੱਸ ਹੋਕੇ ਗੁਰੂ ਨੂੰ ਧੋਖਾ ਦੇ ਕੇ ਅੱਖੀਂ ਘੱਟੇ ਵਾਲੀ ਚਲਾਕੀ ਹੈ।

ਝੂਠੈ ਕੀਰੇ ਝੂਠੁ ਪਰੀਤਿ ਛੁਟਕੀ ਰੇ ਮਨ ਛੁਟਕੀ ਰੇ।

ਸਾਕਤ ਸੰਗਿ ਨਾ ਛੁਟਕੀ ਰੇ॥ ਰਹਾਉ॥

ਅਰਥ:- ਝੂਠੇ ਪੁਰਸ਼ ਦੀ ਪ੍ਰੀਤ ਕਰਨੀ ਵੀ ਝੂਠੀ ਹੀ ਹੈ। ਹੇ ਭਾਈ ਝੂਠੇ ਪੁਰਸ਼ ਦੀ ਪ੍ਰੀਤੀ ਦੋਸਤੀ ਛੱਡਦੇ, ਝੂਠੇ ਸਾਕਤਾਂ ਦੀ ਸੰਗਤ ਕਰਕੇ ਯਮਾਂ ਤੋਂ ਛੁਟਕਾਰਾ ਨਹੀਂ ਹੁੰਦਾ।

ਜਿਉ ਕਾਜਰ ਭਰਿ ਮਦਰੁ ਰਾਖਿਓ ਜੋ ਪੈਸੇ ਕਾਲੂਖੀ ਰੇ॥

(ਪੰਨਾ ੫੩੫)

ਅਰਥ:- ਕਾਜਰ ਦਾ ਮੰਦਰ=ਜਿਵੇਂ ਕਿਸੇ ਕਾਲਾ ਕੱਜਲ ਭਰਿਆ ਹੋਵੇ, ਜਿਹੜਾ ਉਸ ਕਾਲਖ ਦੇ ਭਰੇ ਮੰਦਰ ਵਿਚ ਪ੍ਰਵੇਸ਼ ਕਰੇਗਾ ਕਾਲਾ ਹੋ ਜਾਵੇਗਾ। ਭਾਵ ਝੂਠੇ ਦੀ ਸੰਗਤ ਨਾ ਕਰੋ। ਸੰਗਤ ਸਤ ਪੁਰਖੁ ਦੀ ਕਰਨੀ ਠੀਕ ਹੈ। ਭੰਗਾਣੀ ਦੇ ਯੁਧ ਵਿਚ ਨੰਦ ਚੰਦ ਦੀ ਬਹਾਦਰੀ।

ਤਹਾਂ ਨੰਦ ਚੰਦ ਕੀਯੋ ਕੋਪੁ ਭਾਰੋ॥ ਲਗਾਈ ਬਰਛੀ ਕ੍ਰਿਪਾਣੰ ਸੰਭਾਰੋ॥

ਤੁਟੀ ਤੇਗ ਤ੍ਰਿੱਖੀ ਕਢੇ ਜੰਮ ਦੱਢੰ॥ ਹਠੀ ਰਾਖੀਯੰ ਲੱਜ ਬੰਸੰ ਸੱਨਢੰ॥੧੨॥

ਅਧਿਆਏ ਅਠਵਾਂ ਬਚਿਤ੍ਰ ਨਾਟਕ

ਅਰਥ:- ਜੰਗ ਦੇ ਵਿਚ ਦੀਵਾਨ ਨੰਦ ਚੰਦ ਨੇ ਬੜੇ ਕਰੋਧ ਨਾਲ ਆਪਣੀ ਬਰਛੀ ਨਜਾਬਤ ਖਾਂ ਨੂੰ ਮਾਰੀ ਸੀ, ਫੇਰ ਆਪਣੇ ਹੱਥਾਂ ਵਿਚ ਤਲਵਾਰ ਫੜ ਲਈ ਸੀ। ਜੰਗ ਕਰਦਿਆਂ ਉਸ ਦੀ ਤਲਵਾਰ ਟੁੱਟ ਗਈ ਸੀ। ਉਸ ਨੇ ਕਟਾਰ ਕੱਢ ਲਈ ਜੰਗ ਵਿਚ, ਦੀਵਾਨ ਨੰਦ ਚੰਦ ਨੇ ਖੂਬ ਜੌਹਰ ਦਿਖਾਏ ਸੀ। ਪਰ ਇਕ ਵਾਰ ਗੁਰੂ ਜੀ ਦੇ ਸਾਹਮਣੇ ਝੂਠ ਬੋਲਣ ਕਰਕੇ ਗੁਰੂ ਜੀ ਦੀ ਨਿਰਾਦਰੀ ਸਹੇੜ ਕੇ, ਧੀਰ ਮੱਲ ਦੇ ਹੱਥੋਂ ਮਾਰਿਆ ਗਿਆ। ਝੂਠ ਬੋਲ ਕੇ ਅਰਦਾਸ ਕਰਨੀ ਆਪਣੀ ਜੜ੍ਹ ਆਪ ਪੁੱਟਣ ਵਾਲੀ ਗੱਲ ਹੈ, ਕਰਦੇ ਵੀ ਗੁਰਮਤਿ ਦਾ ਪ੍ਰਚਾਰ ਕਰਨ ਵਾਲੇ ਗੁਰੂ ਜੀ ਦੇ ਨਜ਼ਦੀਕੀ ਹੀ ਹਨ। ਝੂਠੀਆਂ ਅਰਦਾਸਾਂ ਲੋਭ ਵਿਚ ਆਕੇ ਨੰਦ ਚੰਦ ਦੀਵਾਨ ਵਾਂਗ। ਪਰ ਗੁਰੂ ਝੂਠੇ ਨੂੰ ਬਖਸ਼ਦੇ ਨਹੀਂ। ਆਪਣੇ ਆਪ ਨਰਕਾਂ ਵਿਚ ਡਿਗਣ ਦਾ ਟਿਕਟ ਲੈਂਦੇ ਹਨ। ਮੇਰਾ ਵਾਰ ਵਾਰ ਲਿਖਣ ਦਾ ਭਾਵ ਹੈ ਕਿ ਅਜੇ ਸਮਝੋ ਅਤੇ ਗੁਰੂ ਸਾਹਿਬਾਨ ਦੇ ਚਰਨਾਂ ਵਿਚ ਮਾਫੀਆਂ ਮੰਗੋ। ਗੁਰੂ ਨਾਨਕ ਦੀ ਗੱਦੀ ਮਾਫੀ ਦਿੰਦੀ ਹੈ ਇਤਿਹਾਸ ਗਵਾਹ ਹੈ।

ਤਥਾ= ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ॥

(ਪੰਨਾ ੫੪੪)

ਭੰਗਾਣੀ ਦੇ ਜੰਗ ਵਿਚ ਹੇਠ ਲਿਖੇ ਸੂਰਮੇ ਵਿਚ ਆਏ।

ਸੰਗੋ ਸ਼ਾਹ, ਜੀਤ ਮੱਲ, ਗਾਜ਼ੀ ਗੁਲਾਬ, ਮਾਹਰੀ ਚੰਦ, ਗੰਗਾ ਰਾਮ, ਲਾਲ ਚੰਦ, ਪ੍ਰੋਹਤ ਦਯਾ ਰਾਮ, ਕ੍ਰਿਪਾਲ ਚੰਦ ਉਦਾਸੀ, ਨੰਦ ਚੰਦ, ਮਾਮਾ ਕਿਰਪਾਲ ਜੀ।

(ਕਲਜੁਗ ਦੇ ਲਛਣ) ਸਲੋਕ ਮ: ੧॥

ਤਥਾ= ਜੇ ਸਉ ਵਰ੍ਹਿਆਂ ਮਿਠਾ ਖਾਜੈ ਭੀ ਫਿਰਿ ਕਉੜਾ ਖਾਇ॥

ਮਿਠਾ ਖਾਧਾ ਚਿਤਿ ਨ ਆਵੈ ਕਉੜਤਣੁ ਧਾਇ ਜਾਇ॥ ਪੰਨਾ ੧੨੪੩

ਮੂਰਖਾਂ ਦੀ ਸੰਗਤ ਵਿਚ ਕਾਵਾਂ ਰੌਲੀ ਭਾ: ਸ: ਜੀ. ੩੨-੧੯

੧. ਠੰਢੇ ਖੂਹਹੁੰ ਨ੍ਹਾਇਕੈ ਪੱਗ ਵਿਸਾਰ ਆਇਆ ਸਿਰ ਨੰਗੈ।

੨. ਘਰਿ ਵਿਚ ਰੰਨਾ ਕਮਲੀਆਂ ਧੁੱਸੀ ਲੀਤੀ ਦੇਖ ਕੁਢੰਗੈ।

੩. ਰੰਨਾ ਦੇਖ ਪਿਟਦੀਆਂ ਢਾਹਾਂ ਮਾਰੈ ਹੋਇ ਨਿਸੰਗੈ।

੪. ਲੋਕ ਸਿਆਪੇ ਆਇਆ ਰੰਨਾ ਪੁਰਸ਼ ਜੁੜੇ ਲੈ ਪੰਗੈ।

੫. ਨਾਇਣ ਪੁਛਦੀ ਪਿਟਦੀਆਂ ਕਿਸਦੇ ਨਾਇ ਅਲ੍ਹਾਹਣੀ ਅੰਗੈ।

੬. ਸਹੁਰੇ ਪੁਛਹੁ ਜਾਇਕੈ ਕਉਣ ਮੁਆ ਨੂੰਹ ਉੱਤਰ ਮੰਗੈ।

੭. ਕਾਵਾਂ ਰੌਲੀ ਮੂਰਖੁ ਸੰਗੈ॥੧੯॥

ਅਰਥ:- ੧. ਇਕ ਆਦਮੀ ਖੂਹ 'ਤੇ ਠੰਡੇ ਪਾਣੀ ਨ੍ਹਾਤਾ ਪੱਗ ਖੂਹ 'ਤੇ ਭੁਲ ਗਿਆ। ਨੰਗੇ ਸਿਰ ਘਰ ਆ ਗਿਆ। ੨. ਉਸਨੂੰ ਨੰਗੇ ਸਿਰ ਆਇਆ ਦੇਖ ਕੇ ਕਮਲੀਆਂ ਰੰਨਾ ਨੇ ਸਿਆਪਾ ਸ਼ੁਰੂ ਕਰ ਦਿਤਾ, ਨੂੰਹ ਨੇ ਅਨੁਮਾਨ ਲਾ ਲਿਆ ਕਿ ਸਾਡੇ ਸਬੰਧੀਆਂ ਵਿਚ ਕੋਈ ਮਰ ਗਿਆ ਹੈ। ਜਿਹੜਾ ਸਹੁਰਾ ਨੰਗੇ ਸਿਰ ਆਉਂਦਾ ਹੈ। ੩. ਇਸਤ੍ਰੀਆਂ ਨੂੰ ਰੋਂਦਿਆਂ ਦੇਖ ਕੇ ਘਰ ਦੇ ਸਾਰੇ ਜੀਅ ਧਾਹਾਂ ਮਾਰਕੇ ਰੋਣ ਲੱਗ ਗਏ, ੪. ਆਂਢੀ ਗੁਆਂਢੀ ਵੀ ਉਹਨਾਂ ਦੇ ਕੋਈ ਮਰਿਆ ਸਮਝਕੇ ਆ ਗਏ। ਇਸਤ੍ਰੀਆਂ ਪੁਰਖ ਪੰਗਤਾਂ ਲਾ ਕੇ ਬੈਠ ਗਏ। ੫. ਇਤਨੇ ਨੂੰ ਨੈਣ ਵੀ ਆ ਜਾਂਦੀ ਹੈ। ਸਿਆਪੇ ਦੀ ਟੀਚਰ, ਨੈਣ ਪੁੱਛਦੀ ਹੈ ਕਿਸ ਦਾ ਨਾਮ ਲੈ ਕੇ ਅਲਾਹਣੀ ਲਵਾਂ ਭਾਵ ਰੋਵਾਂ ਸਿਆਪਾ ਪਾਵਾਂ। ੬. ਅੱਗੋਂ ਨੂੰਹ ਨੇ ਆਖਿਆ ਮੇਰੇ ਸਹੁਰੇ ਨੂੰ ਪੁਛਹੁ ਉਹ ਨੰਗੇ ਸਿਰ ਘਰ ਆਇਆ ਹੈ। ਮਰੇ ਦਾ ਪਤਾ ਤਾਂ ਸਹੁਰੇ ਨੂੰ ਹੈ ਮੈਂ ਤਾਂ ਅੰਦਾਜ਼ਾ ਲਾਇਆ ਸੀ। ਤਾਂ ਸਹੁਰੇ ਨੇ ਝੱਟ ਸਿਰ ਤੇ ਹੱਥ ਮਾਰਿਆ ਤਾਂ ਪੱਗ ਹੈ ਨਹੀਂ, ਖੂਹ ਤੋਂ ਜਾਕੇ ਪੱਕ ਚੁੱਕੀ ਸਿਰ 'ਤੇ ਬੰਨ੍ਹੀ ਤੇ ਸਿਆਪਾ ਖਤਮ ਹੋ ਗਿਆ। ੭. ਭਾਈ ਸਾਹਿਬ ਜੀ ਲਿਖਦੇ ਹਨ ਕਿ ਮੂਰਖਾਂ ਦੀ ਸੰਗਤ ਵਿਚ ਕਾਵਾਂ ਰੌਲੀ ਹੁੰਦੀ ਹੈ॥੧੯॥

ਸਲੋਕੁ ਮ: ੧॥

ਨਾਨਕ ਮੇਰੁ ਸਰੀਰ ਕਾ ਇਕੁ ਰਥੁ ਇਕੁ ਰਥਵਾਹੁ॥

ਜੁਗੁ ਜੁਗੁ ਫੇਰਿ ਵਟਾਈਅਹਿ ਗਿਆਨੀ ਬੁਝਹਿ ਤਾਹਿ॥ (ਪੰਨਾ ੪੭੦)

ਅਰਥ:- ਸ੍ਰੀ ਗੁਰੂ ਨਾਨਕ ਦੇਵ ਜੀ ਕਥਨ ਕਰਦੇ ਹਨ-ਸਰੀਰ ਦਾ ਮੇਰੁ=ਸ਼੍ਰੋਮਣੀ ਜੋ ਜੀਵ ਹੈ, ਇਕ ਇਸ ਦਾ ਰਥ=ਅਤੇ ਇਕ ਰਥਵਾ ਹੀ ਹੈ। ਜੁਗਾਂ ਜੁਗਾਂ ਵਿਚ ਇਹ ਰੱਥ ਅਤੇ ਰਥਾਵਾ ਹੀ=ਡਰਾਇਵਰ ਬਦਲਦੇ ਰਹਿੰਦੇ ਹਨ, ਪਰ ਜੀਵ ਜੋ ਰਾਜਾ ਹੈ ਰਥ ਵਿਚ ਸਫਰ ਕਰਨ ਵਾਲਾ ਉਹ ਨਹੀਂ ਬਦਲਦਾ। ਇਸ ਗੱਲ ਨੂੰ ਗਿਆਨਵਾਨ ਹੀ ਬੁਝਹਿ=ਸਮਝਦੇ ਹਨ।

ਤਥਾ= ਜੁਗਿ ਜੁਗਿ ਮੇਰੁ ਸਰੀਰ ਕਾ ਬਾਸਨਾ ਬਧਾ ਆਵੈ ਜਾਵੈ।

ਫਿਰਿ ਫਿਰਿ ਫੇਰਿ ਵਟਾਈਐ ਗਿਆਨੀ ਹੋਇ ਮਰਮੁ ਕਉ ਪਾਵੈ। ਭਾ:ਸਾ:ਜੀ:

ਸਤਜੁਗਿ ਰਥੁ ਸੰਤੋਖੁ ਕਾ ਧਰਮੁ ਅਗੈ ਰਥਵਾਹੁ॥

(ਪੰਨਾ ੪੭੦)

ਤ੍ਰੇਤੈ ਰਥੁ ਜਤੈ ਕਾ ਜੋਰੁ ਅਗੈ ਰਥਵਾਹ॥

ਅਰਥ:- ਸਤਿਜੁਗ ਦੇ ਲੋਕ ਸੰਤੋਖੀ ਸੀ ਅਤੇ ਸੱਚ ਬੋਲਣਾ ਰਥਵਾਹੀ ਸੀ।

ਤਥਾ= ਸਤਜੁਗਿ ਸਤੁ ਸੰਤੋਖੁ ਸਰੀਰਾ॥ ਸਤਿ ਸਤਿ ਵਰਤੈ ਗਹਿਰ ਗੰਭੀਰਾ॥

ਸਤਿਜੁਗਿ ਸਾਚੁ ਕਹੈ ਸਭੁ ਕੋਈ॥ ਸਚਿ ਵਰਤੈ ਸਾਚਾ ਸੋਈ॥੪॥

(ਪੰਨਾ ੧੦੨੩) ਮਾਰੂ ਮਹਲਾ ੧॥

ਅਰਥ:- ਤ੍ਰੇਤੇ ਜੁਗ ਵਿਚ ਸਰੀਰਾਂ ਰੂਪੀ ਰਥ ਜਤ ਦੇ ਸਨ। ਜੋਰ ਅਗੈ=ਬਲ ਅਗੇ ਰਥਵਾਹੀ ਸੀ।

ਤਥਾ=ਤ੍ਰੇਤਾ ਜੁਗੁ ਆਇਆ ਅੰਤਰਿ ਜੋਰੁ ਪਾਇਆ ਜਤੁ ਸੰਜਮ ਕਰਮ ਕਮਾਇ ਜੀਉ॥ ਆਸਾ ਮਹਲਾ ੪॥

ਦੁਆਪਰਿ ਰਥੁ ਤਪੈ ਕਾ ਸਤੁ ਅਗੈ ਰਥਵਾਹੁ॥

ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ॥੧॥

(ਪੰਨਾ ੪੭੦)

ਅਰਥ:- ਦੁਆਪਰ ਜੁਗ ਵਿਖੇ ਰਥ ਤਪ ਦਾ ਸੀ ਅਤੇ ਧਰਮ ਰਥਵਾਹੀ ਸੀ। ਕਲਜੁਗਿ ਦੇ ਜੀਵਾਂ ਦਾ ਰਥ ਜਾਂ ਕਲਜੁਗ ਦੇ ਰਾਜੇ ਦਾ ਰਥ ਅਗਨ ਦਾ ਹੈ ਤੇ ਕੂੜੁ=ਝੂਠ ਬੋਲਣਾ ਇਹ ਅੱਗੇ ਰਥਵਾਹੀ ਹੈ॥੧॥

ਆਸਾ ਮਹਲਾ ੪॥

ਤਥਾ= ਕਲਜੁਗ ਹਰਿ ਕੀਆ ਪਗ ਤ੍ਰੈ ਖਿਸਕੀਆ ਪਗੁ ਚਉਥਾ ਟਿਕੈ ਟਿਕਾਇ ਜੀਉ॥

ਤਥ:- ਕਲਜੁਗਿ ਬੀਜੁ ਬੀਜੇ ਬਿਨ ਨਾਵੈ ਸਭੁ ਲਾਹਾ ਮੂਲੁ ਗਵਾਇਆ॥ ਪੰਨਾ ੪੪੬

ਸਲੋਕ ਮ: ੧॥

ਕਲੀ ਅੰਦਰਿ ਨਾਨਕਾ ਜਿੰਨਾ ਦਾ ਅਉਤਾਰੁ॥

ਪੁਤੁ ਜਿਨੂਰਾ ਧੀਅ ਜਿਨੂਰੀ ਜੋਰੂ ਜਿੰਨਾ ਦਾ ਸਿਕਦਾਰੁ॥੧॥ ਪੰਨਾ ੫੫੬

ਅਰਥ:- ਸ੍ਰੀ ਗੁਰੂ ਨਾਨਕ ਦੇਵ ਜੀ ਇਸ ਸ਼ਬਦ ਰਾਹੀਂ ਕਲਜੁਗ ਦੀ ਕ੍ਰਿਰਿਆ ਦਸਦੇ ਹਨ ਕਿ ਕਲੀ=ਕਲਜੁਗ ਦੇ ਵਿਚ ਪੁਰਸ਼ ਬੰਦੇ ਜਿਹੜੇ ਅਵਤਾਰ=ਜਨਮ ਲੈਣਗੇ। ਨਾਮਹੀਣ=ਭੂਤਨਿਆਂ ਦਾ ਅਵਤਾਰ ਹਨ ਅਤੇ ਉਨ੍ਹਾਂ ਦੇ ਪੁੱਤਰ ਜਿਨੂਰਾ=ਭੂਤਨਾ ਹੈ।

ਧੀਅ ਜਿਨੂਰੀ=ਭੂਤਨੀ ਹੈ॥੧॥

ਤਥਾ= ਕਲਜੁਗ ਦਾ ਵਰਣਨ=ਵਾਰ ੧ ਪਉੜੀ ੭॥

੧. ਕਲਿ ਜੁਗੁ ਚਉਥਾ ਥਾਪਿਆ ਸੂਦ੍ਰ, ਬਿਰਤਿ ਜਗਮਹਿ ਵਰਤਾਈ।

੨. ਕਰਮ ਸੁ ਰਿਗਿ, ਜੁਜਰ, ਸਿਆਮ ਕੇ, ਕਰੇ ਜਗਤੁ ਰਿਦਿ ਬਹੁ ਸੁਕਚਾਈ।

੩. ਮਾਇਆ ਮੋਹੀ ਮੇਦਨੀ ਕਲਿ ਕਲਵਾਲੀ ਸਭਿ ਭਰਮਾਈ।

੪. ਉਠੀ ਗਿਲਾਨਿ ਜਗਤ੍ਰਿ ਵਿਚਿ ਹਉਮੈ ਅੰਦਰਿ ਜਲੈ ਲੁਕਾਈ।

੫. ਕੋਇ ਨ ਕਿਸੈ ਪੂਜਦਾ ਊਚ ਨੀਚ ਸਭਿ ਗਤਿ ਬਿਸਰਾਈ।

੬. ਭਏ ਬੇਅਦਲੀ ਪਾਤਿਸ਼ਾਹ ਕਲਿ ਕਾਤੀ ਉਮਰਾਵ ਕਾਸਾਈ।

੭. ਰਹਿਆ ਤਪਾਵਸੁ ਤ੍ਰਿਹੁ ਜੁਗੀ ਚਉਥੇ ਜੁਗਿ ਜੋ ਦਇ ਸੁਪਾਈ।

੮. ਕਰਮ ਭ੍ਰਿਸ਼ਟਿ ਸਭਿ ਭਈ ਲੋਕਾਈ॥੭॥

ਹੋਈਆਂ ਭੁਲਾਂ ਦੀ ਮੁਆਫੀ ਚਾਹੁੰਦਾ ਹਾਂ। ਤੁਹਾਡੀਆਂ ਕਾਲਾਂ ਆਉਣ ਤੇ ਧੰਨਵਾਦ।

- ਕਰਨੈਲ ਸਿੰਘ ਟੋਰਾਂਟੋ:
416-746-7642

# ਪਰਵਾਸ ਦਾ ਵਰਤਾਰਾ : ਆਪਣੀ ਹੋਂਦ ਤੇ ਪਛਾਣ ਲਈ ਲੜ ਰਿਹੈ ਮਨੁੱਖ

-ਪਰਮਜੀਤ ਸਿੰਘ ਕੱਟੂ

''ਤੁਸੀਂ ਬਿਮਾਰ ਹੋ ਗਏ ਜਾਂ ਸੱਟ ਲੱਗੀ ਤਾਂ ਸਮਝੋ ਮਾਰੇ ਗਏ। ਮੈਂ ਜੰਗਲ 'ਚ ਕਈ ਲਾਸ਼ਾਂ ਸੜਦੀਆਂ ਦੇਖੀਆਂ, ਸਾਡੀ ਪਿੱਛੇ ਆਉਂਦੀ ਟੋਲੀ ਦੇ ਤਿੰਨ ਮੁੰਡੇ ਮਾਰੇ ਗਏ, ਮੇਰੇ ਨਾਲ ਦਾ ਇੱਕ ਬੰਦਾ ਮਰ ਗਿਆ, ਨਾਲ ਦਿਆਂ ਨੇ ਅਰਦਾਸ ਕਰ ਕੇ ਜਹਾਜ਼ ਤੋਂ ਰੋੜ੍ਹ ਦਿੱਤਾ'' ਮੈਕਸੀਕੋ ਤੋਂ ਪਰਤੇ ਇੱਕ ਪੰਜਾਬੀ ਮੁੰਡੇ ਦੀ ਹੱਡਬੀਤੀ। ਇਸੇ ਤਰ੍ਹਾਂ ਦੀਆਂ ਘਟਨਾਵਾਂ ਨਾਲ ਭਰੀ ਪਈ ਹੈ ਪੰਜਾਬੀਆਂ ਦੇ ਪਰਵਾਸ ਦੀ ਚਰਚਿਤ ਪੁਸਤਕ 'ਸ਼ਾਰਟ ਕੱਟ ਵਾਇਆ ਲਾਂਗ ਰੂਟ' ਅਤੇ ਲਘੂ ਫਿਲਮ 'ਸਟਰੇਅ ਸਟਾਰ' ('ਟਰਐ 'ਟਅਰ)।

ਕੋਈ ਵੀ ਸੰਕਟ ਚਿੰਤਨ ਲਈ ਸਭ ਤੋਂ ਜ਼ਰੂਰੀ ਸਮਾਂ ਹੁੰਦਾ ਹੈ ਤਾਂ ਕਿ ਸੰਕਟ ਨਵਿਰਤੀ ਹੋ ਜਾਵੇ ਤੇ ਸੰਕਟ ਦੁਬਾਰਾ ਵੀ ਨਾ ਆਵੇ, ਪਰ ਹੁੰਦਾ ਅਕਸਰ ਇਹ ਹੈ ਕਿ ਸੰਕਟ ਦੌਰਾਨ ਚਲੰਤ ਜਿਹੇ ਹੱਲ ਕੱਢ ਲਏ ਜਾਂਦੇ ਹਨ ਤੇ ਸੰਕਟ ਦੀ ਜੜ੍ਹ ਉਵੇਂ ਦੀ ਉਵੇਂ ਰਹਿੰਦੀ ਹੈ। ਸੰਕਟ ਸਾਡੀ ਸਮਰੱਥਾ ਲਈ ਸਭ ਤੋਂ ਵੱਡੀ ਚੁਣੌਤੀ ਹੁੰਦੇ ਹਨ। ਸੰਕਟਾਂ ਵਿੱਚੋਂ ਹੀ ਸਾਡੀਆਂ ਸੰਭਾਵਨਾਵਾਂ ਦਾ ਪਤਾ ਚੱਲਦਾ ਹੈ। ਮੈਕਸੀਕੋ ਤੋਂ ਪਰਤੇ ਪੰਜਾਬੀਆਂ ਦੇ ਸੰਕਟ ਦਾ ਸੇਕ ਬਹੁਤ ਸਾਰੇ ਲੋਕਾਂ ਨੂੰ ਲੱਗ ਰਿਹਾ ਹੈ, ਇਹ ਗੱਲ ਵੱਖਰੀ ਹੈ ਕਿ ਕਈ ਇਸ ਸੇਕ ਨਾਲ ਝੁਲਸੇ ਜਾ ਰਹੇ ਹਨ ਤੇ ਕਈ ਇਸ ਸੇਕ ਨਾਲ 'ਰੋਟੀਆਂ' ਸੇਕਣਗੇ।

ਪਰਵਾਸ ਨਾਲ ਸਬੰਧਤ ਹੈਰਾਨੀਜਨਕ ਰਿਪੋਰਟਾਂ ਸਾਹਮਣੇ ਆ ਰਹੀਆਂ ਹਨ। ਦਵਿੰਦਰ ਪਾਲ ਸਿੰਘ ਦੀ ਰਿਪੋਰਟ ਅਨੁਸਾਰ ਪੰਜਾਬੀਆਂ ਨੇ ਇੱਕ ਜਨਵਰੀ 2014 ਤੋਂ ਅਗਸਤ 2019 (ਪੌਣੇ ਛੇ ਵਰ੍ਹਿਆਂ 'ਚ) ਤੱਕ ਕਰੀਬ 914.45 ਕਰੋੜ ਰੁਪਏ ਖਰਚੇ ਹਨ। ਕੇਂਦਰੀ ਵਿਦੇਸ਼ ਮੰਤਰਾਲੇ ਦੇ ਵੇਰਵਿਆਂ ਅਨੁਸਾਰ ਦੇਸ਼ ਭਰ ਵਿੱਚ ਇੱਕ ਜਨਵਰੀ 2014 ਤੋਂ ਅਗਸਤ 2019 ਤੱਕ 5.81 ਕਰੋੜ ਪਾਸਪੋਰਟ ਜਾਰੀ ਕੀਤੇ ਗਏ ਹਨ। ਪੰਜਾਬ 'ਚ ਇਸੇ ਸਮੇਂ ਦੌਰਾਨ (ਪੌਣੇ ਛੇ ਵਰ੍ਹਿਆਂ 'ਚ) 45.72 ਲੱਖ ਪਾਸਪੋਰਟ ਬਣੇ ਹਨ, ਜਦ ਕਿ ਲੰਘੇ ਢਾਈ ਸਾਲਾਂ (ਇੱਕ ਜਨਵਰੀ 2017 ਤੋਂ ਅਗਸਤ 2019 ਤੱਕ) 'ਚ ਪੰਜਾਬ ਵਿੱਚ 26.99 ਲੱਖ ਪਾਸਪੋਰਟ ਬਣੇ ਹਨ। ਵੱਡੀ ਗਿਣਤੀ ਸਟੱਡੀ ਵੀਜ਼ੇ ਵਾਲੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਦੀ ਹੈ। ਢਾਈ ਵਰ੍ਹਿਆਂ ਦੀ ਔਸਤ ਦੇਖੀਏ ਤਾਂ ਪੰਜਾਬ ਵਿੱਚ ਰੋਜ਼ਾਨਾ ਕਰੀਬ 2800 ਪਾਸਪੋਰਟ ਬਣ ਰਹੇ ਹਨ। ਇੱਕ ਹੋਰ ਜਾਣਕਾਰੀ ਅਨੁਸਾਰ ਹਰ ਸਾਲ 3.36 ਲੱਖ ਨੌਜਵਾਨ 'ਆਈਲੈਟਸ' ਦੀ ਪ੍ਰੀਖਿਆ ਦਿੰਦੇ ਹਨ, ਜਿਸ ਦੀ ਫੀਸ ਕਰੀਬ 425 ਕਰੋੜ ਰੁਪਏ ਬਣਦੀ ਹੈ। ਸੰਨ 2017 ਵਿੱਚ ਡੇਢ ਲੱਖ ਨੌਜਵਾਨ ਵਿਦੇਸ਼ਾਂ 'ਚ ਪੜ੍ਹਨ ਲਈ ਗਏ ਸਨ, ਜਿਨ੍ਹਾਂ ਦਾ ਇੱਕ ਸਾਲ ਦਾ ਖਰਚਾ 65 ਹਜ਼ਾਰ ਕਰੋੜ ਰੁਪਏ ਬਣਦਾ ਹੈ।

ਅਸਲ ਵਿੱਚ ਮਾਨਵ ਜਾਤੀ ਦੇ ਪੈਦਾ ਹੋਣ ਦਾ ਸਥਾਨ ਅਫਰੀਕਾ ਮੰਨਿਆ ਜਾਂਦਾ ਹੈ। ਇਸ ਲਈ ਮਨੁੱਖ ਅਫਰੀਕਾ ਦਾ ਮੂਲਵਾਸੀ ਹੋਇਆ ਤੇ ਮਨੁੱਖ ਆਪਣੇ ਮੂਲ ਸੁਭਾਅ ਪੱਖੋਂ ਨਾ ਮੂਲਵਾਸੀ ਸੀ ਅਤੇ ਨਾ ਪਰਵਾਸੀ। ਇਹ ਸਾਰਾ ਕੁਝ ਸਮੇਂ ਦੀਆਂ ਲੋੜਾਂ 'ਚੋਂ ਪੈਦਾ ਹੋਇਆ। ਇਸ ਲਈ ਕਹਿ ਸਕਦੇ ਹਾਂ ਕਿ ਪਰਵਾਸ ਦੇ ਹਰ ਵਰਤਾਰੇ ਸਟੇਟ ਦੀ ਲੋੜ ਵਿੱਚੋਂ ਪੈਦਾ ਹੁੰਦੇ ਹਨ ਤੇ ਇਨ੍ਹਾਂ ਦੀ ਪ੍ਰਕਿਰਤੀ ਵਿੱਚ ਸਟੇਟ ਦੀਆਂ ਲੋੜਾਂ ਅਨੁਸਾਰ ਤਬਦੀਲੀ ਹੁੰਦੀ ਰਹਿੰਦੀ ਹੈ। ਮਿਸਾਲ ਦੇ ਤੌਰ 'ਤੇ ਪਾਕਿਸਤਾਨ ਦੀ ਹੋਂਦ ਤੋਂ ਪਹਿਲਾਂ ਪਾਕਿਸਤਾਨ ਦੇ ਮੂਲਵਾਸੀ ਹੋਣ ਬਾਰੇ ਸੋਚਿਆ ਵੀ ਨਹੀਂ ਸੀ ਜਾ ਸਕਦਾ। ਅਜਿਹਾ ਉਦੋਂ ਵਾਪਰਦਾ ਹੈ, ਜਦੋਂ ਨਵੀਂ ਸਟੇਟ ਦਾ ਜਨਮ ਹੁੰਦਾ ਹੈ। ਕਈ ਵਾਰ ਸਟੇਟ ਆਪਣਾ ਰੂਪ ਬਦਲਦੀ ਹੈ ਤਾਂ ਮੂਲਵਾਸ ਤੇ ਪਰਵਾਸ ਦੇ ਅਰਥ ਬਦਲ ਜਾਂਦੇ ਹਨ। ਹਿਟਲਰ ਤੋਂ ਪਹਿਲਾਂ ਜਰਮਨ ਵਿੱਚ ਯਹੂਦੀ ਮੂਲਵਾਸੀ ਸਨ, ਪਰ ਸਟੇਟ ਦਾ ਫਾਸੀਵਾਦੀ ਰੂਪ ਉਨ੍ਹਾਂ ਮੂਲਵਾਸੀਆਂ ਨੂੰ ਜਾਂ ਪਰਵਾਸ ਦੇ ਲਈ ਮਜਬੂਰ ਕਰ ਦਿੰਦਾ ਹੈ ਜਾਂ ਉਨ੍ਹਾਂ ਦਾ ਨਸਲਘਾਤ ਕਰਦਾ ਹੈ। ਭਾਰਤ ਦੇ ਸੰਦਰਭ ਵਿੱਚ ਇਹ ਸਮੀਕਰਨ ਬੜਾ ਗੁੰਝਲਦਾਰ ਤੇ ਰੌਚਕ ਹੈ। ਵੰਡ ਤੋਂ ਪਹਿਲਾਂ ਪੰਜਾਬੀ ਸਿੱਖ ਲਾਹੌਰ ਵਰਗੇ ਸ਼ਹਿਰਾਂ ਵਿੱਚ ਵਸਦੇ ਹਨ। ਵੰਡ ਨੇ ਮੂਲਵਾਸੀਆਂ ਨੂੰ ਅਜਿਹਾ ਉਜਾੜਿਆ ਕਿ ਉਹ ਪਰਵਾਸੀ ਹੋ ਗਏ। ਭਾਰਤੀ ਪੰਜਾਬ ਤੇ ਮੁੱਖ ਤੌਰ 'ਤੇ ਦਿੱਲੀ ਵਿੱਚ ਵਸੇ ਤਾਂ '84 ਵੇਲੇ ਦਿੱਲੀ ਵਿੱਚ ਵੀ ਸੁਰੱਖਿਅਤ ਨਾ ਰਹੇ। ਸਵਾਲ ਹਾਲੇ ਤੱਕ ਬਰਕਰਾਰ ਹੈ ਕਿ ਇਹ ਸਿੱਖ ਕਿੱਥੋਂ ਦੇ ਮੂਲਵਾਸੀ ਹਨ? ਸਿੱਖ ਹੀ ਕਿਉਂ, ਯੂ ਪੀ, ਬਿਹਾਰ, ਮਹਾਰਾਸ਼ਟਰ, ਹਰਿਆਣਾ ਵਰਗੇ ਸੂਬਿਆਂ ਦੇ ਦਲਿਤ ਕਿੱਥੋਂ ਦੇ ਮੂਲਵਾਸੀ ਹਨ? ਗੁਜਰਾਤ ਵਰਗੇ ਸੂਬਿਆਂ ਵਿੱਚ ਕਤਲ ਹੋ ਰਹੇ ਹਨ? ਗੁਜਰਾਤ ਵਰਗੇ ਸੂਬਿਆਂ ਵਿੱਚ ਕਤਲ ਹੋ ਰਹੇ ਮੁਸਲਮਾਨ ਕਿੱਥੋਂ ਦੇ ਮੂਲਵਾਸੀ ਹਨ? ਕਸ਼ਮੀਰ ਦੇ ਬ੍ਰਾਹਮਣ ਕਿੱਥੋਂ ਦੇ ਮੂਲਵਾਸੀ ਹਨ।

ਪਰਵਾਸ ਦੇ ਕਾਰਨਾਂ ਬਾਰੇ ਬਹੁਤ ਕੁਝ ਲਿਖਿਆ ਗਿਆ ਹੈ, ਪਰ ਇਸ ਵਿੱਚੋਂ ਫੁਸਹ-ਫੁਲਲ ਸਿਧਾਂਤ ਸਭ ਤੋਂ ਮਹੱਤਵ ਪੂਰਨ ਹੈ। ਫੁਸਹ-ਫੁਲਲ ਸਿਧਾਂਤ ਰਾਹੀਂ ਪਰਵਾਸ ਦੇ ਕਾਰਨਾਂ ਦਾ ਬਹੁਤ ਸਾਰੇ ਵਿਦਵਾਨਾਂ ਨੇ ਵਿਸ਼ਲੇਸ਼ਣ ਕਰਦੇ ਹੋਏ ਪਰਵਾਸ ਨੂੰ ਇਨ੍ਹਾਂ ਦੋ ਸ਼ਕਤੀਆਂ ਅਨੁਸਾਰ ਹੀ ਸਮਝਣ ਦਾ ਯਤਨ ਕੀਤਾ ਹੈ। ਪਹਿਲੀ ਸ਼ਕਤੀ ਨੂੰ ਉਨ੍ਹਾਂ ਤਾਕਤਾਂ ਦਾ ਸਮੂਹ ਮੰਨਿਆ ਜਾਂਦਾ ਹੈ, ਜੋ ਆਦਮੀ ਨੂੰ ਇੱਕ ਜਗ੍ਹਾ ਤੋਂ ਧੱਕਦੀਆਂ ਹਨ, ਜਿਵੇਂ ਬੇਰੋਜ਼ਗਾਰੀ, ਗਰੀਬੀ, ਭਾਈਚਾਰੇ ਤੋਂ ਉਦਾਸੀਨਤਾ, ਯੁੱਧ, ਸਰਕਾਰੀ ਨੀਤੀ, ਦੇਸ਼ ਦੀ ਵੰਡ ਆਦਿ ਇਹ ਕੁਝ ਅਜਿਹੀਆਂ ਹਾਲਤਾਂ ਹੋ ਸਕਦੀਆਂ ਹਨ, ਜੋ ਇਨਸਾਨ ਨੂੰ ਪਰਵਾਸ ਧਾਰਨ ਕਰਨ ਲਈ ਪ੍ਰੇਰਿਤ ਕਰ ਸਕਦੀਆਂ ਹਨ।

ਦੂਜੀ ਸ਼ਕਤੀ ਅਨੁਸਾਰ ਪਰਵਾਸ ਲਈ ਚੁਣੀ ਜਗ੍ਹਾ ਵਿੱਚ ਕੋਈ ਖਿੱਚ ਹੁੰਦੀ ਹੈ, ਜੋ ਇਨਸਾਨ ਨੂੰ ਆਪਣੇ ਪ੍ਰਤੀ ਆਕਰਸ਼ਿਤ ਕਰ ਕੇ ਪਰਵਾਸ ਲਈ ਰੁਚਿਤ ਕਰਦੀ ਹੈ, ਜਿਵੇਂ ਰੋਜ਼ਗਾਰ ਮਿਲਣ 'ਤੇ ਛੇਤੀ ਅਮੀਰ ਹੋਣ ਦੀ ਸੰਭਾਵਨਾ, ਵਧੀਆ ਲੋਕ, ਉਚੇਰੀਆਂ ਸੁੱਖ ਸਹੂਲਤਾਂ ਵਾਲੇ ਸਮਾਜ ਅਤੇ ਜੀਵਨ ਦੀ ਇੱਛਾ ਆਦਿ। ਇਨ੍ਹਾਂ ਦੋਵਾਂ ਸ਼ਕਤੀਆਂ ਦਾ ਕੇਂਦਰ ਸਟੇਟ ਦੀ ਲੋੜ ਹੀ ਹੁੰਦੀ ਹੈ, ਜੋ ਆਪਣੀਆਂ ਲੋੜਾਂ ਅਨੁਸਾਰ ਕਿਸੇ ਨੂੰ ਫੁਸਹ ਕਰਦੀ ਹੈ ਤੇ ਕਿਸੇ ਨੂੰ ਫੁਲਲ ਕਰਦੀ ਹੈ।

20ਵੀਂ ਸਦੀ ਦੇ ਆਰੰਭ ਵਿੱਚ ਪਰਵਾਸੀਆਂ ਦੀ ਵਧਦੀ ਗਿਣਤੀ ਬਾਰੇ ਕੈਨੇਡਾ ਸਰਕਾਰ ਫਿਕਰਮੰਦ ਹੋ ਗਈ ਤੇ ਇਸੇ ਫਿਕਰਮੰਦੀ ਵਿੱਚੋਂ 1908 ਈਸਵੀ ਵਿੱਚ ਇਮੀਗਰੇਸ਼ਨ ਸੰਬੰਧੀ ਕੈਨੇਡਾ ਦੇ ਡਿਪਟੀ ਮਨਿਸਟਰ ਆਫ ਲੇਬਰ ਮਕੇਂਜੀ ਕਿੰਗ ਵੱਲੋਂ ਪੇਸ਼ ਰਿਪੋਰਟ ਵਿੱਚ ਦੋ ਕਾਨੂੰਨ ਬਣਾਉਣ ਲਈ ਕਿਹਾ ਗਿਆ। ਕਾਨੂੰਨ ਅਨੁਸਾਰ ਏਸ਼ੀਆ ਦੇ ਕਿਸੇ ਵੀ ਵਿਅਕਤੀ ਦੇ ਕਾਨੇਡਾ ਵਿੱਚ ਦਾਖਲ ਹੋਣ 'ਤੇ ਮੁਕੰਮਲ ਪਾਬੰਦੀ ਲਾ ਦਿੱਤੀ। ਇਸ ਦੇ ਨਾਲ ਇਹ ਸ਼ਰਤ ਵੀ ਲਾਈ ਗਈ ਕਿ ਜੇ ਕੋਈ ਏਸ਼ੀਆਈ ਵਿਅਕਤੀ ਆਪਣੇ ਮੂਲ ਦੇਸ਼ ਤੋਂ ਸਿੱਧਾ ਸਫਰ ਕਰ ਕੇ ਕੈਨੇਡਾ ਆਵੇ ਤਾਂ ਉਸ ਕੋਲ ਸਫਰ ਦੀ ਟਿਕਟ ਵੀ ਮੂਲ ਦੇਸ਼ ਤੋਂ ਖਰੀਦੀ ਹੋਈ ਹੋਵੇ। ਦੂਜੇ ਕਾਨੂੰਨ ਅਨੁਸਾਰ ਕੈਨੇਡਾ ਆਉਣ ਵਾਲੇ ਵਿਅਕਤੀ ਕੋਲ 200 ਡਾਲਰ ਹੋਣ ਦੀ ਸੂਰਤ ਵਿੱਚ ਹੀ ਉਸ ਨੂੰ ਕੈਨੇਡਾ ਵਿੱਚ ਦਾਖਲ ਹੋਣ ਦੀ ਆਗਿਆ ਹੋਵੇਗੀ। ਇਨ੍ਹਾਂ ਕਾਨੂੰਨਾਂ ਰਾਹੀਂ ਕੈਨੇਡਾ ਸਰਕਾਰ ਏਸ਼ੀਆਈ ਲੋਕਾਂ ਦੇ ਕੈਨੇਡਾ ਵਿਚਲੇ ਪਰਵਾਸ ਉਤੇ ਰੋਕ ਲਾਉਣੀ ਚਾਹੁੰਦੀ ਸੀ।

ਇਹ ਕਾਨੂੰਨੀ ਆਖਰ ਵਿਦਰੋਹ ਦਾ ਕਾਰਨ ਵੀ ਬਣੇ। ਇਹ ਮਨੁੱਖੀ ਸੁਭਾਅ ਦੀ ਵਿਲੱਖਣ ਖਾਸੀਅਤ ਹੈ ਕਿ ਮੂਲ ਰੂਪ ਵਿੱਚ ਮਨੁੱਖ ਆਜ਼ਾਦ ਸੁਭਾਅ ਦਾ ਮਾਲਕ ਹੈ, ਇਸੇ ਲਈ ਉਹ ਲੋੜ ਅਤੇ ਸਮਰੱਥਾ ਅਨੁਸਾਰ ਹਰ ਕਾਨੂੰਨ ਤੇ ਬੰਧਨ ਨੂੰ ਤੋੜਦਾ ਹੈ। ਇਹ ਸੁਭਾਅ ਆਦਮ ਤੇ ਹਵਾ ਦੀ ਮਿੱਥ ਤੋਂ ਲੈ ਕੇ ਅੱਜ ਤੱਕ ਚੱਲਦਾ ਆ ਰਿਹਾ ਹੈ। ਇਸੇ ਤਰ੍ਹਾਂ ਕੈਨੇਡਾ ਪਰਵਾਸ ਵਿੱਚ ਅੜਿੱਕਾ ਬਣੇ ਕਾਨੂੰਨਾਂ ਦੇ ਹੱਲ ਵਜੋਂ ਕਾਮਾਗਾਟਾਮਾਰੂ ਘਟਨਾ ਵਾਪਰੀ ਸੀ।

ਆਵਾਸ ਤੇ ਪਰਵਾਸ ਇਕਨਾਮਿਕਸ ਦੀ ਭਾਸ਼ਾ ਵਿੱਚ ਮਨੁੱਖਾਂ ਦੀ ਬਰਾਮਦ ਤੇ ਦਰਾਮਦ ਹੀ ਹਨ, ਜਿਸ ਦਾ ਸੰਬੰਧ ਮੂਲ ਤੇ ਮੁਨਾਫੇ ਨਾਲ ਜੁੜਿਆ ਹੋਇਆ ਹੈ। ਪੂੰਜੀਵਾਦੀ ਸਟੇਟ ਲਈ ਮਨੁੱਖ ਬਹੁਤ ਮੰਤਵੀ ਕਾਰਜ ਕਰਨ ਵਾਲੀ ਵਸਤੂ ਹੈ। ਇਸ ਤੋਂ ਆਵਾਸ ਵਿੱਚ ਵੀ ਤੇ ਪਰਵਾਸ ਵਿੱਚ ਵੀ ਲੋੜ ਅਨੁਸਾਰ ਕਈ ਕੰਮ ਕਰਵਾ ਲਏ ਜਾਂਦੇ ਹਨ।

ਪਰਵਾਸ ਦਾ ਵਰਤਾਰਾ ਏਨਾ ਗੁੰਝਲਦਾਰ ਅਤੇ ਘਾਤਕ ਹੈ ਕਿ ਇਸ ਨੂੰ ਸਟੇਟ ਨੇ ਆਪਣੇ ਮਨੋਰਥ ਲਈ ਵਰਤਣਾ ਸ਼ੁਰੂ ਕਰ ਦਿੱਤਾ ਹੈ। ਪੂੰਜੀਵਾਦ ਵਿਰੁੱਧ ਵਿਦਰੋਹ ਕਰਨ ਲਈ ਲੋਕਾਂ ਦਾ ਇਕੱਠੇ ਹੋਣਾ ਜਿੰਨਾ ਵਧੇਰੇ ਜ਼ਰੂਰੀ ਹੈ, ਪੂੰਜੀਵਾਦੀ ਸਟੇਟ ਲੋਕਾਂ ਨੂੰ ਓਨਾ ਵਧੇਰੇ ਵੰਡ ਰਹੀ ਹੈ। ਇਸ ਵੰਡ ਨਾਲ ਮਨੁੱਖ ਸਾਹਮਣੇ ਆਪਣੀ ਹੋਂਦ ਤੇ ਪਛਾਣ ਦਾ ਸੰਕਟ ਪੈਦਾ ਹੋ ਗਿਆ ਹੈ। ਉਹ ਕਿਸੇ ਇਨਕਲਾਬ ਤੋਂ ਪਹਿਲਾਂ ਆਪਣੀ ਹੋਂਦ ਤੇ ਪਛਾਣ ਲਈ ਜੰਗ ਲੜ ਰਿਹਾ ਹੈ ਤੇ ਇਸ ਜੰਗ ਵਿੱਚ ਜਿੱਤ ਦੇ ਯਕੀਨ ਨਾਲੋਂ ਹਾਰ ਦਾ ਵਧੇਰੇ ਡਰ ਹੈ।


## ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੋਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

# ਆਈ ਐੱਸ ਦੀ ਹਿੰਸਾ ਬਗਦਾਦੀ ਤੋਂ ਬਾਅਦ ਵੀ ਖਤਮ ਨਹੀਂ ਹੋਣ ਲੱਗੀ

-ਵਿਸ਼ਨੂ ਗੁਪਤ-

ਹਿੰਸਾ ਕਰਨ ਵਾਲੇ, ਨਿਰਦੋਸ਼ ਜ਼ਿੰਦਗੀਆਂ ਨੂੰ ਮੌਤ ਦੀ ਨੀਂਦ ਸੁਆਉਣ ਵਾਲੇ, ਮੁਸਲਿਮ ਹਿੰਸਾ ਨਾਲ ਦੁਨੀਆ ਨੂੰ ਦਹਿਲਾਉਣ ਵਾਲੇ, ਆਪਣੇ ਆਪ ਨੂੰ ਅੱਲ੍ਹਾ ਤੋਂ ਇਲਾਵਾ ਹੋਰ ਕਿਸੇ ਤੋਂ ਨਾ ਡਰਨ ਅਤੇ ਝੁਕਣ ਦਾ ਦਾਅਵਾ ਕਰਨ ਵਾਲੇ ਮੁਸਲਿਮ ਅੱਤਵਾਦੀ ਤੇ ਉਨ੍ਹਾਂ ਦੇ ਸਰਗਣੇ ਖੁਦ ਆਪਣੇ ਅੰਤ ਤੋਂ ਡਰਦੇ ਤੇ ਆਪਣੀ ਮੌਤ ਤੋਂ ਡਰਦੇ ਹਨ। ਕਾਇਰਾਂ ਵਾਂਗ ਪਿੱਠ ਦਿਖਾ ਕੇ ਦੌੜਦੇ ਹਨ, ਕਾਇਰ-ਡਰਪੋਕ ਵਾਂਗ ਰੋਂਦੇ ਤੇ ਆਪਣੀਆਂ ਔਲਾਦਾਂ ਦੀ ਚਿੰਤਾ ਕਰਦੇ ਹਨ, ਔਲਾਦਾਂ ਦੀ ਸੁਰੱਖਿਆ ਬਾਰੇ ਸੁਚੇਤ ਰਹਿੰਦੇ ਹਨ। ਇਹ ਸਭ ਓਦੋਂ ਵੀ ਸੱਚ ਸਾਬਿਤ ਹੋਇਆ ਸੀ, ਜਦੋਂ ਅਮਰੀਕਾ ਨੇ ਅਫਗਾਨਿਸਤਾਨ ਵਿੱਚੋਂ ਤਾਲਿਬਾਨ ਸਰਕਾਰ ਉਖਾੜ ਸੁੱਟੀ ਸੀ, ਅਮਰੀਕੀ ਫੌਜੀਆਂ ਦੇ ਡਰੋਂ ਤਾਲਿਬਾਨ ਬਿਨਾਂ ਲੜੇ ਅਫਗਾਨਿਸਤਾਨ ਵਿੱਚੋਂ ਦੌੜ ਗਏ ਅਤੇ ਬਾਅਦ ਵਿੱਚ ਤਾਲਿਬਾਨ ਦੇ ਨੇਤਾ ਮੁੱਲਾ ਉਮਰ ਦੀ ਗੁੰਮਨਾਮੀ ਦੇ ਦੌਰ ਵਿੱਚ ਮੌਤ ਹੋਈ ਸੀ। ਇਹ ਓਦੋਂ ਵੀ ਸੱਚ ਹੋਇਆ, ਜਦੋਂ ਪਾਕਿਸਤਾਨ ਦੀਆਂ ਫੌਜੀ ਛਾਉਣੀਆਂ ਵਿਚਾਲੇ ਲੁਕ ਕੇ ਰਹਿ ਰਿਹਾ ਅਲ ਕਾਇਦਾ ਦਾ ਸਰਗਣਾ ਓਸਾਮਾ-ਬਿਨ ਲਾਦੇਨ ਅਮਰੀਕਾ ਵਾਲਿਆਂ ਨੇ ਮਾਰਿਆ ਸੀ। ਓਸਾਮਾ ਬਿਨ ਲਾਦੇਨ ਆਪਣੀਆਂ ਦੋ ਪਤਨੀਆਂ ਤੇ ਬੱਚਿਆਂ ਨਾਲ ਭੈਅਭੀਤ ਜ਼ਿੰਦਗੀ ਬਿਤਾ ਰਿਹਾ ਸੀ। ਬਾਅਦ ਵਿੱਚ ਜ਼ਾਹਿਰ ਹੋਏ ਪੱਤਰ ਵਿੱਚ ਉਸ ਨੇ ਲਿਖਿਆ ਸੀ ਕਿ ਉਸ ਦੇ ਬੱਚੇ ਹਿੰਸਾ ਤੋਂ ਦੂਰ ਰਹਿਣ ਅਤੇ ਹਿੰਸਾ-ਮੁਕਤ ਜ਼ਿੰਦਗੀ ਗੁਜ਼ਾਰਨ ਲਈ ਮੌਕੇ ਹਾਸਲ ਕਰਨ। ਦੂਜਿਆਂ ਦੇ ਬੱਚਿਆਂ ਦੀਆਂ ਜ਼ਿੰਦਗੀਆਂ ਹਿੰਸਾ ਅਤੇ ਮੁਸਲਿਮ ਅੱਤਵਾਦ ਨਾਲ ਤਬਾਹ ਕਰਨ ਵਾਲੇ ਓਸਾਮਾ ਲਈ ਆਪਣੇ ਬੱਚੇ ਮਹੱਤਵ ਪੂਰਨ ਸਨ।

ਠੀਕ ਇਸੇ ਤਰ੍ਹਾਂ ਬੀਤੇ ਦਿਨੀਂ ਅਮਰੀਕਾ ਦੇ ਹੱਥੋਂ ਮਾਰਿਆ ਗਿਆ ਅਲ ਬਗਦਾਦੀ ਕਾਇਰ ਨਿਕਲਿਆ, ਬੁਜ਼ਦਿਲ ਨਿਕਲਿਆ, ਡਰਪੋਕ ਨਿਕਲਿਆ, ਆਪਣੀ ਜ਼ਿੰਦਗੀ ਪ੍ਰਤੀ ਅਤਿ-ਇੱਛੁਕ ਨਿਕਲਿਆ, ਜਾਨ ਬਚਾਉਣ ਲਈ ਉਹ ਤਰ੍ਹਾਂ ਤਰ੍ਹਾਂ ਦੇ ਹੱਥਕੰਡੇ ਵਰਤ ਰਿਹਾ ਸੀ, ਜਦੋਂ ਅਮਰੀਕੀ ਫੌਜੀਆਂ ਨੇ ਉਸ ਨੂੰ ਇੱਕ ਅਪਰੇਸ਼ਨ ਵੇਲੇ ਘੇਰਿਆ ਤਾਂ ਆਪਣੀਆਂ ਦੋ ਪਤਨੀਆਂ ਤੇ ਤਿੰਨ ਬੱਚਿਆਂ ਨਾਲ ਇੱਕ ਸੁਰੰਗ ਵਿੱਚ ਜਾ ਲੁਕਿਆ। ਉਹ ਜਾਣਦਾ ਸੀ ਕਿ ਅਮਰੀਕੀ ਫੌਜੀ ਉਸ ਨੂੰ ਜ਼ਿੰਦਗੀ ਛੱਡਣ ਵਾਲੇ ਨਹੀਂ ਹਨ, ਉਹ ਆਪਣੀ ਜ਼ਿੰਦਗੀ ਬਚਾਉਣ ਲਈ ਲਗਾਤਾਰ ਰੋ ਰਿਹਾ ਸੀ। ਅਮਰੀਕੀ ਫੌਜੀਆਂ ਦਾ ਸਾਹਮਣਾ ਕਰਨ ਦੀ ਉਸ ਨੇ ਹਿੰਮਤ ਨਹੀਂ ਦਿਖਾਈ ਅਤੇ ਉਸ ਦਾ ਪਤਨੀਆਂ ਅਤੇ ਬੱਚਿਆਂ ਸਮੇਤ ਅੰਤ ਹੋ ਗਿਆ।

ਆਪਣੀ ਬਹਾਦਰੀ ਉੱਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੁਨੀਆ ਨੂੰ ਖੁਸ਼ੀਆਂ ਮਨਾਉਣ ਲਈ ਕਹਿ ਰਹੇ ਹਨ ਤੇ ਇੰਕਸ਼ਾਫ ਕਰਦੇ ਹਨ ਕਿ ਅਲ ਬਗਦਾਦੀ ਬੜਾ ਡਰਪੋਕ ਸੀ, ਕਾਇਰ ਸੀ, ਆਪਣੀ ਮੌਤ ਤੋਂ ਡਰਿਆ ਪਿਆ ਸੀ। ਆਪਣੀ ਜਾਨ ਬਚਾਉਣ ਲਈ ਸੁਰੰਗ 'ਚ ਲੁਕ ਕੇ ਜਾਰ-ਜਾਰ ਰੋ ਰਿਹਾ ਸੀ। ਜੇ ਤੁਸੀਂ ਮੁਸਲਿਮ ਅੱਤਵਾਦ ਦੇ ਸਮਰਥਕ ਨਹੀਂ ਹੋ, ਜੇ ਤੁਸੀਂ ਇਸਲਾਮ ਦੀ ਕਾਫਿਰ ਮਾਨਸਿਕਤਾ ਦੇ ਸਮਰਥਕ ਨਹੀਂ ਹੋ, ਜੇ ਇਸਲਾਮ ਦੀ ਤਲਵਾਰ, ਭਾਵ ਹਿੰਸਾ ਦੇ ਬੋਲ 'ਤੇ ਵਿਸਥਾਰ ਦੀ ਮਾਨਸਿਕਤਾ ਦੇ ਸਮਰਥਕ ਨਹੀਂ ਤਾਂ ਫਿਰ ਤਾਲਿਬਾਨ ਦੇ ਸਰਗਣੇ ਮੁੱਲਾ ਉਮਰ, ਅਲ ਕਾਇਦਾ ਦੇ ਸਰਗਣੇ ਓਸਾਮਾ ਬਿਨ ਲਾਦੇਨ, ਅਲ ਕਾਇਦਾ ਦੇ ਦੂਜੇ ਵੱਡੇ ਸਰਗਣੇ ਅਲ ਜਵਾਹਿਰੀ ਤੋਂ ਬਾਅਦ ਇਸ ਆਈ ਐੱਸ ਦੇ ਸਰਗਣੇ ਅਲ ਬਗਦਾਦੀ ਦਾ ਮਾਰਿਆ ਜਾਣਾ ਅਮਰੀਕਾ ਦੀ ਮਹਾਨ ਉਪਲਬਧੀ ਹੈ, ਦੁਨੀਆ ਦੀ ਸ਼ਾਂਤੀ ਦੇ ਪ੍ਰਤੀ ਇੱਕ ਮਹਾਨ ਕੰਮ ਹੈ, ਮੁਸਲਿਮ ਅੱਤਵਾਦ ਦੇ ਜੀਵਾਣੂਆਂ ਨੂੰ ਨਸ਼ਟ ਕਰਨ ਪ੍ਰਤੀ ਇੱਕ ਮਹਾਨ ਮੌਕਾ ਹੈ।

ਸਹੀ ਤਾਂ ਇਹ ਹੈ ਕਿ ਦੁਨੀਆ ਦਾ ਇੱਕ ਵੱਡਾ ਵਰਗ, ਜੋ ਆਪਣੇ ਆਪ ਨੂੰ ਪ੍ਰਗਤੀਸ਼ੀਲ ਕਹਿੰਦਾ ਹੈ, ਬੁੱਧੀਜੀਵੀ ਕਹਿੰਦਾ ਹੈ, ਉਹੋ ਜਿਹੀ ਸ਼ਰੇਣੀ ਦੇ ਲੋਕ ਹਰ ਸਮੇਂ ਕਿਸੇ ਨਾ ਕਿਸੇ ਕਸੌਟੀ 'ਤੇ ਮੁਸਲਿਮ ਅੱਤਵਾਦ ਦਾ ਸਮਰਥਨ ਕਰਦੇ ਰਹਿੰਦੇ ਹਨ, ਇਸਲਾਮ ਦੀਆਂ ਕਾਫਿਰ ਮਾਨਸਿਕਤਾਵਾਂ ਦਾ ਸਮਰਥਨ ਕਰਦੇ ਹਨ। ਇਸਲਾਮ ਵਿੱਚ ਹਿੰਸਾ ਦੇ ਜੀਵਾਣੂਆਂ ਨੂੰ ਰੱਦ ਕਰਦੇ ਰਹਿੰਦੇ ਹਨ ਅਤੇ ਅਮਰੀਕਾ ਦੀ ਇਸਲਾਮੀ ਅੱਤਵਾਦ ਵਿਰੁੱਧ ਲੜਾਈ ਨੂੰ ਹਿੰਸਾ ਪੂਰਨ ਕਹਿੰਦੇ ਹਨ, ਨੂੰ ਧੱਕਾ ਲੱਗਾ ਹੋਵੇਗਾ। ਦੁਨੀਆ ਦੇ ਨਕਾਰਾਤਮਕ ਗਰੁੱਪ ਅਮਰੀਕਾ ਦੀ ਜਿੰਨੀ ਵੀ ਆਲੋਚਨਾ ਕਰ ਲੈਣ, ਪਰ ਇੱਕ ਗੱਲ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ, ਰੱਦ ਨਹੀਂ ਕੀਤਾ ਜਾ ਸਕਦਾ ਕਿ ਜਿੱਥੇ ਵੀ ਲੋਕਤੰਤਰ ਨੂੰ ਰੱਦ ਕੀਤਾ ਜਾਂਦਾ ਹੈ, ਹਿੰਸਕ ਸਿਰ ਉਠਦੇ ਹਨ, ਉਥੇ ਕਿਸੇ ਨਾ ਕਿਸੇ ਤੌਰ 'ਤੇ ਅਮਰੀਕਾ ਇਸ ਦੇ ਵਿਰੁੱਧ ਖੜ੍ਹਾ ਹੁੰਦਾ ਹੈ।



ਮੁਸਲਿਮ ਅੱਤਵਾਦ ਨੂੰ ਲੈ ਲਓ, ਦੁਨੀਆ ਭਰ ਵਿੱਚ ਜਿੱਥੇ ਵੀ ਮੁਸਲਿਮ ਅੱਤਵਾਦ ਹਿੰਸਕ ਢੰਗ ਨਾਲ ਸ਼ਾਂਤੀ ਦਾ ਦੁਸ਼ਮਣ ਬਣਿਆ ਹੈ, ਨਿਰਦੋਸ਼ ਜ਼ਿੰਦਗੀਆਂ ਨੂੰ ਗਾਜਰ-ਮੂਲੀ ਵਾਂਗ ਕੱਟਣ ਨੂੰ ਸਰਗਰਮ ਹੈ, ਉਥੇ ਅਮਰੀਕਾ ਦੀ ਦਮਦਾਰ ਹਾਜ਼ਰੀ ਮੁਸਲਿਮ ਅੱਤਵਾਦ ਲਈ ਇੱਕ ਰੁਕਾਵਟ ਅਤੇ ਉਸ ਦੇ ਖਾਤੇ ਦੇ ਤੌਰ 'ਤੇ ਖੜ੍ਹੀ ਹੈ। ਇਹ ਉਦਾਹਰਣ ਅਸੀਂ ਅਫਗਾਨਿਸਤਾਨ ਵਿੱਚ ਦੇਖੀ ਹੈ, ਲੀਬੀਆ ਵਿੱਚ ਦੇਖੀ ਹੈ, ਸੀਰੀਆ ਵਿੱਚ ਅਲ ਬਗਦਾਦੀ ਦੇ ਅੰਤ ਦੇ ਤੌਰ 'ਤੇ ਦੇਖੀ ਹੈ। ਆਪਣੀ ਅਰਥ ਵਿਵਸਥਾ ਦੀ ਪਰਵਾਹ ਨਾ ਕਰਦੇ ਹੋਏ ਮੁਸਲਿਮ ਅੱਤਵਾਦ ਵਿਰੁੱਧ ਅਮਰੀਕਾ ਲਗਾਤਾਰ ਲੜ ਰਿਹਾ ਹੈ, ਸਰਗਰਮ ਹੈ, ਮੁਸਲਿਮ ਅੱਤਵਾਦ ਦਾ ਪਿੱਛਾ ਕਰ ਰਿਹਾ ਹੈ। ਅਮਰੀਕਾ ਦੀ ਖੁਫੀਆ ਕਾਮਯਾਬੀ ਵੀ ਬੇਜੋੜ ਹੈ, ਅਮਰੀਕਾ ਦੇ ਖੁਫੀਆ ਵਿਭਾਗ ਦੀ ਬਹਾਦਰੀ ਦਾ ਸਿੱਟਾ ਹੈ ਕਿ ਮੁਸਲਿਮ ਅੱਤਵਾਦ ਦੇ ਸਰਗਣੇ ਲਗਾਤਾਰ ਮਰ ਰਹੇ ਹਨ। ਅਮਰੀਕਾ ਨੇ ਪਹਿਲਾਂ ਇਰਾਕ ਵਿੱਚ ਆਈ ਐੱਸ ਨੂੰ ਜ਼ਮੀਨਦੋਜ਼ ਕੀਤਾ ਅਤੇ ਫਿਰ ਸੀਰੀਆ ਵਿੱਚ ਵੀ ਆਈ ਐਸ ਦਾ ਸਫਾਇਆ ਕਰਨ ਲਈ ਬਹਾਦਰੀ ਦਾ ਪ੍ਰਦਰਸ਼ਨ ਕਰ ਰਿਹਾ ਹੈ।

ਦੂਜਿਆਂ ਦੇ ਮਨਾਂ 'ਤੇ ਥੋਪੀਆਂ ਜਾਂਦੀਆਂ ਮਾਨਸਿਕਤਾਵਾਂ ਮੁਸਲਿਮ ਅੱਤਵਾਦ ਦੀਆਂ ਪ੍ਰੇਰਣਾ ਸਰੋਤ ਬਣ ਜਾਂਦੀਆਂ ਹਨ, ਢਾਲ ਬਣ ਜਾਂਦੀਆਂ ਹਨ, ਹੱਥਕੰਡੇ ਬਣ ਜਾਂਦੀਆਂ ਹਨ। ਅਜਿਹੀਆਂ ਮਾਨਸਿਕਤਾਵਾਂ ਪੱਸਰਦੀਆਂ ਕਿਉਂ ਹਨ, ਸਗੋਂ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਅਜਿਹੀਆਂ ਮਾਨਸਿਕਤਾਵਾਂ ਜਾਣਬੁੱਝ ਕੇ ਦੂਜਿਆਂ ਦੇ ਮਨਾਂ 'ਤੇ ਥੋਪੀਆਂ ਜਾਂਦੀਆਂ ਹਨ। ਮਾਨਸਿਕਤਾਵਾਂ ਪਸਾਰੀਆਂ ਜਾਂਦੀਆਂ ਹਨ ਕਿ ਇਹ ਅਮਰੀਕਾ ਅਤੇ ਯੂਰਪ ਦੀ ਬਸਤੀਵਾਦ ਵਿਰੁੱਧ ਲੜਾਈ ਹੈ, ਜਦ ਕਿ ਸੱਚ ਇਹ ਹੈ ਕਿ ਮੁਸਲਿਮ ਅੱਤਵਾਦ ਇਸਲਾਮ ਦੀ ਕਾਫਿਰ ਮਾਨਸਿਕਤਾ ਤੋਂ ਨਿਕਲੀ ਨਸਲੀ ਹਿੰਸਾ ਹੈ, ਰਾਜਨੀਤੀ ਹੈ। ਤਾਲਿਬਾਨ ਦਾ ਸਰਗਣਾ ਮੁੱਲਾ ਉਮਰ, ਅਲ ਕਾਇਦਾ ਦਾ ਸਰਗਣਾ ਓਸਾਮਾ ਬਿਨ ਲਾਦੇਨ, ਅਲ ਜਵਾਹਿਰੀ ਤੇ ਆਈ ਐੱਸ ਦਾ ਬੀਤੇ ਦਿਨੀਂ ਮਾਰਿਆ ਗਿਆ ਸਰਗਣਾ ਅਲ ਬਗਦਾਦੀ ਵਾਰ-ਵਾਰ ਕਹਿੰਦੇ ਸਨ ਕਿ ਉਨ੍ਹਾਂ ਦੀ ਲੜਾਈ ਅੱਲ੍ਹਾ ਦੇ ਸ਼ਾਸਨ, ਭਾਵ ਇਸਲਾਮ ਦੀ ਸੱਤਾ ਸਥਾਪਤ ਕਰਨ ਦੀ ਹੈ, ਇਸਲਾਮ ਦੇ ਵਿਸਥਾਰ ਲਈ ਉਨ੍ਹਾਂ ਦਾ ਹਿੰਸਾ ਹੈ। ਦੁਨੀਆ ਨੂੰ ਇੱਕ ਦਿਨ ਇਸਲਾਮ ਦੇ ਝੰਡੇ ਹੇਠ ਆਉਣਾ ਹੀ ਹੋਵੇਗਾ। ਜੋ ਇਸਲਾਮ ਦੇ ਝੰਡੇ ਹੇਠ ਨਹੀਂ ਆਵੇਗਾ, ਉਸ ਦੇ ਖਾਤੇ ਵਿੱਚ ਸਿਰਫ ਤੇ ਸਿਰਫ ਮੌਤ ਆਵੇਗੀ। ਫਿਰ ਮੁਸਲਿਮ ਅੱਤਵਾਦ ਪ੍ਰਤੀ ਸਾਡਾ ਨਜ਼ਰੀਆ ਕਿੰਤੂ-ਪ੍ਰੰਤੂ ਵਿੱਚ ਭਟਕਦਾ ਕਿਉਂ ਹੈ?

ਅਮਰੀਕਾ ਜਾਂ ਫਿਰ ਲੋਕਤੰਤਰੀ ਦੁਨੀਆ ਨੂੰ ਅਲ ਬਗਦਾਦੀ ਦੇ ਅੰਤ ਨਾਲ ਵੀ ਜ਼ਿਆਦਾ ਖੁਸ਼ ਹੋਣ ਦੀ ਲੋੜ ਨਹੀਂ। ਇਹ ਵੀ ਨਹੀਂ ਮੰਨ ਲੈਣਾ ਚਾਹੀਦਾ ਕਿ ਅਲ ਬਗਦਾਦੀ ਦੇ ਮਾਰੇ ਜਾਣ ਨਾਲ ਉਸ ਦੇ ਮੁਸਲਿਮ ਅੱਤਵਾਦੀ ਸੰਗਠਨ ਆਈ ਐਸ ਦਾ ਅੰਤ ਹੋ ਜਾਵੇਗਾ, ਇਹ ਕਹਿਣਾ ਮੁਸ਼ਕਲ ਹੈ, ਇਸ ਦੀ ਆਸ ਨਹੀਂ ਕੀਤੀ ਜਾ ਸਕਦੀ, ਖਾਸ ਕਰ ਕੇ ਸੀਰੀਆ ਦੀ ਜੋ ਸਥਿਤੀ ਹੈ, ਉਸ ਦੇ ਅਨੁਸਾਰ ਆਈ ਐਸ ਦੀ ਸਮਾਪਤੀ ਦੀ ਉਮੀਦ ਨਹੀਂ ਬਣਦੀ। ਇਸ ਦੇ ਪਿੱਛੇ ਦੁਨੀਆ ਦਾ ਕੂਟਨੀਤਕ ਸਵਾਰਥ ਹੈ। ਕੁਝ ਸਵਾਰਥੀ ਕੂਟਨੀਤਕ ਆਈ ਐਸ ਨੂੰ ਪਨਾਹ ਦੇਣ ਅਤੇ ਆਈ ਐਸ ਨੂੰ ਵਿਸਥਾਰ ਦੇਣ ਦੀ ਭੂਮਿਕਾ ਨਿਭਾ ਰਹੇ ਹਨ। ਸੀਰੀਆ ਅੱਜ ਦੁਨੀਆ ਲਈ ਇੱਕ ਕੂਟਨੀਤਕ ਸਵਾਰਥ ਵਾਲਾ ਦੇਸ਼ ਬਣ ਗਿਆ ਹੈ। ਸੀਰੀਆ ਵਿੱਚ ਅੱਜ ਇੱਕ ਨਹੀਂ, ਸਗੋਂ ਕਈ ਦੇਸ਼ਾਂ ਦੀਆਂ ਫੌਜਾਂ ਅਤੇ ਉਸ ਦੇ ਗੁਰਗੇ ਹਿੰਸਕ ਲੜਾਈ ਲੜ ਰਹੇ ਹਨ। ਇੱਕ ਪਾਸੇ ਅਮਰੀਕਾ ਹੈ ਤਾਂ ਦੂਜੇ ਪਾਸੇ ਈਰਾਨ, ਤੁਰਕੀ, ਸਾਊਦੀ ਅਰਬ ਤੇ ਰੂਸ ਵਰਗੇ ਦੇਸ਼ ਵੀ ਹਨ। ਸੀਰੀਆ ਦਾ ਸ਼ਾਸਕ ਸ਼ੀਆ ਮੂਲ ਦਾ ਹੈ, ਈਰਾਨ ਸ਼ੀਆ ਦੇਸ਼ਾਂ ਦਾ ਆਪਣੇ ਆਪ ਬਣਿਆ ਨੇਤਾ ਹੋਣ ਕਾਰਨ ਸੀਰੀਆ ਦੇ ਸ਼ਾਸਕ ਨਾਲ ਖੜ੍ਹਾ ਹੈ, ਉਥੇ ਰੂਸ ਆਪਣੀ ਕੌਮਾਂਤਰੀ ਕੂਟਨੀਤੀ ਕਾਰਨ ਸੀਰੀਆ ਦੇ ਤਾਨਾਸ਼ਾਹੀ ਸ਼ਾਸਨ ਲਈ ਫੌਜ ਦੀ ਸਰਗਰਮੀ ਜਾਰੀ ਰੱਖ ਰਿਹਾ ਹੈ। ਤੁਰਕੀ ਆਪਣੇ ਦੁਸ਼ਮਣ ਕੁਰਦਾਂ ਦੇ ਸਫਾਏ ਲਈ ਫੌਜੀ ਮੁਹਿੰਮ 'ਤੇ ਹੈ।

ਜਾਨਣਾ ਇਹ ਵੀ ਜ਼ਰੂਰੀ ਹੈ ਕਿ ਕੁਰਦਾਂ ਦੀ ਬਹਾਦਰੀ ਦਾ ਨਤੀਜਾ ਹੈ ਕਿ ਅਲ ਬਗਦਾਦੀ ਅਤੇ ਉਸ ਦੇ ਅੱਤਵਾਦੀ ਸੰਗਠਨ ਆਈ ਐੱਸ ਨੂੰ ਚੁਣੌਤੀ ਮਿਲੀ ਸੀ ਅਤੇ ਉਸ ਦਾ ਵਿਸਥਾਰ ਰੁਕਿਆ ਸੀ। ਕੁਰਦਾਂ ਦੀ ਫੌਜ ਨੇ ਪਹਿਲਾਂ ਇਰਾਕ ਵਿੱਚੋਂ ਅਲ ਬਗਦਾਦੀ ਅਤੇ ਆਈ ਐਸ ਨੂੰ ਖਦੇੜਿਆ ਤੇ ਸੀਰੀਆ ਵਿੱਚ ਅਲ ਬਗਦਾਦੀ ਦੇ ਅੱਤਵਾਦੀਆਂ ਨੂੰ ਚੁਣ-ਚੁਣ ਕੇ ਮਾਰਿਆ ਅਤੇ ਉਸ ਦੇ ਵਿਸਥਾਰ 'ਤੇ ਰੋਕ ਲਾਈ ਸੀ, ਪਰ ਫਿਰ ਸਮੱਸਿਆ ਤੁਰਕੀ ਦੇ ਦਖਲ ਕਾਰਨ ਖੜ੍ਹੀ ਹੋਈ ਹੈ। ਤੁਰਕੀ ਅਤੇ ਕੁਰਦਾਂ ਵਿਚਾਲੇ ਪੁਰਾਣੀ ਲੜਾਈ ਹੈ। ਦੋਵਾਂ ਵਿਚਾਲੇ ਇਸਲਾਮ ਆਧਾਰਤ ਲੜਾਈ ਹੈ। ਤੁਰਕੀ ਨੇ ਸੀਰੀਆ ਦੇ ਅੰਦਰ ਕੁਰਦਾਂ ਵਿਰੁੱਧ ਭਿਆਨਕ ਫੌਜੀ ਮੁਹਿੰਮ ਛੇੜੀ ਹੋਈ ਹੈ। ਤੁਰਕੀ ਦੀ ਫੌਜੀ ਮੁਹਿੰਮ ਨਾਲ ਅਮਰੀਕਾ ਅਤੇ ਤੁਰਕੀ ਵਿਚਾਲੇ ਕੂਟਨੀਤਕ ਸੰਘਰਸ਼ ਦੀ ਸਥਿਤੀ ਪੈਦਾ ਹੋ ਗਈ ਹੈ। ਤੁਰਕੀ ਸੀਰੀਆ ਵਿੱਚ ਇੱਕ ਬਫਰ ਜ਼ੋਨ ਬਣਾਉਣਾ ਚਾਹੁੰਦਾ ਹੈ, ਜਿੱਥੇ ਨਾ ਸੀਰੀਆ ਦੇ ਸ਼ਾਸਕ ਦੀ ਫੌਜ ਦੀ ਹਾਜ਼ਰੀ ਹੋਵੇ ਅਤੇ ਨਾ ਕੁਰਦਾਂ ਦੀ ਫੌਜ ਦੀ ਹਾਜ਼ਰੀ ਹੋਵੇ।

ਇਥੇ ਇਹ ਸਵਾਲ ਉਠਦਾ ਹੈ ਕਿ ਕੀ ਅਲ ਬਗਦਾਦੀ ਦੇ ਮਾਰੇ ਜਾਣ ਨਾਲ ਸੀਰੀਆ ਵਿੱਚ ਲੜਾਈ ਮੁੱਕ ਜਾਵੇਗੀ, ਆਈ ਐੱਸ ਰੂਪੋਸ਼ ਹੋ ਜਾਵੇਗਾ? ਆਈ ਐੱਸ ਕਮਜ਼ੋਰ ਹੋਵੇਗਾ, ਇਹ ਆਸ ਹੋ ਸਕਦੀ ਹੈ। ਇਹ ਆਸ ਹੈ ਕਿ ਆਈ ਐੱਸ ਦੇ ਅੱਤਵਾਦੀ ਦੂਜੇ ਇਸਲਾਮਕ ਅੱਤਵਾਦੀ ਸੰਗਠਨਾਂ ਵਿੱਚ ਦਾਖਲ ਹੋ ਸਕਦੇ ਹਨ। ਭਾਵੇਂ ਮੁਸਲਿਮ ਅੱਤਵਾਦੀ ਤਾਲਿਬਾਨ ਨਾਲ ਜੁੜੇ ਹੋਏ ਹੋਣ, ਭਾਵੇਂ ਅਲ ਕਾਇਦਾ ਜਾਂ ਆਈ ਐੱਸ, ਸਭ ਦਾ ਉਦੇਸ਼ ਇੱਕੋ ਹੁੰਦਾ ਹੈ। ਕੋਈ ਮੁਸਲਿਮ ਅੱਤਵਾਦੀ ਸੰਗਠਨ ਕਮਜ਼ੋਰ ਹੁੰਦਾ ਹੈ ਤਾਂ ਕੋਈ ਦੂਜਾ ਮੁਸਲਿਮ ਅੱਤਵਾਦੀ ਸੰਗਠਨ ਖੜ੍ਹਾ ਹੋ ਜਾਂਦਾ ਹੈ, ਦੂਜੇ ਸਰਗਣੇ ਖੜ੍ਹੇ ਹੋ ਜਾਂਦੇ ਹਨ। ਜਿੱਥੇ ਵੀ ਮੁਸਲਿਮ ਆਬਾਦੀ ਹੈ, ਉਥੇ ਅੱਤਵਾਦੀ ਮਾਨਸਿਕਤਾਵਾਂ ਨੂੰ ਸ਼ਰੇਆਮ ਪਨਾਹ ਮਿਲਦੀ ਹੈ। ਦੁਨੀਆ ਨੂੰ ਇਹ ਰੱਦ ਕਰਨਾ ਚਾਹੀਦਾ ਹੈ ਕਿ ਅੱਤਵਾਦ ਨਾਲ ਇਸਲਾਮ ਜੁੜਿਆ ਹੈ? ਜਿੱਥੋਂ ਇਸਲਾਮਕ ਅੱਤਵਾਦ ਦੇ ਜੀਵਾਣੂ ਨਿਕਲਦੇ ਹਨ, ਉਥੇ ਵਾਰ ਕੀਤੇ ਬਿਨਾਂ ਦੁਨੀਆ ਨੂੰ ਸਭਿਅਕ ਨਹੀਂ ਬਣਾਇਆ ਜਾ ਸਕਦਾ। ਇਸਲਾਮ ਪੱਖੀ ਅੱਤਵਾਦ ਨੂੰ ਪਨਾਹ ਦੇਣ ਵਾਲੀਆਂ ਮਾਨਸਿਕਤਾਵਾਂ ਦਾ ਅੰਤ ਵੀ ਜ਼ਰੂਰੀ ਹੈ, ਇਸ 'ਤੇ ਸਿਰਫ ਅਮਰੀਕਾ ਹੀ ਨਹੀਂ, ਸਗੋਂ ਪੂਰੀ ਦੁਨੀਆ ਨੂੰ ਇਕਜੁੱਟ ਹੋ ਕੇ ਸੋਚਣਾ ਪਵੇਗਾ, ਮੁਹਿੰਮ ਚਲਾਉਣੀ ਹੋਵੇਗੀ।




# ਹਵਾ ਨੂੰ ਜ਼ਹਿਰੀਲੀ ਬਣਾਉਣ ਦਾ ਕੀ ਫਾਇਦਾ

-ਰੋਹਿਤ ਕੌਸ਼ਿਕ-

ਇਸ ਸਾਲ ਵੀ ਦੀਵਾਲੀ ਅਤੇ ਦੀਵਾਲੀ ਤੋਂ ਅਗਲੇ ਦਿਨ, ਭਾਵ ਸੋਮਵਾਰ ਨੂੰ ਕੌਮੀ ਰਾਜਧਾਨੀ ਖੇਤਰ (ਐਨ ਸੀ ਆਰ) ਵਿੱਚ ਹਵਾ ਪ੍ਰਦੂਸ਼ਣ ਖਤਰਨਾਕ ਪੱਧਰ 'ਤੇ ਪਹੁੰਚ ਗਿਆ। ਐਨ ਸੀ ਆਰ ਦੇ ਨਾਲ ਹੀ ਦੇਸ਼ ਦੇ ਹੋਰ ਕਈ ਹਿੱਸਿਆਂ ਵਿੱਚ ਵੀ ਏਅਰ ਕੁਆਲਿਟੀ ਇੰਡੈਕਸ ਗੰਭੀਰ ਸ਼੍ਰੇਣੀ ਵਿੱਚ ਪਹੁੰਚ ਗਿਆ। ਹਾਲਾਂਕਿ ਕੁਝ ਲੋਕਾਂ ਦਾ ਮੰਨਣਾ ਹੈ ਕਿ ਇਸ ਸਾਲ ਦੀਵਾਲੀ 'ਤੇ ਹਵਾ ਪ੍ਰਦੂਸ਼ਣ ਦੀ ਸਥਿਤੀ ਪਿਛਲੇ ਵਰ੍ਹਿਆਂ ਦੇ ਮੁਕਾਬਲੇ ਇੰਨੀ ਜ਼ਿਆਦਾ ਖਰਾਬ ਨਹੀਂ ਸੀ ਤੇ ਹਵਾ ਪ੍ਰਦੂਸ਼ਣ ਨੂੰ ਲੈ ਕੇ ਬੇਵਜ੍ਹਾ ਰੌਲਾ ਪਾਇਆ ਜਾ ਰਿਹਾ ਹੈ।

ਇਥੇ ਸਵਾਲ ਇਹ ਹੈ ਕਿ ਅਜਿਹੇ ਮੌਕਿਆਂ 'ਤੇ ਕੀ ਹਵਾ ਪ੍ਰਦੂਸ਼ਣ ਦੀ ਸਥਿਤੀ ਦੀ ਤੁਲਨਾ ਪਿਛਲੇ ਵਰ੍ਹਿਆਂ ਨਾਲ ਕਰਨਾ ਜ਼ਰੂਰੀ ਹੈ? ਕੀ ਸਾਡੇ ਲਈ ਇਹੀ ਕਾਫੀ ਨਹੀਂ ਕਿ ਇਸ ਸਾਲ ਵੀ ਦੇਸ਼ ਦੇ ਕਈ ਹਿੱਸਿਆਂ ਵਿੱਚ ਹਵਾ ਪ੍ਰਦੂਸ਼ਣ ਦਾ ਪੱਧਰ ਕਾਫੀ ਜ਼ਿਆਦਾ ਰਿਹਾ? ਅਜੇ ਵੀ ਕੋਈ ਸ਼ੱਕ ਹੋਵੇ ਤਾਂ ਦੀਵਾਲੀ ਦੌਰਾਨ ਕਿਸੇ ਦਮੇ ਦੇ ਰੋਗੀ ਤੋਂ ਉਸ ਦਾ ਹਾਲ ਚਾਲ ਪੁੱਛੋ ਤਾਂ ਤੁਹਾਨੂੰ ਹਵਾ ਪ੍ਰਦੂਸ਼ਣ ਦੀ ਸਥਿਤੀ ਦਾ ਅੰਦਾਜ਼ਾ ਆਪਣੇ ਆਪ ਲੱਗ ਜਾਵੇਗਾ। ਸਵਾਲ ਇਹ ਹੈ ਕਿ ਹਰ ਸਾਲ ਦੀਵਾਲੀ ਮੌਕੇ ਹਵਾ ਵਿੱਚ ਜ਼ਹਿਰ ਘੋਲਣ ਦਾ ਕੀ ਫਾਇਦਾ? ਇਸ ਸਾਲ ਦੀਵਾਲੀ ਤੋਂ ਪਹਿਲਾਂ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਪਟਾਕਾ ਫੈਕਟਰੀਆਂ ਵਿੱਚ ਹੋਏ ਵੱਖ-ਵੱਖ ਹਾਦਸਿਆਂ ਵਿੱਚ ਕਈ ਲੋਕ ਮਾਰੇ ਗਏ।

ਇਹ ਸਾਹਮਣੇ ਆਈਆਂ ਕੁਝ ਵੱਡੀਆਂ ਦੁਰਘਟਨਾਵਾਂ ਦੀ ਤਸਵੀਰ ਮਾਤਰ ਹੈ, ਇਸ ਤੋਂ ਇਲਾਵਾ ਦੀਵਾਲੀ ਤੋਂ ਪਹਿਲਾਂ ਪਟਾਕਾ ਫੈਕਟਰੀਆਂ ਵਿੱਚ ਕਈ ਹੋਰ ਛੋਟੀਆਂ-ਮੋਟੀਆਂ ਘਟਨਾਵਾਂ ਵਾਪਰੀਆਂ ਹੋਣਗੀਆਂ, ਜਿਨ੍ਹਾਂ ਵਿੱਚ ਕਈ ਲੋਕ ਜ਼ਖਮੀ ਹੋਏ ਜਾਂ ਮਾਰੇ ਗਏ। ਅਜਿਹੀਆਂ ਘਟਨਾਵਾਂ ਤੋਂ ਪੀੜਤ ਪਰਵਾਰਾਂ ਲਈ ਦੀਵਾਲੀ ਖੁਸ਼ੀ ਦੀ ਥਾਂ ਦੁੱਖਾਂ ਦਾ ਤਿਉਹਾਰ ਬਣ ਜਾਂਦਾ ਹੈ। ਇਹ ਤਾਂ ਤਸਵੀਰ ਦਾ ਇੱਕ ਪਹਿਲੂ ਹੈ ਤਾਂ ਦੂਜੇ ਪਾਸੇ ਦੀਵਾਲੀ ਦੌਰਾਨ ਪਟਾਕਿਆਂ ਕਾਰਨ ਹੋਣ ਵਾਲੇ ਹਵਾ ਅਤੇ ਆਵਾਜ਼ ਪ੍ਰਦੂਸ਼ਣ ਨਾਲ ਦਮੇ ਅਤੇ ਦਿਲ ਦੇ ਮਰੀਜ਼ਾਂ ਨੂੰ ਭਾਰੀ ਪ੍ਰੇਸ਼ਾਨੀ ਉਠਾਉਣੀ ਪੈਂਦੀ ਹੈ।



ਕੋਈ ਵੀ ਤਿਉਹਾਰ ਜਿੱਥੇ ਇੱਕ ਪਾਸੇ ਸਾਡੀ ਆਸਥਾ ਨਾਲ ਜੁੜਿਆ ਹੁੰਦਾ ਹੈ, ਉਥੇ ਹੀ ਦੂਜੇ ਪਾਸੇ ਈਸ਼ਵਰ ਅਤੇ ਕੁਦਰਤ ਪ੍ਰਤੀ ਸਾਡੇ ਭਰੋਸੇ ਨੂੰ ਹੋਰ ਮਜ਼ਬੂਤ ਕਰਦਾ ਹੈ। ਸ਼ਾਸਤਰਾਂ ਵਿੱਚ ਕਿਹਾ ਗਿਆ ਹੈ ਕਿ ਈਸ਼ਵਰ ਇਸ ਧਰਤੀ, ਜਲ, ਹਵਾ ਅਤੇ ਕੁਦਰਤ ਦੇ ਕਣ ਕਣ ਵਿੱਚ ਮੌਜੂਦ ਹੈ। ਇਹ ਮੰਦਭਾਗਾ ਹੈ ਕਿ ਇੱਕ ਪਾਸੇ ਅਸੀਂ ਤਿਉਹਾਰ ਮਨਾ ਕੇ ਈਸ਼ਵਰ ਵਿੱਚ ਆਪਣੀ ਆਸਥਾ ਪ੍ਰਗਟਾਉਂਦੇ ਹਾਂ ਅਤੇ ਦੂਜੇ ਪਾਸੇ ਕੁਦਰਤ-ਵਿਰੋਧੀ ਕੰਮਾਂ ਨਾਲ ਆਪਣੀ ਹੀ ਆਸਥਾ 'ਤੇ ਚੋਟ ਵੀ ਕਰਦੇ ਹਾਂ। ਜੇ ਤਿਉਹਾਰ ਮਨਾਉਣ ਦਾ ਤਰੀਕਾ ਕੁਦਰਤ ਦੀ ਸੰਭਾਲ ਦੇ ਰਾਹ ਵਿੱਚ ਅੜਿੱਕਾ ਹੈ ਤਾਂ ਇਸ 'ਤੇ ਮੁੜ ਵਿਚਾਰ ਕੀਤਾ ਜਾਣਾ ਜ਼ਰੂਰੀ ਹੈ। ਇਹ ਤ੍ਰਾਸਦੀ ਹੀ ਹੈ ਕਿ ਸਾਡੇ ਦੇਸ਼ ਵਿੱਚ ਜਦੋਂ ਵੀ ਰਵਾਇਤ ਤੋਂ ਹਟ ਕੇ ਕੁਝ ਹਾਂ ਪੱਖੀ ਸੋਚਿਆ ਜਾਂ ਕੀਤਾ ਜਾਂਦਾ ਹੈ ਤਾਂ ਬਿਨਾਂ ਕਿਸੇ ਠੋਸ ਤੱਥ ਦੇ ਕੁਝ ਲੋਕਾਂ ਦਾ ਵਿਰੋਧ ਝੱਲਣਾ ਪੈਂਦਾ ਹੈ, ਪਰ ਇਸ ਬਦਲਦੇ ਸਮੇਂ ਵਿੱਚ ਜਦੋਂ ਕੁਦਰਤ ਦਾ ਸ਼ੋਸ਼ਣ ਲਗਾਤਾਰ ਵਧਦਾ ਜਾ ਰਿਹਾ ਹੈ, ਕੁਦਰਤ ਨੂੰ ਸਿਰਫ ਪ੍ਰੰਪਰਾਵਾਦੀਆਂ ਦੇ ਭਰੋਸੇ ਛੱਡ ਦੇਣਾ ਇੱਕ ਵੱਡੀ ਬੇਵਕੂਫੀ ਹੋਵੇਗੀ, ਇਸ ਲਈ ਹੁਣ ਸਮਾਂ ਆ ਗਿਆ ਹੈ ਕਿ ਅਸੀਂ ਆਪਣੀ ਤੇ ਕੁਦਰਤੀ ਦੀ ਹੋਂਦ ਲਈ ਦੀਵਾਲੀ ਮਨਾਉਣ ਦੇ ਢੰਗ 'ਤੇ ਵਿਚਾਰ ਕਰੀਏ।

ਦੀਵਾਲੀ ਦੌਰਾਨ ਹੋਣ ਵਾਲੇ ਹਵਾ ਪ੍ਰਦੂਸ਼ਣ ਨਾਲ ਵਾਤਾਵਰਣ ਵਿੱਚ ਹਾਨੀਕਾਰਕ ਗੈਸਾਂ ਅਤੇ ਤੱਤਾਂ ਦੀ ਮਾਤਰਾ ਹੈਰਾਨੀ ਜਨਕ ਤੌਰ 'ਤੇ ਵਧ ਜਾਂਦੀ ਹੈ ਅਤੇ ਇਸ ਤਿਉਹਾਰ ਤੋਂ ਕਈ ਦਿਨਾਂ ਬਾਅਦ ਤੱਕ ਵੀ ਪ੍ਰਦੂਸ਼ਣ ਜਾਰੀ ਰਹਿੰਦਾ ਹੈ। ਇਹ ਮੰਦਭਾਗੀ ਗੱਲ ਹੈ ਕਿ ਸਸਤੇ ਹੋਣ ਕਰ ਕੇ ਚੀਨ ਦੇ ਬਣੇ ਪਟਾਕਿਆਂ ਨੇ ਭਾਰਤੀ ਬਾਜ਼ਾਰ 'ਤੇ ਆਪਣਾ ਕਬਜ਼ਾ ਕਰ ਲਿਆ ਹੈ। ਇਨ੍ਹਾਂ ਪਟਾਕਿਆਂ ਵਿੱਚ ਸਲਫਰ ਦੀ ਮਾਤਰਾ ਵੱਧ ਹੁੰਦੀ ਹੈ। ਇਹੋ ਵਜ੍ਹਾ ਹੈ ਕਿ ਇਨ੍ਹਾਂ ਪਟਾਕਿਆਂ ਦੇ ਚੱਲਣ 'ਤੇ ਵਾਤਾਵਰਣੇ ਵਿੱਚ ਸਲਫਰ-ਡਾਇਆਕਸਾਈਡ ਦੀ ਮਾਤਰਾ ਵਧ ਜਾਂਦੀ ਹੈ। ਇਸ ਦੀ ਬਹੁਲਤਾ ਅੱਖਾਂ ਵਿੱਚ ਜਲਣ, ਸਿਰ ਦਰਦ, ਸਾਹ ਸੰਬੰਧੀ, ਕੈਂਸਰ ਅਤੇ ਦਿਲ ਸੰਬੰਧੀ ਰੋਗ ਪੈਦਾ ਕਰਦੀ ਹੈ।

ਦੂਜੇ ਪਾਸੇ ਪਟਾਕਿਆਂ ਵਿੱਚ ਕੈਡਮੀਅਮ, ਲੈਡ, ਕਾਪਰ, ਜ਼ਿੰਕ, ਆਰਸੈਨਿਕ, ਮਰਕਰੀ ਅਤੇ ਕ੍ਰੋਮੀਅਮ ਵਰਗੀਆਂ ਕਈ ਜ਼ਹਿਰੀਲੀਆਂ ਧਾਤੂਆਂ ਵੀ ਹੁੰਦੀਆਂ ਹਨ, ਜੋ ਵਾਤਾਵਰਣ 'ਤੇ ਬਹੁਤ ਬੁਰੇ ਪ੍ਰਭਾਵ ਪਾਉਂਦੀਆਂ ਹਨ। ਕਾਪਰ (ਤਾਂਬਾ) ਸਾਹਤੰਤਰ ਨੂੰ ਪ੍ਰਭਾਵਤ ਕਰਦਾ ਹੈ, ਕੈਡਮੀਅਮ ਗੁਰਦਿਆਂ ਨੂੰ ਨੁਕਸਾਨ ਪਹੁੰਚਾਉਂਦਾ ਹੈ ਤਾਂ ਲੈਡ (ਸੀਸਾ) ਨਾੜੀਤੰਤਰ ਨੂੰ ਪ੍ਰਭਾਵਤ ਕਰਦਾ ਹੈ। ਜ਼ਿੰਕ ਨਾਲ ਉਲਟੀਆਂ ਹੋਣ ਦੇ ਲੱਛਣ ਪ੍ਰਗਟ ਹੁੰਦੇ ਹਨ, ਜਦ ਕਿ ਆਰਸੈਨਿਕ ਤੇ ਮਰਕਰੀ ਨਾਲ ਕੈਂਸਰ ਰੋਗ ਹੋਣ ਦਾ ਖਤਰਾ ਹੁੰਦਾ ਹੈ। ਪਟਾਕਿਆਂ ਲਈ ਵਰਤਿਆ ਜਾਣ ਵਾਲਾ ਗੰਨ ਪਾਊਡਰ ਵੀ ਬਹੁਤ ਹਾਨੀ ਕਾਰਕ ਹੁੰਦਾ ਹੈ। ਪਟਾਕਾ ਉਦਯੋਗ ਵਿੱਚ ਕੰਮ ਕਰਦੇ ਬੱਚਿਆਂ 'ਤੇ ਇਸ ਦੇ ਹਾਨੀ ਕਾਰਕ ਪ੍ਰਭਾਵ ਮਿਲਦੇ ਹਨ। ਪਟਾਕੇ ਚਲਾਉਂਦੇ ਸਮੇਂ ਕਈ ਵਾਰ ਅੱਗ ਲੱਗਣ ਦੀਆਂ ਘਟਨਾਵਾਂ ਵਾਪਰੀਆਂ ਹਨ ਅਤੇ ਜਾਨ ਮਾਲ ਦਾ ਨੁਕਸਾਨ ਵੀ ਹੋ ਜਾਂਦਾ ਹੈ। ਦੀਵਾਲੀ ਦੌਰਾਨ ਹੋਣ ਵਾਲੇ ਆਵਾਜ਼ ਪ੍ਰਦੂਸ਼ਣ ਨਾਲ ਜਿੱਥੇ ਇੱਕ ਪਾਸੇ ਮਨੁੱਖੀ ਸਰੀਰ ਵਿੱਚ ਕਈ ਰੋਗ ਪੈਦਾ ਹੋ ਜਾਂਦੇ ਹਨ, ਉਥੇ ਹੀ ਦੂਜੇ ਪਾਸੇ ਪਸ਼ੂਆਂ-ਪੰਛੀਆਂ 'ਤੇ ਵੀ ਇਨ੍ਹਾਂ ਦਾ ਅਸਰ ਪੈਂਦਾ ਹੈ।

ਆਵਾਜ਼ ਪ੍ਰਦੂਸ਼ਣ ਨਾਲ ਹਾਈ ਬਲੱਡ ਪ੍ਰੈਸ਼ਰ, ਬੋਲਾਪਣ, ਹਾਰਟ ਅਟੈਕ, ਨੀਂਦ ਵਿੱਚ ਕਮੀ ਵਰਗੇ ਰੋਗ ਪੈਦਾ ਹੁੰਦੇ ਹਨ। ਕੁਲ ਮਿਲਾ ਕੇ ਦੀਵਾਲੀ ਦੌਰਾਨ ਹੋਣ ਵਾਲੇ ਪ੍ਰਦੂਸ਼ਣ ਨਾਲ ਚੌਗਿਰਦੇ ਦੀ ਹਰੇਕ ਚੀਜ਼ ਪ੍ਰਭਾਵਤ ਹੁੰਦੀ ਹੈ। ਇਸ ਲਈ ਹੁਣ ਸਮਾਂ ਆ ਗਿਆ ਹੈ ਕਿ ਅਸੀਂ ਪਟਾਕੇ ਛੱਡ ਕੇ ਦੀਵਾਲੀ ਦੌਰਾਨ ਹੋਣ ਵਾਲੇ ਪ੍ਰਦੂਸ਼ਣ ਨੂੰ ਖਤਮ ਕਰਨ ਦੀ ਸਮੂਹਿਕ ਕੋਸ਼ਿਸ਼ ਕਰੀਏ। ਸਾਨੂੰ ਇਹ ਧਿਆਨ ਵਿੱਚ ਰੱਖਣਾ ਪਵੇਗਾ ਕਿ ਰੌਸ਼ਨੀਆਂ ਦੇ ਇਸ ਤਿਉਹਾਰ ਵਿੱਚ ਪਟਾਕੇ ਹਨੇਰਾ ਵੰਡਦੇ ਹਨ। ਇਹ ਦੁੱਖਦਾਈ ਹੀ ਹੈ ਕਿ ਅਸੀਂ ਇੰਨੀ ਛੋਟੀ ਜਿਹੀ ਗੱਲ ਵੀ ਨਹੀਂ ਸਮਝਦੇ ਕਿ ਇਸ ਤਿਉਹਾਰ ਵਿੱਚ ਹਵਾ ਨੂੰ ਜ਼ਹਿਰੀਲੀ ਬਣਾਉਣ ਦਾ ਫਾਇਦਾ ਕਿਸੇ ਨੂੰ ਵੀ ਨਹੀਂ ਹੈ।



## ਕੈਪਟਨ ਸੰਦੀਪ ਫਿਰ ਮੁੱਖ ਮੰਤਰੀ ਦੇ ਸਿਆਸੀ ਸਕੱਤਰ ਬਣੇ

ਚੰਡੀਗੜ੍ਹ, 31 ਅਕਤੂਬਰ (ਪੋਸਟ ਬਿਊਰੋ)- ਕੈਪਟਨ ਸੰਦੀਪ ਸੰਧੂ ਨੂੰ ਫਿਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਸਿਆਸੀ ਸਕੱਤਰ ਨਿਯੁਕਤ ਕੀਤਾ ਗਿਆ ਹੈ। ਪੰਜਾਬ ਸਰਕਾਰ ਵੱਲੋਂ ਨੋਟੀਫਿਕੇਸ਼ਨ ਜਾਰੀ ਕਰਨ ਪਿੱਛੋਂ ਸੰਧੂ ਕੱਲ੍ਹ ਆਪਣੇ ਦਫਤਰ ਪੁੱਜੇ ਤੇ ਬਕਾਇਦਾ ਕੰਮ ਸ਼ੁਰੂ ਕਰ ਦਿੱਤਾ। ਵਰਨਣ ਯੋਗ ਹੈ ਕਿ ਕੈਪਟਨ ਸੰਦੀਪ ਸੰਧੂ ਨੇ ਉੱਪ ਚੋਣਾਂ ਕਾਰਨ ਮੁੱਖ ਮੰਤਰੀ ਦੇ ਸਿਆਸੀ ਸਕੱਤਰ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ।

ਕਾਂਗਰਸ ਪਾਰਟੀ ਨੇ ਕੈਪਟਨ ਸੰਦੀਪ ਸੰਧੂ ਨੂੰ ਦਾਖਾ ਵਿਧਾਨ ਸਭਾ ਹਲਕਾ ਤੋਂ ਉਮੀਦਵਾਰ ਬਣਾਇਆ ਸੀ, ਪਰ ਉਹ ਅਕਾਲੀ ਦਲ ਦੇ ਉਮੀਦਵਾਰ ਤੇ ਸਾਬਕਾ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਤੋਂ ਹਾਰ ਗਏ ਸਨ। ਮੁੱਖ ਮੰਤਰੀ ਨੇ ਕੈਪਟਨ ਸੰਦੀਪ ਸੰਧੂ ਦਾ ਸਿਆਸੀ ਰੁਤਬਾ ਕਾਇਮ ਰੱਖ ਲੇ ਉਨ੍ਹਾਂ ਨੂੰ ਫਿਰ ਆਪਣਾ ਸਿਆਸੀ ਸਕੱਤਰ ਬਣਾ ਦਿੱਤਾ ਹੈ।

ਇਸ ਦੌਰਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਛੇ ਸਲਾਹਕਾਰਾਂ (ਵਿਧਾਇਕਾਂ) ਨੂੰ ਸਿਵਲ ਸਕੱਤਰੇਤ 'ਚ ਦਫਤਰ ਅਲਾਟ ਕਰ ਦਿੱਤੇ ਗਏ ਹਨ। ਵਰਨਣ ਯੋਗ ਹੈ ਕਿ ਸਰਕਾਰ ਨੇ ਛੇ ਵਿਧਾਇਕਾਂ ਨੂੰ ਸਲਾਹਕਾਰ ਨਿਯੁਕਤ ਕਰਕੇ ਪੰਜ ਨੂੰ ਕੈਬਨਿਟ ਤੇ ਇੱਕ ਨੂੰ ਰਾਜ ਮੰਤਰੀ ਦਾ ਦਰਜਾ ਦਿੱਤਾ ਸੀ, ਜਿਸ ਦਾ ਮਾਮਲਾ ਹਾਈ ਕੋਰਟ ਦੇ ਵਿਚਾਰ ਅਧੀਨ ਹੈ। ਹਾਈ ਕੋਰਟ ਵਿੱਚ ਪਟੀਸ਼ਨ ਦੀ ਸੁਣਵਾਈ ਵੇਲੇ ਸਰਕਾਰ ਨੇ ਦਲੀਲ ਦਿੱਤੀ ਸੀ ਕਿ ਇਨ੍ਹਾਂ ਵਿਧਾਇਕਾਂ ਨੂੰ ਵਿੱਤੀ ਲਾਭ ਦੇਣ ਬਾਰੇ ਸਰਕਾਰ ਨੇ ਕੋਈ ਫੈਸਲਾ ਨਹੀਂ ਲਿਆ। ਸੀਨੀਅਰ ਵਕੀਲ ਐਚ ਐਸ ਭੱਟੀ ਨੇ ਇਨ੍ਹਾਂ ਨਿਯੁਕਤੀਆਂ ਨੂੰ ਚੁਣੌਤੀ ਦਿੰਦਿਆਂ ਕਿਹਾ ਸੀ ਕਿ ਸੰਵਿਧਾਨ ਅਨੁਸਾਰ ਸਰਕਾਰ 15 ਫੀਸਦੀ ਤੋਂ ਵੱਧ ਵਿਧਾਇਕ ਮੰਤਰੀ ਨਹੀਂ ਹੋ ਸਕਦੇ।

### ਕੈਪਟਨ ਅਮਰਿੰਦਰ ਨੇ ਕਿਹਾ:

## ਸ਼ਾਂਤੀ ਦੇ ਕੋਰੀਡੋਰ ਵਿੱਚ ਖਾੜਕੂਵਾਦ ਤੇ ਹਿੰਸਾ ਦੀ ਕੋਈ ਥਾਂ ਨਹੀ

ਜਲੰਧਰ, 31 ਅਕਤੂਬਰ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਸ੍ਰੀ ਕਰਤਾਰਪੁਰ ਸਾਹਿਬ ਕਾਰੀਡੋਰ ਖੁੱਲ੍ਹਣ ਦਾ ਮਤਲਬ ਇਹ ਹੈ ਕਿ ਅਸੀਂ ਬੀਤੇ ਨੂੰ ਭੁੱਲ ਕੇ ਭਵਿੱਖ ਵੱਲ ਅੱਗੇ ਵਧਣਾ ਹੈ। ਉਨ੍ਹਾਂ ਨੇ ਟਵੀਟ ਕਰਦਿਆਂ ਕਿਹਾ ਕਿ ਉਹ ਬਚਪਨ ਤੋਂ ਹੀ ਕਰਤਾਰਪੁਰ ਸਾਹਿਬ ਗੁਰਦੁਆਰੇ ਨਾਲ ਧਾਰਮਿਕ ਤੌਰ 'ਤੇ ਜੁੜੇ ਹੋਏ ਹਨ। ਇਹ ਗੁਰਦੁਆਰਾ ਉਨ੍ਹਾਂ ਦੇ ਜੱਦੀ ਸ਼ਹਿਰ ਪਟਿਆਲਾ ਤੋਂ 235 ਕਿਲੋਮੀਟਰ ਦ ਦੂਰ ਹੈ, ਜਿੱਥੇ ਸ੍ਰੀ ਗੁਰੂ ਨਾਨਕ ਦੇਵ ਜੀ 22 ਸਤੰਬਰ 1539 ਨੂੰ ਜੋਤੀ ਜੋਤ ਸਮਾਏ ਸਨ। ਪਟਿਆਲਾ ਪਰਵਾਰ ਦੇ ਇਸ ਗੁਰਦੁਆਰੇ ਨਾਲ ਸ਼ੁਰੂ ਤੋਂ ਨਿੱਘੇ ਸੰਬੰਧ ਰਹੇ ਹਨ। ਗੁਰਦੁਆਰੇ ਦੀ ਮੌਜੂਦਾ ਬਿਲਡਿੰਗ ਨੂੰ 1925 ਵਿੱਚ 135600 ਰੁਪਏ ਦੀ ਲਾਗਤ ਨਾਲ ਬਣਾਇਆ ਗਿਆ ਸੀ ਅਤੇ ਇਹ ਰਕਮ ਪਟਿਆਲਾ ਦੇ



ਓਦੋਂ ਦੇ ਮਹਾਰਾਜਾ ਤੇ ਉਨ੍ਹਾਂ ਦੇ ਦਾਦਾ ਭੁਪਿੰਦਰ ਸਿੰਘ ਨੇ ਦਿੱਤੀ ਸੀ, ਕਿਉਂਕਿ ਉਸ ਸਮੇਂ ਇਹ ਇਮਾਰਤ ਹੜ੍ਹਾਂ ਕਾਰਨ ਨੁਕਸਾਨੀ ਗਈ ਸੀ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਕਰਤਾਰਪੁਰ ਸਾਹਿਬ ਗੁਰਦੁਆਰੇ ਦੇ ਦਰਸ਼ਨ ਕਰਨ ਦਾ ਵਿਚਾਰ ਉਨ੍ਹਾਂ ਦੇ ਮਨ ਵਿੱਚ ਕਾਫੀ ਸਮਾਂ ਪਹਿਲਾਂ ਆਇਆ ਸੀ ਤੇ ਉਨ੍ਹਾਂ ਨੂੰ ਇਤਿਹਾਸਕ 550ਵੇਂ ਪ੍ਰਕਾਸ਼ ਪੁਰਬ ਮੌਕੇ ਗੁਰਦੁਆਰੇ ਦੇ ਦਰਸ਼ਨਾਂ ਦਾ ਸੁਭਾਗ ਮਿਲ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਉਹ ਕੇਂਦਰ ਸਰਕਾਰ ਨਾਲ ਨਿੱਜੀ ਤੌਰ 'ਤੇ ਤਾਲਮੇਲ ਬਣਾ ਕੇ ਕਾਰੀਡੋਰ ਦਾ ਕੰਮ ਪੂਰਾ ਕਰਵਾਉਣ ਵਿੱਚ ਸਫਲ ਹੋਏ ਹਨ। ਉਨ੍ਹਾਂ ਕਿਹਾ ਕਿ ਸ਼ਾਂਤੀ ਕਾਰੀਡੋਰ ਵਿੱਚ ਖਾੜਕੂਵਾਦ ਅਤੇ ਹਿੰਸਾ ਦੀ ਕੋਈ ਥਾਂ ਨਹੀਂ ਅਤੇ ਉਹ ਮਹਿਸੂਸ ਕਰਦੇ ਹਨ ਕਿ ਪਾਕਿਸਤਾਨ ਇਸ ਸੱਚਾਈ ਨੂੰ ਸਵੀਕਾਰ ਕਰੇਗਾ ਅਤੇ ਸ਼ਾਂਤੀ ਦੇ ਰਾਹ 'ਤੇ ਚੱਲਣ ਦੀ ਕੋਸ਼ਿਸ਼ ਕਰੇਗਾ।

ਮੁੱਖ ਮੰਤਰੀ ਪੰਜਾਬ ਨੇ ਕਿਹਾ ਕਿ ਕੇਂਦਰੀ ਸੜਕੀ ਆਵਾਜਾਈ ਤੇ ਹਾਈਵੇ ਮੰਤਰਾਲਾ ਵੱਲੋਂ ਡੇਰਾ ਬਾਬਾ ਨਾਨਕ-ਅੰਮ੍ਰਿਤਸਰ-ਤਰਨ ਤਾਰਨ ਸਾਹਿਬ, ਗੋਇੰਦਵਾਲ ਸਾਹਿਬ-ਕਪੂਰਥਲਾ-ਸੁਲਤਾਨਪੁਰ ਲੋਧੀ ਨੈਸ਼ਨਲ ਹਾਈਵੇ ਦਾ ਨਾਂਅ ਸ੍ਰੀ ਗੁਰੂ ਨਾਨਕ ਦੇਵ ਜੀ ਮਾਰਗ ਰੱਖਣ ਨਾਲ ਕੋਰੀਡੋਰ ਦੇ ਮਹੱਤਵ ਵਿੱਚ ਹੋਰ ਵਾਧਾ ਹੋ ਗਿਆ ਹੈ।

## ਦਹਿਸ਼ਤਗਰਦਾਂ ਦੇ ਨਾਂਅ ਵਾਲੇ ਅਤੇ ਇੰਡੀਅਨ ਡਾਗਸ ਗੋ ਬੈਕ ਦੇ ਨਾਅਰੇ ਵਾਲੇ ਸੇਬ ਮਿਲੇ

ਲਹਿਰਾਗਾਗਾ, 31 ਅਕਤੂਬਰ (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਜੰਮੂ-ਕਸ਼ਮੀਰ ਵਿੱਚੋਂ ਧਾਰਾ 370 ਹਟਾ ਕੇ ਭਾਵੇਂ ਕਸ਼ਮੀਰੀ ਲੋਕਾਂ ਨੂੰ ਹਰ ਸਹੂਲਤ ਦੇ ਕੇ ਉਨ੍ਹਾਂ ਦੇ ਦਿਲਾਂ 'ਚੋਂ ਭਾਰਤ ਵਿਰੁੱਧ ਨਫਤ ਖਤਮ ਕਰਨ ਦੇ ਦਾਅਵੇ ਕੀਤੇ ਹਨ, ਪਰ ਅੱਤਵਾਦੀ ਚੁੱਪ ਨਹੀਂ ਰਹਿਣ ਵਾਲੇ। ਉਹ ਕਿਸੇ ਨਾ ਕਿਸੇ ਤਰੀਕੇ ਨਾਲ ਲੋਕਾਂ 'ਚ ਦਹਿਸ਼ਤ ਅਤੇ ਨਫਰਤ ਫੈਲਾਉਣ ਲੱਗੇ ਹੋਏ ਹਨ। ਅਜਿਹਾ ਹੀ ਕੱਲ੍ਹ ਓਦੋਂ ਦੇਖਣ ਨੂੰ ਮਿਲਿਆ, ਜਦੋਂ ਇੱਕ ਫਰੂਟ ਵਾਲੀ ਦੁਕਾਨ ਉੱਤੇ ਕਸ਼ਮੀਰ ਤੋਂ ਆਏ ਸੇਬਾਂ ਦੀ ਪੇਟੀ 'ਚੋਂ ਤਿੰਨ ਸੇਬ ਅਜਿਹੇ ਨਿਕਲੇ, ਜਿਨ੍ਹਾਂ ਉੱਤੇ




ਭਾਰਤੀਆਂ ਨੂੰ ਕੁੱਤੇ ਲਿਖਿਆ ਗਿਆ ਸੀ ਅਤੇ ਕਸ਼ਮੀਰੀ ਦਹਿਸ਼ਤਗਰਦਾਂ ਸਮੀਰ ਟਾਈਗਰ ਅਤੇ ਬੁਰਹਾਨ ਵਾਨੀ ਦੇ ਨਾਂਅ ਲਿਖਣ ਦੇ ਨਾਲ 'ਇੰਡੀਅਨ ਡਾਗਸ ਗੋ ਬੈਕ' ਲਿਖ ਕੇ ਭੇਜਿਆ ਗਿਆ ਸੀ। ਪੁਲਸ ਨੇ ਉਕਤ ਸੇਬਾਂ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ ਹੈ।

ਇਸ ਬਾਰੇ ਸੰਬੰਧਤ ਦੁਕਾਨਦਾਰ ਮੱਖਣ ਨੇ ਦੱਸਿਆ ਕਿ ਉਹ ਹਰਿਆਣਾ ਦੇ ਟੋਹਾਣਾ ਤੋਂ ਸੇਬ ਲਿਆਉਂਦਾ ਹੈ ਜਿੱਥੇ ਸੇਬ ਕਸ਼ਮੀਰ ਤੋਂ ਸਿੱਧੇ ਆਉਂਦੇ ਹਨ। ਕੱਲ੍ਹ ਜਦੋਂ ਉਸ ਨੇ ਸੇਬਾਂ ਦੀ ਪੇਟੀ ਖੋਲ੍ਹੀ ਤਾਂ ਉਸ 'ਚੋਂ ਤਿੰਨ ਸੇਬਾਂ ਉਪਰ ਅੰਗਰੇਜ਼ੀ ਵਿੱਚ ਭਾਰਤੀਆਂ ਵਿਰੁੱਧ ਗੱਲਾਂ ਦੇ ਨਾਲ ਦਹਿਸ਼ਤਗਰਦਾਂ ਦੇ ਨਾਂਅ ਲਿਖੇ ਹੋਏ ਸਨ, ਜਿਸ ਕਾਰਨ ਉਹ ਘਬਰਾ ਗਿਆ ਅਤੇ ਇਹ ਗੱਲ ਆਪਣੇ ਦੋਸਤ ਨੂੰ ਦੱਸੀ। ਉਸ ਨੇ ਸ਼ੱਕ ਜ਼ਾਹਿਰ ਕੀਤਾ ਕਿ ਅੱਜ ਇਸ ਤਰੀਕੇ ਦੇ ਸੇਬ ਨਿਕਲੇ ਹਨ, ਜੋ ਆਪਸੀ ਨਫਰਤ ਪੈਦਾ ਕਰ ਸਕਦੇ ਹਨ, ਪਰ ਕਿਸੇ ਸਮੇਂ ਕਸ਼ਮੀਰ ਤੋਂ ਆਉਣ ਵਾਲੇ ਫਰੂਟ 'ਚੋਂ ਕੋਈ ਹੋਰ ਗਲਤ ਵਸੂਤ ਵੀ ਆ ਸਕਦੀ ਹੈ, ਜਿਸ ਵਿੱਚ ਦੁਕਾਨਦਾਰ ਦਾ ਕੋਈ ਕਸੂਰ ਨਹੀਂ ਹੁੰਦਾ।

## ਨੌਕਰੀਆਂ ਅਤੇ ਅਹੁਦਿਆਂ ਦੇ ਰਾਖਵੇਂਕਰਨ ਦੇ ਲਾਭ ਲਈ ਜ਼ਾਤਾਂ ਬਦਲਣ ਦਾ ਦੋਸ਼

### * ਰਾਜਪੂਤ ਨੇ ਜਾਅਲੀ ਅਨੁਸੂਚਿਤ ਜਾਤੀ ਸਰਟੀਫਿਕੇਟ ਨਾਲ ਸਰਪੰਚੀ ਜਿੱਤੀ

ਚੰਡੀਗੜ੍ਹ, 31 ਅਕਤੂਬਰ (ਪੋਸਟ ਬਿਊਰੋ)- ਪੰਜਾਬ ਦੇ ਪਿੰਡਾਂ ਵਿੱਚ ਉਚ ਜਾਤੀ ਦੇ ਲੋਕ ਰਾਮਦਾਸੀਆ ਭਾਈਚਾਰੇ ਨੂੰ ਆਮ ਕਰ ਕੇ ਨੇੜੇ ਨਹੀਂ ਢੁੱਕਣ ਦੇਂਦੇ, ਪਰ ਸਰਕਾਰੀ ਨੌਕਰੀਆਂ ਅਤੇ ਅਹੁਦਿਆਂ ਦੁ ਰਾਖਵੇਂਕਰਨ ਦਾ ਲਾਭ ਲੈਣ ਲਈ ਜਾਅਲੀ ਅਨੁਸੂਚਿਤ ਜਾਤੀ ਦਾ ਸਰਟੀਫਿਕੇਟ ਕਈ ਲੋਕ ਵਰਤ ਲੈਂਦੇ ਹਨ। ਵਰਨਣ ਯੋਗ ਹੈ ਕਿ ਸਾਲ 2001 ਦੀ ਮਰਦਮਸ਼ੁਮਾਰੀ ਤੋਂ ਬਾਅਦ 2011 ਦੀ ਮਰਦਮਸ਼ੁਮਾਰੀ ਤੱਕ ਪੰਜਾਬ ਦੇ ਇੱਕ ਪਿੰਡ ਦੀ ਕੁੱਲ ਆਬਾਦੀ ਵਿੱਚ 593 ਦਾ ਵਾਧਾ ਹੋਇਆ ਹੈ, ਜਦ ਕਿ ਰਿਪੋਰਟ ਵਿੱਚ ਅਨੁਸੂਚਿਤ ਜਾਤੀ ਦੀ ਵੱਸੋਂ 657 ਤੋਂ ਉਪਰ ਚਲੀ ਗਈ ਹੈ। ਇੱਕ ਸੰਸਥਾ ਵੱਲੋਂ ਮੀਡੀਆ ਨੂੰ ਵਿਸ਼ੇਸ਼ ਤੌਰ ਉੱਤੇ ਦਿੱਤੀ ਰਿਪੋਰਟ ਵਿੱਚ ਇਹ ਸੱਚ ਉਭਰ ਕੇ ਸਾਹਮਣੇ ਆਇਆ ਹੈ। ਇਸ ਟੀਮ ਵਿੱਚ ਸਾਬਕਾ ਆਈ ਏ ਐੱਸ ਐੱਸ ਆਰ ਲੱਧੜ, ਰੁਪੀਤ ਕੌਰ ਤੇ ਸੇਵਾ ਮੁਕਤ ਆਈ ਆਰ ਐੱਸ ਅਮਰਜੀਤ ਸਿੰਘ ਘੱਗਾ ਸ਼ਾਮਲ ਹਨ। ਟੀਮ ਨੇ ਪਿੰਡ ਆਲਮਪੁਰ ਵਿੱਚ ਇੱਕ ਉਚ ਬਰਾਦਰੀ ਦੇ ਲੋਕਾਂ ਵੱਲੋਂ ਰਾਖਵੇਂਕਰਨ ਦੇ ਝੂਠੇ ਸਰਟੀਫਿਕੇਟ ਨਾਲ ਅਹੁਦੇ ਹਥਿਆਉਣ ਵਾਲਿਆਂ ਦਾ ਪਿਛੋਕੜ ਜਾਨਣ ਲਈ 11 ਵਿਅਕਤੀਆਂ ਦੇ ਬਿਆਨ ਦਰਜ ਕੀਤੇ ਹਨ, ਜਿਨ੍ਹਾਂ ਵਿੱਚ ਦੋ ਪੰਚ ਵੀ ਹਨ। ਗਵਾਹਾਂ ਵਿੱਚ ਜੱਟ, ਰਾਜਪੂਤ, ਰਾਮਦਾਸੀਏ ਭਾਈਚਾਰੇ ਆਦਿ ਦੇ ਨੁਮਾਇੰਦੇ ਸ਼ਾਮਲ ਕੀਤੇ ਗਏ ਹਨ।

ਦਿਲਚਸਪ ਗੱਲ ਇਹ ਹੈ ਕਿ ਪਿੰਡ ਦੇ ਰਾਜਪੂਤ ਜਾਤੀ ਨਾਲ ਸੰਬੰਧਤ ਹਰਚੰਦ ਸਿੰਘ ਨੇ ਅਨੁਸੂਚਿਤ ਜਾਤੀ ਦਾ ਸਰਟੀਫਿਕੇਟ ਬਣਾ ਕੇ ਸਰਪੰਚੀ ਦੀ ਚੋਣ ਲੜੀ ਹੈ।

## ਕਰਤਾਰਪੁਰ ਸਾਹਿਬ ਦੇ ਦਰਸ਼ਨ ਦੀ ਰਜਿਸਟਰੇਸ਼ਨ ਸੇਵਾ ਕੇਂਦਰਾਂ ਰਾਹੀਂ ਹੋਵੇਗੀ




ਮੋਹਾਲੀ, 31 ਅਕਤੂਬਰ (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਸ਼ਰਧਾਲੂਆਂ ਦੀ ਰਜਿਸਟਰੇਸ਼ਨ ਸਾਰੇ ਪੰਜਾਬ ਵਿਚਲੇ ਸੇਵਾ ਕੇਂਦਰਾਂ ਰਾਹੀਂ ਕਰਨ ਦਾ ਫੈਸਲਾ ਕੀਤਾ ਹੈ।

ਮੋਹਾਲੀ ਦੇ ਡਿਪਟੀ ਕਮਿਸ਼ਨਰ ਗਿਰੀਸ਼ ਦਿਆਲਨ ਨੇ ਇਸ ਸੰਬੰਧ ਵਿੱਚ ਦੱਸਿਆ ਹੈ ਕਿ ਪੰਜਾਬ ਸਰਕਾਰ ਨੇ ਇੱਕ ਨਵੰਬਰ ਤੋਂ ਸਾਰੇ ਰਾਜ ਵਿਚਲੇ ਸੇਵਾ ਕੇਂਦਰਾਂ ਰਾਹੀਂ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਲਈ ਜਾਣ ਵਾਲੇ ਸ਼ਰਧਾਲੂਆਂ ਦੀ ਰਜਿਸਟਰੇਸ਼ਨ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ। ਉਨ੍ਹਾਂ ਦੱਸਿਆ ਕਿ ਭਾਰਤ ਦੇ ਗ੍ਰਹਿ ਮੰਤਰਾਲਾ ਨੇ ਵੀ ਕਰਤਾਰਪੁਰ ਸਾਹਿਬ ਜਾਣ ਦੇ ਇੱਛੁਕ ਸ਼ਰਧਾਲੂਆਂ ਦੀ ਰਜਿਸਟਰੇਸ਼ਨ ਲਈ ਪੋਰਟਲ ਸ਼ੁਰੂ ਕੀਤਾ ਹੈ ਅਤੇ ਸੇਵਾ ਕੇਂਦਰਾਂ ਵਿੱਚ ਰਜਿਸਟਰੇਸ਼ਨ ਦੇ ਅਰਜ਼ੀ ਫਾਰਮ ਮਿਲ ਸਕਦੇ ਹਨ ਅਤੇ ਜੇ ਕੋਈ ਨਾਗਰਿਕ ਆਪਣਾ ਫਾਰਮ ਹੱਥੀਂ ਭਰਵਾਉਣ ਲਈ ਸੇਵਾਵਾਂ ਲਵੇਗਾ ਤਾਂ ਉਸ ਤੋਂ 20 ਰੁਪਏ ਫੀਸ ਲਈ ਜਾਵੇਗੀ। ਉਨ੍ਹਾਂ ਕਿਹਾ ਕਿ ਜਿਹੜਾ ਸ਼ਰਧਾਲੂ ਖੁਦ ਹੀ ਫਾਰਮ ਭਰ ਕੇ ਲਿਆਵੇਗਾ, ਉਸ ਤੋਂ ਆਨਲਾਈਨ ਰਜਿਸਟਰੇਸ਼ਨ ਦੀ ਕੋਈ ਫੀਸ ਨਹੀਂ ਲਈ ਜਾਵੇਗੀ। ਉਨ੍ਹਾਂ ਦੱਸਿਆ ਕਿ ਪੰਜਾਬ ਰਾਜ ਈ-ਗਵਰਨੈਂਸ ਸੋਸਾਇਟੀ ਨੇ ਇਸ ਕੰਮ ਲਈ ਇੱਕ ਹੈਲਪਲਾਈਨ ਚਲਾਈ ਹੈ। ਜੇ ਕਿਸੇ ਸ਼ਰਧਾਲੂ ਨੂੰ ਰਜਿਸਟਰੇਸ਼ਨ ਵਿੱਚ ਔਖ ਹੈ ਤਾਂ ਹੈਲਪਲਾਈਨ ਨੰਬਰ 8283842323 ਉਤੇ ਫੋਨ ਕਰ ਕੇ ਮਦਦ ਲੈ ਸਕਦਾ ਹੈ।

## ਪੰਜ ਪੁਲਸ ਵਾਲਿਆਂ ਨੂੰ ਛੱਡਣ ਦੀ ਫਾਈਲ ਗਵਰਨਰ ਵੱਲ ਗਈ

ਚੰਡੀਗੜ੍ਹ, 31 ਅਕਤੂਬਰ (ਪੋਸਟ ਬਿਊਰੋ)- ਵੱਖ-ਵੱਖ ਕੇਸਾਂ ਵਿੱਚ ਸਜ਼ਾ ਯਾਫਤਾ ਕਰੀਬ 20 ਪੁਲਸ ਵਾਲਿਆਂ ਦੀ ਸਜ਼ਾ ਮੁਆਫੀ ਲਈ ਕੇਂਦਰ ਨੂੰ ਕੀਤੀ ਅਪੀਲ ਵਿੱਚੋਂ ਪੰਜ ਜਣਿਆਂ ਦੀ ਰਿਹਾਈ ਪ੍ਰਵਾਨ ਹੋ ਚੁੱਕੀ ਹੈ। ਜਾਣਕਾਰ ਸੂਤਰਾਂ ਮੁਤਾਬਕ ਰਾਜ ਸਰਕਾਰ ਸਾਬਕਾ ਐੱਸ ਐੱਸ ਪੀ ਅੰਮ੍ਰਿਤਸਰ ਪ੍ਰਿਤਪਾਲ ਸਿੰਘ ਵਿਰਕ, ਸਾਬਕਾ ਇੰਸਪੈਕਟਰ ਅਜੀਤ ਸਿੰਘ, ਅਮਰੀਕ ਸਿੰਘ, ਹਰਭਜਨ ਸਿੰਘ ਅਤੇ ਸਾਬਕਾ ਸਬ ਇੰਸਪੈਕਟਰ ਸੁਖਵੰਤ ਸਿੰਘ ਨੂੰ ਛੱਡਣ ਵਾਲੀ ਹੈ। ਇਸ ਬਾਰੇ ਪੰਜਾਬ ਸਰਕਾਰ ਨੇ ਆਪਣੀ ਮੋਹਰ ਲਾ ਕੇ ਫਾਈਲ ਪੰਜਾਬ ਦੇ ਗਵਰਨਰ ਵੱਲ ਤੋਰ ਦਿੱਤੀ ਹੈ।

ਪਤਾ ਲੱਗਾ ਹੈ ਕਿ ਇਨ੍ਹਾਂ ਪੰਜਾਂ ਸਜ਼ਾ ਯਾਫਤਾ ਪੁਲਸ ਅਫਸਰਾਂ ਨੂੰ ਅਗਲੀ ਨੌਂ ਨਵੰਬਰ ਨੂੰ ਛੱਡਣ ਦੀ ਤਿਆਰੀ ਹੈ। ਇਹ ਇਸ ਵੇਲੇ ਕੇਂਦਰੀ ਜੇਲ੍ਹ ਪਟਿਆਲਾ ਵਿੱਚ ਸਜ਼ਾ ਭੁਗਤ ਰਹੇ ਹਨ। ਇਸ ਵੇਲੇ ਪੈਰੋਲ ਉਤੇ ਬਾਹਰ ਆਏ ਹੋਏ ਸਾਬਕਾ ਐੱਸ ਐੱਸ ਪੀ ਪ੍ਰਿਤਪਾਲ ਸਿੰਘ ਵਿਰਕ ਨੂੰ 90ਵਿਆਂ 'ਚ ਇੱਕ ਪੰਜਾਬ ਪੱਧਰੀ ਨੌਜਵਾਨ ਫੁੱਟਬਾਲ ਖਿਡਾਰੀ ਦੇ ਅਗਵਾ ਅਤੇ ਮੁਕਾਬਲੇ ਵਿੱਚ ਕਤਲ ਦੇ ਕੇਸ ਵਿੱਚ ਵਿਸ਼ੇਸ਼ ਸੀ ਬੀ ਆਈ ਅਦਾਲਤ ਨੇ ਸਾਲ 2015 ਵਿੱਚ 10 ਸਾਲ ਦੀ ਸਜ਼ਾ ਸੁਣਾਈ ਸੀ। ਇਹ ਕੇਸ ਸਾਲ 1996 ਵਿੱਚ ਸੀ ਬੀ ਆਈ ਨੂੰ ਦਿੱਤਾ ਗਿਆ ਸੀ। ਦੂਜੇ ਚਾਰ ਪੁਲਸ ਅਫਸਰ ਵੀ 90ਵਿਆਂ ਵਿੱਚ ਕਪੂਰਥਲਾ ਪੁਲਸ ਲਾਈਨ ਵਿੱਚ ਬੰਬ ਧਮਾਕੇ ਨਾਲ ਸੰਬੰਧਤ ਅਗਵਾ ਤੇ ਝੂਠਾ ਮੁਕਾਬਲਾ ਕੇਸ ਦੇ ਦੋਸ਼ੀ ਹਨ। ਪੰਜਾਬ ਪੁਲਸ ਨੇ ਉਸ ਬੰਬ ਧਮਾਕੇ ਦੇ ਸੰਬੰਧ ਵਿੱਚ ਦਿੱਲੀ ਤੋਂ ਦੋ ਜਣਿਆਂ ਨੂੰ ਫੜਿਆ ਸੀ, ਜਿਸ ਪਿੱਛੋਂ ਪੰਜਾਬ ਪੁਲਸ ਦੇ ਹੀ ਤਿੰਨ ਸਿਖਲਾਈ ਅਧੀਨ ਮੁਲਾਜ਼ਮਾਂ ਨੂੰ ਵੀ ਇਸ ਕੇਸ ਵਿੱਚ ਨਾਮਜ਼ਦ ਕਰ ਲਿਆ ਸੀ।

## 40 ਫੀਸਦੀ ਲੋਕਾਂ ਨੇ ਪ੍ਰਾਪਰਟੀ ਟੈਕਸ ਜਮ੍ਹਾਂ ਨਹੀਂ ਕਰਵਾਇਆ

ਲੁਧਿਆਣਾ, 31 ਅਕਤੂਬਰ (ਪੋਸਟ ਬਿਊਰੋ)- ਜਿਨ੍ਹਾਂ ਲੋਕਾਂ ਨੇ ਨਗਰ ਨਿਗਮ 'ਚ ਪ੍ਰਾਪਰਟੀ ਟੈਕਸ ਨਹੀਂ ਭਰਿਆ, ਉਨ੍ਹਾਂ ਕਦੇ ਵੀ ਫੋਨ ਆ ਸਕਦਾ ਤੇ ਟੈਕਸ ਜਮ੍ਹਾ ਕਰਾਉਣ ਨੂੰ ਕਿਹਾ ਜਾ ਸਕਦਾ ਹੈ। ਇਨ੍ਹਾਂ ਲੋਕਾਂ ਨਿਗਮ ਐਸ ਐਮ ਐਸ ਭੇਜਣ ਦੇ ਨਾਲ ਫੋਨ ਕਰਕੇ ਪ੍ਰਾਪਰਟੀ ਟੈਕਸ ਜਮ੍ਹਾ ਕਰਾਉਣ ਨੂੰ ਕਹਿ ਰਿਹਾ ਹੈ। ਫੋਨ ਕਰਕੇ ਨਿਗਮ ਲੋਕਾਂ ਨੂੰ ਇਹ ਚਿਤਾਵਨੀ ਦੇ ਰਿਹਾ ਹੈ ਕਿ ਆਪਣਾ ਪ੍ਰਾਪਰਟੀ ਟੈਕਸ ਜਮ੍ਹਾ ਨਾ ਕਰਵਾਇਆ ਤਾਂ ਜੁਰਮਾਨਾ ਪਵੇਗਾ।

ਅਸਲ ਵਿੱਚ ਬਜਟ 'ਚ ਪ੍ਰਾਪਰਟੀ ਟੈਕਸ ਤੋਂ 100 ਕਰੋੜ ਰੁਪਏ ਉਗਰਾਹੁਣ ਦਾ ਟੀਚਾ ਨਗਰ ਨਿਗਮ ਨੇ ਪ੍ਰਾਪਰਟੀ ਟੈਕਸ ਬ੍ਰਾਂਚ ਨੂੰ ਦਿੱਤਾ ਹੈ। ਬ੍ਰਾਂਚ ਦੇ ਅਫਸਰ ਇਸ ਟੀਚੇ ਨੂੰ ਹਾਸਲ ਕਰਨ ਲਈ ਲਗਾਤਾਰ ਲੋਕਾਂ ਨੂੰ ਪ੍ਰਾਪਰਟੀ ਟੈਕਸ ਜਮ੍ਹਾ ਕਰਵਾਉਣ ਲਈ ਕਹਿ ਰਹੇ ਹਨ ਤੇ ਅਫਸਰਾਂ ਤੋਂ




ਬਾਅਦ ਏਰੀਆ ਵਾਈਜ਼ ਇੰਸਪੈਕਟਰ ਅੱਗੇ ਲੋਕਾਂ ਨੂੰ ਫੋਨ ਕਰਕੇ ਟੈਕਸ ਜਮ੍ਹਾਂ ਕਰਵਾਉਣ ਨੂੰ ਕਹਿ ਰਹੇ ਹਨ। ਬਜਟ ਦੇ 100 ਕਰੋੜ ਰੁਪਏ ਦੇ ਟੀਚੇ ਵਿੱਚੋਂ ਨਿਗਮ ਹਾਲੇ ਤੱਕ ਕਰੀਬ 60 ਫੀਸਦੀ ਟੈਕਸ ਇਕੱਠਾ ਕਰ ਚੁੱਕਾ ਹੈ। ਅਗਲੇ ਪੰਜ ਮਹੀਨਿਆਂ ਵਿਚ ਨਿਗਮ ਨੇ ਕਰੀਬ 40 ਕਰੋੜ ਰੁਪਏ ਲੋਕਾਂ ਤੋਂ ਵਸੂਲਣੇ ਹਨ।

## ਪੰਚਾਇਤੀ ਜ਼ਮੀਨਾਂ ਉਦਯੋਗਾਂ ਦੇ ਵਾਸਤੇ ਦੇਣ ਦੀ ਤਿਆਰੀ

ਚੰਡੀਗੜ੍ਹ, 31 ਅਕਤੂਬਰ (ਪੋਸਟ ਬਿਊਰੋ)- ਪੰਜਾਬ ਦੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਨੇ ਰਾਜ ਦੀਆਂ ਪੰਚਾਇਤੀ ਜ਼ਮੀਨਾਂ ਵੱਡੇ ਉਦਯੋਗਿਕ ਘਰਾਣਿਆਂ ਨੂੰ ਦੇਣ ਦੀ ਤਿਆਰੀ ਕਰ ਲਈ ਹੈ। ਅਗਲੀ ਕੈਬਨਿਟ ਮੀਟਿੰਗ ਵਿੱਚ ਪੰਚਾਇਤੀ ਜ਼ਮੀਨਾਂ ਇੰਡਸਟਰੀ ਨੂੰ ਦੇਣ ਦੇ ਏਜੰਡੇ 'ਤੇ ਮੋਹਰ ਲੱਗਾ ਸਕਦੀ ਹੈ। ਜਾਣਕਾਰ ਵਸੀਲਿਆਂ ਮੁਤਾਬਕ ਉਦਯੋਗ ਵਿਭਾਗ ਅਤੇ ਪੰਚਾਇਤ ਵਿਭਾਗ ਨੇ ਆਪੋ-ਆਪਣੀਆਂ ਰਿਪੋਰਟਾਂ ਬਣਾ ਕੇ ਸਰਕਾਰ ਨੂੰ ਭੇਜ ਦਿੱਤੀਆਂ ਹਨ। ਪੰਜਾਬ ਵਿੱਚ ਡੇਢ ਲੱਖ ਏਕੜ ਦੇ ਲਗੱਭਗ ਵਾਹੀ ਯੋਗ ਪੰਚਾਇਤੀ ਜ਼ਮੀਨ ਪਈ ਹੈ। ਪੰਚਾਇਤ ਵਿਭਾਗ ਨੂੰ ਪੰਚਾਇਤੀ ਜ਼ਮੀਨਾਂ ਦੇ ਠੇਕੇ ਤੋਂ ਹਰ ਸਾਲ ਕਰੋੜਾ ਰੁਪਏ ਆਮਦਨ ਹੁੰਦੀ ਹੈ। ਪੰਚਾਇਤੀ ਜ਼ਮੀਨਾਂ 'ਤੇ ਇੰਡਸਟਰੀ ਲਾਉਣ ਲਈ ਦੇਣ ਵਾਸਤੇ ਰਾਜ ਪੰਜਾਬ ਵਿਲੇਜ ਕਾਮਨ ਲੈਂਡ (ਰੈਗੂਲੇਸ਼ਨ) ਰੂਲ 1964 ਦੀ ਸੋਧ ਕਰਨ ਵਾਲੀ ਹੈ। ਇਸ ਬਾਰੇ 23 ਅਕਤੂਬਰ ਨੂੰ ਇੰਡਸਟਰੀ ਅਤੇ ਪੰਚਾਇਤ ਵਿਭਾਗ ਦੇ ਅਧਿਕਾਰੀਆਂ ਦੀ ਇੱਕ ਸਾਂਝੀ ਮੀਟਿੰਗ ਵੀ ਹੋਈ ਸੀ, ਜਿਸ ਦਾ ਏਜੰਡਾ ਸੀ ਕਿ ਪੰਚਾਇਤੀ ਜ਼ਮੀਨਾਂ ਦੀ ਵਰਤੋਂ ਇੰਡਸਟਰੀ ਲਈ ਕਿਵੇਂ ਕੀਤੀ ਜਾਵੇ ਅਤੇ ਕਿਵੇਂ ਪੰਚਾਇਤੀ ਜ਼ਮੀਨਾਂ ਨੂੰ ਉਦਯੋਗਿਕ ਘਰਾਣਿਆਂ ਨੂੰ ਦਿੱਤਾ ਜਾਵੇ। ਇਸ ਮੀਟਿੰਗ ਦੀ ਪ੍ਰਧਾਨਗੀ ਕਰਨ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਚੀਫ ਪ੍ਰਿੰਸੀਪਲ ਸੈਕਟਰੀ ਸੁਰੇਸ਼ ਕੁਮਾਰ ਵਿਸ਼ੇਸ਼ ਤੌਰ 'ਤੇ ਪੁੱਜੇ ਸਨ।

ਵੱਡੇ ਉਦਯੋਗਿਕ ਘਰਾਣਿਆਂ ਨੇ ਸੂਬੇ 'ਚ ਇੰਡਸਟਰੀ ਲਾਉਣ ਲਈ ਪੈਂਡੂ ਖੇਤਰਾਂ ਵਿੱਚ ਸਸਤੇ ਭਾਅ ਜ਼ਮੀਨਾਂ ਦੀ ਮੰਗ ਕੀਤੀ ਹੈ। ਸਰਕਾਰ ਵੱਲੋਂ ਲਿਆਂਦੀ ਜਾ ਰਹੀ ਨਵੀਂ ਉਦਯੋਗਿਕ ਨੀਤੀ ਹੇਠ ਪੰਚਾਇਤੀ ਜ਼ਮੀਨਾਂ ਨੂੰ ਲੰਬੇ ਸਮੇਂ ਲਈ ਲੀਜ਼ ਉਤੇ ਦੇਣ ਦੀ ਤਿਆਰੀ ਹੋ ਰਹੀ ਹੈ। ਇਹ ਵੀ ਪਤਾ ਲੱਗਾ ਹੈ ਕਿ ਨਵੀਂ ਉਦਯੋਗਿਕ ਨੀਤੀ ਹੇਠ ਸਰਕਾਰ ਉਦਯੋਗਾਂ ਨੂੰ ਉਤਸ਼ਾਹਤ ਕਰਨ ਲਈ ਰਿਆਇਤਾਂ ਦੇਣ ਲੱਗੀ ਹੈ। ਇਸ ਬਾਰੇ ਪਿਛਲੇ ਦਿਨੀਂ ਸੂਬੇ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਵੀ ਕੇਂਦਰੀ ਵਿੱਤ ਮੰਤਰੀ ਨਾਲ ਮੁਲਾਕਾਤ ਦੌਰਾਨ ਕਿਹਾ ਸੀ ਕਿ ਸੂਬੇ ਵਿੱਚ ਸਨਅਤੀਕਰਨ ਦੀ ਫੌਰੀ ਲੋੜ ਹੈ। ਇਸ ਲਈ ਨਵੀਂ ਉਦਯੋਗਿਕ ਨੀਤੀ ਨੂੰ ਛੇਤੀ ਅਮਲ ਵਿੱਚ ਲਿਆਉਣ ਲਈ ਕੇਂਦਰ ਦੇ ਸਹਿਯੋਗ ਤੇ ਮਦਦ ਦੀ ਜ਼ਰੂਰਤ ਹੈ। ਮਨਪ੍ਰੀਤ ਸਿੰਘ ਬਾਦਲ ਨੇ ਕੇਂਦਰ ਸਰਕਾਰ ਕੋਲ ਪੰਜਾਬ ਦੇ ਮਸਲੇ, ਵਿਸ਼ੇਸ਼ ਤੌਰ ਉੱਤੇ ਲੰਬੇ ਸਮੇਂ ਵਾਸਤੇ ਲੀਜ਼ 'ਤੇ ਜ਼ਮੀਨ ਦੇਣ ਲਈ ਸਰਵਿਸ ਟੈਕਸ 'ਚ ਛੋਟ ਦੇਣ ਦਾ ਮਾਮਲਾ ਵੀ ਚੁੱਕਿਆ ਸੀ।

## ਗੁਆਂਢੀ ਵੱਲੋਂ ਸਾਢੇ ਚਾਰ ਸਾਲ ਦੇ ਬੱਚੇ ਦੀ ਬਦਫੈਲੀ ਪਿੱਛੋਂ ਕਤਲ

ਲੁਧਿਆਣਾ, 31 ਅਕਤੂਬਰ (ਪੋਸਟ ਬਿਊਰੋ)- ਥਾਣਾ ਡਿਵੀਜ਼ਨ ਨੰਬਰ ਛੇ ਦੇ ਘੇਰੇ ਹੇਠਲੇ ਇਲਾਕੇ ਨਿਰਮਲ ਨਗਰ 'ਚ ਕੱਲ੍ਹ ਰਾਤ ਬਦਫੈਲੀ ਪਿੱਛੋਂ ਸਾਢੇ ਚਾਰ ਸਾਲ ਦੇ ਬੱਚੇ ਦੀ ਗੁਆਂਢੀ ਵੱਲੋਂ ਹੱਤਿਆ ਕੀਤੇ ਜਾਣ ਦਾ ਪਤਾ ਲੱਗਾ ਹੈ।

ਮਿਲੀ ਜਾਣਕਾਰੀ ਅਨੁਸਾਰ ਮ੍ਰਿਤਕ ਬੱਚੇ ਦੀ ਪਛਾਣ ਵਿਸ਼ਵਾਸ ਕੁਮਾਰ ਪੁੱਤਰ ਅਸ਼ੋਕ ਕੁਮਾਰ ਵਜੋਂ ਹੋਈ ਹੈ। ਅਸ਼ੋਕ ਕੁਮਾਰ ਉਤਰ ਪ੍ਰਦੇਸ਼ ਦਾ ਵਸਨੀਕ ਹੈ, ਪਰ ਪਿਛਲੇ ਕਾਫੀ ਸਮੇਂ ਤੋਂ ਨਿਰਮਲ ਨਗਰ ਦੀ ਗਲੀ ਨੰਬਰ ਇੱਕ 'ਚ ਕਿਰਾਏ ਦੇ ਮਕਾਨ 'ਚ ਰਹਿ ਰਿਹਾ ਹੈ। ਵਿਸ਼ਵਾਸ ਦੁਪਹਿਰ ਸਮੇਂ ਘਰ ਦੇ ਨੇੜੇ ਇੱਕ ਅਧਿਆਪਕ ਤੋਂ ਟਿਊਸ਼ਨ ਪੜ੍ਹਨ ਗਿਆ ਅਤੇ ਦੇਰ ਸ਼ਾਮ ਤੱਕ ਜਦ ਘਰ ਵਾਪਸ ਨਾ ਪਰਤਿਆ ਤਾਂ ਉਸ ਦੀ ਮਾਂ ਅਧਿਆਪਕ ਪਾਸ ਗਈ। ਅਧਿਆਪਕ ਨੇ ਦੱਸਿਆ ਕਿ ਵਿਸ਼ਵਾਸ ਕੱਲ੍ਹ ਪੜ੍ਹਨ ਨਹੀਂ ਆਇਆ। ਉਸ ਦੀ ਮਾਂ ਇਲਾਕੇ 'ਚ ਵੱਖ-ਵੱਖ ਥਾਵਾਂ 'ਤੇ ਭਾਲ ਕਰਦੀ ਰਹੀ, ਪਰ ਉਸ ਦਾ ਕਿਤੇ ਪਤਾ ਨਾ ਲੱਗਿਆ ਤਾਂ ਉਸ ਨੇ ਇਸ ਦੀ ਸੂਚਨਾ ਆਪਣੇ ਪਤੀ ਅਸ਼ੋਕ ਕੁਮਾਰ ਨੂੰ ਦਿੱਤੀ। ਦੋਵੇਂ ਪਤੀ-ਪਤਨੀ ਕਾਫੀ ਸਮਾਂ ਵਿਸ਼ਵਾਸ ਦੀ ਭਾਲ ਕਰਦਿਆਂ ਗੁਆਂਢ 'ਚ ਰਹਿੰਦੇ ਪੱਪੂ ਦੇ ਕਮਰੇ 'ਚ ਗਏ ਤਾਂ ਪੱਪੂ ਉਥੇ ਨਹੀਂ ਸੀ ਤੇ ਉਸ ਦੇ ਕਮਰੇ ਦੇ ਬਾਹਰ ਤਾਲਾ ਲੱਗਾ ਹੋਇਆ ਸੀ। ਅਸ਼ੋਕ ਕੁਮਾਰ ਨੇ ਜਦੋਂ ਖਿੜਕੀ ਤੋਂ ਟਾਰਚ ਨਾਲ ਉਸ ਦੇ ਕਮਰੇ ਵਿੱਚ ਦੇਖਿਆ ਤਾਂ ਵਿਸ਼ਾਵਸ ਦੀ ਲਾਸ਼ ਪਈ ਸੀ। ਅਸ਼ੋਕ ਨੇ ਇਸ ਦੀ ਸੂਚਨਾ ਪੁਲਸ ਨੂੰ ਦਿੱਤੀ।

ਸੂਚਨਾ ਮਿਲਦਿਆਂ ਸਾਰ ਜ਼ਿਲ੍ਹੇ ਦੇ ਸੀਨੀਅਰ ਪੁਲਸ ਅਧਿਕਾਰੀ ਮੌਕੇ 'ਤੇ ਪਹੁੰਚੇ। ਕਾਤਲ ਨੇ ਆਰੀ ਨਾਲ ਗਲਾ ਵੱਢ ਕੇ ਬੱਚੇ ਦੀ ਹੱਤਿਆ ਕੀਤੀ ਸੀ। ਪੁਲਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਮੁੱਢਲੀ ਜਾਂਚ ਦੌਰਾਨ ਬੱਚੇ ਨਾਲ ਬਦਫੈਲੀ ਕਰਨ ਦਾ ਸ਼ੱਕ ਲੱਗ ਰਿਹਾ ਹੈ। ਹੱਤਿਆ ਤੋਂ ਬਾਅਦ ਪੱਪੂ ਫਰਾਰ ਦੱਸਿਆ ਜਾਂਦਾ ਹੈ।

### ਜਸਟਿਸ ਰਣਜੀਤ ਸਿੰਘ ਕੇਸ

## ਸੁਖਬੀਰ ਅਤੇ ਮਜੀਠੀਏ ਵਿਰੁੱਧ ਕੇਸ ਉੱਤੇ ਬਹਿਸ ਮਗਰੋਂ ਸੁਣਵਾਈ ਮੁਲਤਵੀ

ਚੰਡੀਗੜ੍ਹ, 31 ਅਕਤੂਬਰ (ਪੋਸਟ ਬਿਊਰੋ)- ਬੇਅਦਬੀ ਕੇਸ ਦੇ ਜਾਂਚ ਕਮਿਸ਼ਨ ਵਜੋਂ ਸੇਵਾ ਕਰ ਚੁੱਕੇ ਹਾਈ ਕੋਰਟ ਦੇ ਰਿਟਾਇਰਡ ਜਸਟਿਸ ਰਣਜੀਤ ਸਿੰਘ 'ਤੇ ਇਤਰਾਜ਼ ਯੋਗ ਟਿੱਪਣੀ ਕਰਨ ਦੇ ਕੇਸ ਵਿੱਚ ਫਸੇ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਕੇਸ ਵਿੱਚ ਕੱਲ੍ਹ ਲਗਾਤਾਰ ਢਾਈ ਘੰਟੇ ਬਹਿਸ ਦੇ ਬਾਅਦ ਜਸਟਿਸ ਅਮਿਤ ਰਾਵਲ ਨੇ ਸੁਣਵਾਈ ਮੁਲਤਵੀ ਕਰ ਦਿੱਤੀ।

ਇਸ ਮੌਕੇ ਸਾਬਕਾ ਜਸਟਿਸ ਰਣਜੀਤ ਸਿੰਘ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਏ ਪੀ ਐੱਸ ਦਿਓਲ ਨੇ ਕਿਹਾ ਕਿ ਇਹ ਅਰਜ਼ੀ ਪੂਰੀ ਤਰ੍ਹਾਂ ਨਾਲ ਮੇਨਟੇਨੇਬਲ ਹੈ ਤੇ ਇਸ ਉੱਤੇ ਹਾਈ ਕੋਰਟ ਨਿਰਦੇਸ਼ ਜਾਰੀ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਇਹ ਕਹਿਣਾ ਕਿ ਜਦ ਦੋਵਾਂ ਜਣਿਆਂ ਨੇ ਜਸਟਿਸ ਰਣਜੀਤ ਸਿੰਘ ਉੱਤੇ ਇਤਰਾਜ਼ ਯੋਗ ਟਿੱਪਣੀ ਕੀਤੀ ਸੀ, ਓਦੋਂ ਕਮਿਸ਼ਨ ਭੰਗ ਹੋ ਚੁੱਕਾ ਸੀ, ਬਿਲਕੁਲ ਗਲਤ ਹੈ। ਇਹ ਟਿੱਪਣੀਆਂ ਕੀਤੇ ਜਾਣ ਦੇ ਸਮੇਂ ਕਮਿਸ਼ਨ ਤੈਨਾਤ ਸੀ। ਦੂਸਰਾ ਇਹ ਕਿਹਾ ਗਿਆ ਹੈ ਕਿ ਐਕਟ ਦੇ ਅਨੁਸਾਰ ਛੇ ਮਹੀਨਿਆਂ ਵਿੱਚ ਸ਼ਿਕਾਇਤ ਕੀਤੀ ਜਾ ਸਕਦੀ ਹੈ, ਉਹ



ਵੀ ਗਲਤ ਹੈ। ਸ਼ਿਕਾਇਤ ਛੇ ਮਹੀਨਿਆਂ ਦੇ ਅੰਦਰ ਕਰ ਦਿੱਤੀ ਗਈ ਸੀ।

ਸੁਖਬੀਰ ਸਿੰਘ ਬਾਦਲ ਤੇ ਬਿਕਰਮ ਸਿੰਘ ਮਜੀਠੀਆ ਵੱਲੋਂ ਪੇਸ਼ ਹੋਏ ਸੀਨੀਅਰ ਐਡਵੋਕੇਟ ਪੁਨੀਤ ਬਾਲੀ ਨੇ ਕਿਹਾ ਸੀ ਕਿ ਅਜੇ ਤੱਕ ਜਸਟਿਸ ਰਣਜੀਤ ਸਿੰਘ ਨੇ ਕੋਰਟ ਦੇ ਮੁੱਖ ਸਵਾਲ ਦਾ ਜਵਾਬ ਨਹੀਂ ਦਿੱਤਾ। ਪਹਿਲਾਂ ਤੈਅ ਹੋ ਜਾਏ ਕਿ ਇਹ ਸ਼ਿਕਾਇਤ ਮੇਨਟੇਨੇਬਲ ਹੈ ਜਾਂ ਨਹੀਂ। ਕਮਿਸ਼ਨ ਆਫ ਇਨਕਵਾਇਰੀ ਐਕਟ ਦੇ ਤਹਿਤ ਜਨਵਰੀ ਵਿੱਚ ਬਤੌਰ ਮੈਂਬਰ ਇਸ ਦੀ ਸ਼ਿਕਾਇਤ ਕੀਤੀ ਗਈ ਸੀ, ਜਦ ਕਿ ਸ਼ਿਕਾਇਤ ਕਰਦੇ ਸਮੇਂ ਉਹ ਕਮਿਸ਼ਨ ਦੇ ਮੈਬਰ ਨਹੀਂ ਸਨ ਅਤੇ ਕਮਿਸ਼ਨ ਭੰਗ ਹੋ ਚੁੱਕਾ ਸੀ। ਕਾਰਜਕਾਲ ਖਤਮ ਹੋਣ ਪਿੱਛੋਂ ਕਮਿਸ਼ਨ ਆਫ ਇਨਕਵਾਇਰੀ ਐਕਟ ਦੀ ਧਾਰਾ 10-ਏ ਦੇ ਤਹਿਤ ਸ਼ਿਕਾਇਤ ਨਹੀਂ ਕੀਤੀ ਜਾ ਸਕਦੀ। ਕੱਲ੍ਹ ਦੋਵਾਂ ਧਿਰਾਂ ਦੀਆਂ ਦਲੀਲਾਂ ਲਗਭਗ ਖਤਮ ਹੋਣ ਵਾਲੀਆਂ ਸਨ ਕਿ ਅਚਾਨਕ ਜਸਟਿਸ ਰਾਵਲ ਉਠ ਕੇ ਚਲੇ ਗਏ। ਬਾਅਦ ਵਿੱਚ ਪਤਾ ਲੱਗਾ ਕਿ ਰਾਸ਼ਟਰਪਤੀ ਨੇ ਉਨ੍ਹਾਂ ਦੇ ਕੇਰਲ ਹਾਈ ਕੋਰਟ ਵਿੱਚ ਬਦਲੀ ਦੇ ਹੁਕਮ ਕਰ ਦਿੱਤੇ ਹਨ। ਸੁਪਰੀਮ ਕੋਰਟ ਕੋਲੇਜੀਅਮ 28 ਅਗਸਤ ਨੂੰ ਜਸਟਿਸ ਅਮਿਤ ਰਾਵਲ ਦੇ ਕੇਰਲ ਹਾਈ ਕੋਰਟ ਵਿੱਚ ਤਬਾਦਲਾ ਕਰਨ ਦੀ ਸਿਫਾਰਸ਼ ਕਰ ਚੁੱਕਾ ਸੀ। ਉਸ ਦੇ ਬਾਅਦ ਰਾਸ਼ਟਰਪਤੀ ਨੇ ਉਨ੍ਹਾਂ ਦੇ ਤਬਾਦਲੇ 'ਤੇ ਆਪਣੀ ਸਹਿਮਤੀ ਦੇ ਦਿੱਤੀ ਹੈ ਅਤੇ ਕੇਂਦਰੀ ਕਾਨੂੰਨ ਅਤੇ ਨਿਆਂ ਮੰਤਰਾਲੇ ਨੇ ਕੱਲ੍ਹ ਦੁਪਹਿਰ ਨੂੰ ਉਨ੍ਹਾਂ ਦੇ ਕੇਰਲ ਹਾਈ ਕੋਰਟ ਵਿੱਚ ਤਬਾਦਲੇ ਦੇ ਹੁਕਮ ਵੀ ਜਾਰੀ ਕਰ ਦਿੱਤੇ ਹਨ।

## ਨਾਜਾਇਜ਼ ਢੰਗਾਂ ਨਾਲ ਅਮਰੀਕਾ ਜਾਂਦੇ ਦੋ ਹੋਰ ਪੰਜਾਬੀ ਰਾਹ ਵਿੱਚ ਲਾਪਤਾ

ਜਲੰਧਰ, 31 ਅਕਤੂਬਰ (ਪੋਸਟ ਬਿਊਰੋ)- ਫਰਜ਼ੀ ਟਰੈਵਲ ਏਜੰਟ ਦੇ ਝਾਂਸੇ ਵਿੱਚ ਆ ਕੇ ਅਮਰੀਕਾ ਜਾਣ ਲਈ ਘਰੋਂ ਨਿਕਲੇ ਹੁਸ਼ਿਆਰਪੁਰ ਦੇ ਮੁਕੇਰੀਆਂ ਦੇ ਵਾਸੀ ਦੋ ਨੌਜਵਾਨ ਰਸਤੇ 'ਚੋਂ ਲਾਪਤਾ ਹੋ ਗਏ ਹਨ।

ਮੁਕੇਰੀਆਂ ਦੇ ਇੰਦਰਜੀਤ ਸਿੰਘ ਪੁੱਤਰ ਸ਼ਮਸ਼ੇਰ ਸਿੰਘ ਅਤੇ ਸਰਬਜੀਤ ਸਿੰਘ ਪੁੱਤਰ ਜਰਨੈਲ ਸਿੰਘ ਫਰਜ਼ੀ ਟਰੈਵਲ ਏਜੰਟ ਦੇ ਝਾਂਸੇ ਵਿੱਚ ਫਸ ਕੇ ਢਾਈ ਸਾਲ ਪਹਿਲਾਂ ਉੱਤਰੀ ਅਮਰੀਕਾ ਮਹਾਦੀਪ ਦੇ ਦੇਸ਼ ਬਹਾਮਾਸ ਪੁੱਜੇ ਸਨ। ਇਥੇ ਪੁੱਜਣ ਪਿੱਛੋਂ ਦੋਵੇਂ ਕਿੱਥੇ ਗਏ, ਕਿਸੇ ਨੂੰ ਜਾਣਕਾਰੀ ਨਹੀਂ। ਦੋਵਾਂ ਦੇ ਪਰਵਾਰਾਂ ਦੇ ਮੁਤਾਬਕ ਢਾਈ ਸਾਲ ਤੋਂ ਉਨ੍ਹਾਂ ਦਾ ਕੋਈ ਸੰਪਰਕ ਨਹੀਂ ਹੋਇਆ। ਪ੍ਰੈੱਸ ਕਲੱਬ ਪਹੁੰਚੇ ਮੁਕੇਰੀਆਂ ਵਿੱਚ ਫੌਜ ਤੋਂ ਰਿਟਾਇਰਡ ਸੂਬੇਦਾਰ ਸ਼ਮਸ਼ੇਰ ਸਿੰਘ ਅਤੇ ਜਰਨੈਲ ਸਿੰਘ ਨੇ ਦੱਸਿਆ ਕਿ ਹੁਸ਼ਿਆਰਪੁਰ ਦੇ ਪਿੰਡ ਮਹਿੰਦੀਪੁਰ ਦੇ ਟ੍ਰੈਵਲ ਏਜੰਟ ਅਤੇ ਰਿਟਾਇਰਡ ਏ ਐੱਸ ਆਈ ਸੁਖਵਿੰਦਰ ਸਿੰਘ ਨੇ ਉਨ੍ਹਾਂ ਨੂੰ ਕਿਹਾ ਸੀ ਕਿ ਉਹ 25 ਲੱਖ ਰੁਪਏ ਵਿੱਚ ਇੱਕ ਨੌਜਵਾਨ ਨੂੰ ਅਮਰੀਕਾ ਭਿਜਵਾ ਦੇਵੇਗਾ। ਦੋਵਾਂ ਨੇ ਉਸ ਨੂੰ 12-12 ਲੱਖ ਰੁਪਏ ਐਡਵਾਂਸ ਦਿੱਤੇ ਅਤੇ ਇਸ ਦੇ ਬਾਅਦ ਇੰਦਰਜੀਤ ਅਤੇ ਸਰਬਜੀਤ ਸਿੰਘ ਦੋਵੇਂ ਏਜੰਟ ਦੇ ਕਹੇ ਅਨੁਸਾਰ ਬਹਾਮਾਸ ਚਲੇ ਗਏ। ਓਥੇ ਪਹੁੰਚਣ 'ਤੇ ਇੰਦਰਜੀਤ ਸਿੰਘ ਅਤੇ ਸਰਬਜੀਤ ਸਿੰਘ ਨੇ ਇੱਕ ਵਾਰ ਸੰਪਰਕ ਕੀਤਾ, ਪਰ ਉਸ ਦੇ ਬਾਅਦ ਕਦੇ ਸੰਪਰਕ ਨਹੀਂ ਹੋਇਆ। ਸ਼ਮਸ਼ੇਰ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਸ਼ਿਕਾਇਤ 'ਤੇ ਥਾਣਾ ਮੁਕੇਰੀਆਂ ਪੁਲਸ ਨੇ ਦੋਸ਼ੀ ਸੁਖਵਿੰਦਰ ਸਿੰਘ ਸਮੇਤ ਦੋ ਟ੍ਰੈਵਲ ਏਜੰਟਾਂ ਖਿਲਾਫ ਢਾਈ ਸਾਲ ਪਹਿਲਾਂ ਕੇਸ ਦਰਜ ਕੀਤਾ ਸੀ, ਪਰ ਕਿਸੇ ਦੋਸ਼ੀ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ। ਇਸ ਪਿੱਛੋਂ ਬੀਤੇ ਮਾਰਚ ਵਿੱਚ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ, ਤਾਂ ਦੋਸ਼ੀ ਸੁਖਵਿੰਦਰ ਸਿੰਘ ਤੋਂ ਕੋਈ ਪੁੱਛਗਿੱਛ ਨਹੀਂ ਕੀਤੀ ਅਤੇ ਬਿਨਾਂ ਰਿਮਾਂਡ ਲਏ ਉਸ ਨੂੰ ਜੇਲ੍ਹ ਭੇਜ ਦਿੱਤਾ।



# ਕਸ਼ਮੀਰ ਬੰਦ ਕਾਰਨ ਲੱਖਾਂ ਲੋਕਾਂ ਦਾ ਰੋਜ਼ਗਾਰ ਖੁੱਸਾ, ਕਰੋੜਾਂ ਦਾ ਨੁਕਸਾਨ



ਸ੍ਰੀਨਗਰ, 31 ਅਕਤੂਬਰ (ਪੋਸਟ ਬਿਊਰੋ)- ਕਸ਼ਮੀਰ ਘਾਟੀ ਵਿੱਚ ਅੱਤਵਾਦੀਆਂ ਨੇ ਪਿਛਲੇ ਤਿੰਨ ਹਫਤਿਆਂ ਦੇ ਦੌਰਾਨ ਬਾਹਰੀ ਰਾਜਾਂ ਦੇ 11 ਲੋਕਾਂ ਦੀ ਹੱਤਿਆ ਕਰ ਦਿੱਤੀ ਹੈ। ਇਨ੍ਹਾਂ ਵਿੱਚ ਟਰੱਕ ਡਰਾਈਵਰ, ਮਜ਼ਦੂਰ ਅਤੇ ਸੇਬਾਂ ਦੇ ਵਪਾਰੀ ਸ਼ਾਮਲ ਹਨ। ਮੰਗਲਵਾਰ ਨੂੰ ਪੱਛਮੀ ਬੰਗਾਲ ਦੇ 5 ਮਜ਼ਦੂਰਾਂ ਦੀ ਹੱਤਿਆ ਕਰ ਦਿੱਤੀ ਗਈ ਹੈ। ਇਸ ਨਾਲ ਕੁਲਗਾਮ ਵਿੱਚ ਕਤਰੋਸਾ ਪਿੰਡ ਦੇ ਗੁਲਾਮ ਮੁਹੰਮਦ ਏਨੇ ਡਰੇ ਹਨ ਕਿ ਉਹ ਬੁੱਧਵਾਰ ਆਪਣੇ ਸੇਬ ਬਾਗ ਵਿੱਚ ਕੰਮ ਕਰਦੇ 2 ਮਜ਼ਦੂਰਾਂ ਦੀ ਸੁਰੱਖਿਆ ਦੀ ਮੰਗ ਕਰਨ ਲਈ ਥਾਣੇ ਪਹੁੰਚ ਗਏ ਹਨ।

ਇਸ ਨਾਲ ਸੇਬ ਉਦਯੋਗ ਸਮੱਸਿਆਵਾਂ ਵਿੱਚ ਹੈ, ਜਿਸ ਕਾਰਨ 1 ਲੱਖ ਤੋਂ ਵੱਧ ਲੋਕਾਂ ਦਾ ਰੋਜ਼ਗਾਰ ਖੁੱਸ ਗਿਆ ਤੇ ਇੱਕ ਲੱਖ ਕਰੋੜ ਰੁਪਏ ਤੋਂ ਵੱਧ ਦਾ ਨੁਕਸਾਨ ਹੋਇਆ ਹੈ। ਦੱਖਣੀ ਕਸ਼ਮੀਰ ਦੀਆਂ ਘਟਨਾਵਾਂ ਨਾਲ ਸੇਬ ਵਪਾਰੀਆਂ ਦੇ ਦਿਲ ਵਿੱਚ ਡਰ ਬੈਠ ਗਿਆ ਹੈ। ਸੂਬੇ ਵਿੱਚ ਸਭ ਤੋਂ ਵੱਧ ਸੇਬ ਦਾ ਧੰਦਾ ਇਸ ਇਲਾਕੇ ਵਿੱਚੋਂ ਹੁੰਦਾ ਹੈ। ਕਸ਼ਮੀਰ ਦੀ ਜੀ ਡੀ ਪੀ ਵਿੱਚ ਸੇਬ ਕਾਰੋਬਾਰ ਦਾ 7 ਫੀਸਦੀ ਯੋਗਦਾਨ ਹੈ ਅਤੇ ਇਹ ਉਦਯੋਗ ਮੁਸ਼ਕਿਲ ਦੌਰ ਤੋਂ ਗੁਜਰ ਰਿਹਾ ਹੈ। ਇਸ ਰਾਜ ਦੇ 7 ਲੱਖ ਪਰਿਵਾਰ ਸੇਬ ਕਾਰੋਬਾਰ ਨਾਲ ਸੰਬੰਧਤ ਹਨ। ਘਾਟੀ ਦੇ ਲਗਭਗ 3.35 ਲੱਖ ਹੈਕਟੇਅਰ ਇਲਾਕੇ ਵਿੱਚ ਫਲ ਉਗਾਏ ਜਾਂਦੇ ਹਨ। ਇਨ੍ਹਾਂ ਵਿੱਚ 1.62 ਲੱਖ ਹੈਕਟੇਅਰ ਵਿੱਚ ਸੇਬ ਦੇ ਬਾਗ ਹਨ। ਪਿਛਲੇ ਸਾਲ ਫਲ-ਸੁੱਕੇ ਮੇਵੇ ਨੂੰ ਮਿਲਾ ਕੇ ਲਗਭਗ 23.30 ਲੱਖ ਟਨ ਪੈਦਾਵਰ ਹੋਈ ਸੀ।

ਕਸ਼ਮੀਰ ਚੈਂਬਰ ਆਫ ਕਾਮਰਸ ਐਂਡ ਇੰਡਸਟਰੀ ਦੇ ਪ੍ਰਧਾਨ ਸ਼ੇਖ ਆਸ਼ਿਕ ਅਹਿਮਦ ਮੁਤਾਬਕ 'ਹਰ ਸਾਲ 3-4 ਲੱਖ ਮਜ਼ਦੂਰ ਘਾਟੀ ਵਿੱਚ ਆਉਂਦੇ ਹਨ। ਅਗਸਤ ਵਿੱਚ ਜਾਰੀ ਐਡਵਾਈਜ਼ਰੀ ਤੋਂ ਬਾਅਦ ਬਹੁਤੇ ਮਜ਼ਦੂਰ ਘਾਟੀ ਛੱਡ ਕੇ ਚਲੇ ਗਏ ਹਨ, ਪਰ ਜੋ ਬਚੇ ਹਨ, ਉਨ੍ਹਾਂ ਉੱਤੇ ਇਨ੍ਹਾਂ ਘਟਨਾਵਾਂ ਦਾ ਅਸਰ ਹੋਵੇਗਾ। ਇਸ ਰਾਜ ਦਾ ਟੂਰਿਜ਼ਮ ਉਦਯੋਗ ਵੀ ਮੁਸ਼ਕਿਲ ਵਿੱਚ ਹੈ। ਅੱਤਵਾਦੀ ਘਟਨਾਵਾਂ ਨਾਲ ਸੈਲਾਨੀ ਵੀ ਘੱਟ ਆਏ ਹਨ। 5 ਅਗਸਤ ਤੋਂ 1 ਅਕਤੂਬਰ ਵਿਚਾਲੇ 4231 ਸੈਲਾਨੀ ਘਾਟੀ ਵਿੱਚ ਆਏ, ਇਨ੍ਹਾਂ ਵਿੱਚ 928 ਵਿਦੇਸ਼ੀ ਸਨ, ਜਦ ਕਿ ਪਿਛਲੇ ਸਾਲ ਇਸੇ ਸਮੇਂ ਦੌਰਾਨ 1.61 ਲੱਖ ਸੈਲਾਨੀ ਆਏ ਸਨ, ਜਿਨ੍ਹਾਂ ਵਿੱਚ 9,800 ਵਿਦੇਸ਼ੀ ਸਨ। 2 ਅਗਸਤ ਵਾਲੀ ਐਡਵਾਇਜ਼ਰੀ ਜਾਰੀ ਹੋਣ ਤੋਂ ਪਹਿਲਾਂ 5.21 ਲੱਖ ਸੈਲਾਨੀ ਅਤੇ 3.40 ਲੱਖ ਸ਼ਰਧਾਲੂ ਘਾਟੀ ਪਹੁੰਚੇ ਸਨ।

# ਅਯੁੱਧਿਆ ਕੇਸ ਦੁਨੀਆ ਦੇ ਸਭ ਤੋਂ ਅਹਿਮ ਕੇਸਾਂ ਵਿੱਚੋਂ ਇੱਕ ਹੈ : ਜਸਟਿਸ ਬੋਬੜੇ



ਨਵੀਂ ਦਿੱਲੀ, 31 ਅਕਤੂਬਰ (ਪੋਸਟ ਬਿਊਰੋ)- ਭਾਰਤ ਦੇ ਚੀਫ ਜਸਟਿਸ ਬਣਨ ਲਈ ਨਾਮਜ਼ਦ ਕੀਤੇ ਜਸਟਿਸ ਸ਼ਰਦ ਅਰਵਿੰਦ ਬੋਬੜੇ ਨੇ ਕਿਹਾ ਹੈ ਕਿ ਅਯੁੱਧਿਆ ਦਾ ਕੇਸ ਦੁਨੀਆ ਦੇ ਸਭ ਤੋਂ ਮਹੱਤਵ ਪੂਰਨ ਕੇਸਾਂ ਵਿੱਚੋਂ ਇੱਕ ਹੈ। ਸੋਸ਼ਲ ਮੀਡੀਆ 'ਤੇ ਜੱਜਾਂ ਦੇ ਕੰਮ ਦੀ ਆਲੋਚਨਾ ਉਤੇ ਅਫਸੋਸ ਜਤਾਉਂਦੇ ਹੋਏ ਉਨ੍ਹਾਂ ਕਿਹਾ ਕਿ ਜ਼ਿਆਦਾਤਰ ਜੱਜ, ਜਿਨ੍ਹਾਂ ਦੀ ਚਮੜੀ ਮੋਟੀ ਨਹੀਂ, ਇਸ ਤੋਂ ਪ੍ਰੇਸ਼ਾਨ ਹੋ ਜਾਂਦੇ ਹਨ। ਫੈਸਲੇ ਦੀ ਆਲੋਚਨਾ ਦੀ ਥਾਂ ਜੱਜ ਦੀ ਆਲੋਚਨਾ ਨਾਲ ਮਾਣਹਾਨੀ ਦਾ ਕੇਸ ਬਣਦਾ ਹੈ। ਉਨ੍ਹਾਂ ਨੇ ਦੱਸਿਆ ਕਿ ਸੁਪਰੀਮ ਕੋਰਟ ਸੁਸਤ ਪੈ ਚੁੱਕੇ ਸੰਵਿਧਾਨਕ ਮਾਮਲਿਆਂ ਨਾਲ ਨਿਪਟਣ ਦੇ ਲਈ ਪੰਜ ਜੱਜਾਂ ਦੀ ਇੱਕ ਸਥਾਈ ਸੰਵਿਧਾਨਕ ਬੈਂਚ ਬਣਾ ਸਕਦੀ ਹੈ।

ਅਗਲੀ 18 ਨਵੰਬਰ ਨੂੰ 47ਵੇਂ ਚੀਫ ਜਸਟਿਸ ਬਣਨ ਜਾ ਰਹੇ ਜਸਟਿਸ ਬੋਬੜੇ ਨੇ ਕੱਲ੍ਹ ਇੱਕ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਅਯੁੱਧਿਆ ਕੇਸ ਨਿਸ਼ਚਿਤ ਰੂਪ ਤੋਂ ਅਹਿਮ ਹੈ। ਜਸਟਿਸ ਬੋਬੜੇ ਵੀ ਇਸ ਕੇਸ ਦੀ ਸੰਵਿਧਾਨ ਬੈਂਚ ਦਾ ਹਿੱਸਾ ਹਨ। ਇਸ ਦਾ ਫੈਸਲਾ 17 ਨਵੰਬਰ ਤੋਂ ਪਹਿਲਾਂ ਆਉਣਾ ਹੈ। ਓਸੇ ਦਿਨ ਮੌਜੂਦਾ ਚੀਫ ਜਸਟਿਸ ਰੰਜਨ ਗੋਗੋਈ ਰਿਟਾਇਰ ਹੋ ਰਹੇ ਹਨ। ਜਸਟਿਸ ਬੋਬੜੇ 17 ਮਹੀਨਿਆਂ ਲਈ ਚੀਫ ਜਸਟਿਸ ਰਹਿਣਗੇ। ਉਨ੍ਹਾਂ ਦੀ ਰਿਟਾਇਰਮੈਂਟ 23 ਅਪ੍ਰੈਲ 2021 ਨੂੰ ਹੋਣੀ ਹੈ। 63 ਸਾਲਾ ਜਸਟਿਸ ਬੋਬੜੇ ਨੇ ਕੋਲੇਜੀਅਮ ਵਿੱਚ ਹਾਈ ਕੋਰਟਾਂ ਦੇ ਲਈ ਜੱਜਾਂ ਦੀ ਚੋਣ ਦੀ ਵਿਚਾਰ ਨੂੰ ਜਨਤਕ ਨਾ ਕਰਨ ਦਾ ਪੱਖ ਲਿਆ ਅਤੇ ਕਿਹਾ ਕਿ ਇਹ ਕੋਈ ਗੱਲ ਗੁਪਤ ਰੱਖਣ ਦਾ ਮਾਮਲਾ ਨਹੀਂ, ਬਲਕਿ ਨਿੱਜਤਾ ਦੇ ਲਿਹਾਜ ਤੋਂ ਨਿੱਜੀ ਰੱਖਣ ਦਾ ਵਿਸ਼ਾ ਹੈ।

# ਕਰਨਾਟਕ ਵਿੱਚ ਸਕੂਲੀ ਸਿੱਖਿਆ 'ਚੋਂ ਟੀਪੂ ਸੁਲਤਾਨ ਦੇ ਚੈਪਟਰ ਹਟਾਏ ਜਾਣਗੇ

ਬੰਗਲੂਰੂ, 31 ਅਕਤੂਬਰ (ਪੋਸਟ ਬਿਊਰੋ)- ਕਰਨਾਟਕ ਦੇ ਮੁੱਖ ਮੰਤਰੀ ਬੀ ਐਸ ਯੇਦੀਯੁਰੱਪਾ ਨੇ ਕੱਲ੍ਹ ਕਿਹਾ ਕਿ ਸੂਬੇ ਦੀ ਭਾਜਪਾ ਸਰਕਾਰ ਵੱਲੋਂ ਸਕੂਲਾਂ ਦੀਆਂ ਇਤਿਹਾਸ ਪੁਸਤਕਾਂ ਵਿੱਚੋਂ 18ਵੀਂ ਸਦੀ ਦੇ ਮੈਸੂਰ ਦੇ ਰਾਜਾ ਟੀਪੂ ਸੁਲਤਾਨ ਦਾ ਚੈਪਟਰ ਹਟਾਇਆ ਜਾਵੇਗਾ ਕਿਉਂਕਿ ਉਹ 'ਜ਼ਾਲਮ' ਰਾਜਾ ਸੀ ਅਤੇ ਹਿੰਦੂਆਂ 'ਤੇ ਜ਼ੁਲਮ ਢਾਹੇ ਸਨ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਯੇਦੀਯੁਰੱਪਾ ਨੇ ਕਿਹਾ, ''ਸਕੂਲਾਂ ਦੀਆਂ ਪਾਠ ਪੁਸਤਕਾਂ ਵਿੱਚ ਟੀਪੂ ਸੁਲਤਾਨ ਬਾਰੇ ਚੈਪਟਰ ਨਹੀਂ ਹੋਣੇ ਚਾਹੀਦੇ, ਇਸ ਕਰਕੇ ਅਸੀਂ ਇਨ੍ਹਾਂ ਨੂੰ ਜਾਰੀ ਰੱਖਣ ਨਹੀਂ ਦੇਵਾਂਗੇ।''

ਵਰਨਣ ਯੋਗ ਹੈ ਕਿ ਦੱਖਣੀ ਭਾਰਤ ਦੀ ਮੈਸੂਰ ਰਿਆਸਤ ਦੇ ਰਾਜਾ ਟੀਪੂ ਸੁਲਤਾਨ ਨੇ 1750 ਤੱਕ ਆਪਣੇ ਰਾਜ ਦੌਰਾਨ ਬਰਤਾਨਵੀ ਸ਼ਾਸਕਾਂ ਖਿਲਾਫ ਕਈ ਲੜਾਈਆਂ ਲੜੀਆਂ ਤੇ ਜਿੱਤੀਆਂ ਸਨ। ਮੁੱਖ ਮੰਤਰੀ ਨੇ ਕਿਹਾ, 'ਅਸੀਂ ਪਹਿਲਾਂ ਫੈਸਲਾ ਲੈ ਚੁੱਕੇ ਹਾਂ ਕਿ 10 ਨਵੰਬਰ ਨੂੰ ਟੀਪੂ ਸੁਲਤਾਨ ਦਾ ਜਨਮ ਦਿਨ ਸੂਬਾ ਪੱਧਰੀ ਸਮਾਗਮ ਕਰਕੇ ਨਹੀਂ ਮਨਾਇਆ ਜਾਵੇਗਾ ਕਿਉਂਕਿ ਉਹ ਵਿਵਾਦਿਤ ਰਾਜਾ ਸੀ ਅਤੇ ਉਸ ਵੱਲੋਂ ਜਬਰੀ ਧਰਮ ਪਰਿਵਰਤਨ, ਮੰਦਰ ਢਾਹੁਣ ਤੇ ਹਿੰਦੂਆਂ 'ਤੇ ਤਸ਼ੱਦਦ ਦੀਆਂ ਕਾਰਵਾਈਆਂ ਕੀਤੀਆਂ ਗਈਆਂ ਸਨ।'' ਇਸੇ ਦੌਰਾਨ ਵਿਰੋਧੀ ਧਿਰ ਕਾਂਗਰਸ ਦੇ ਆਗੂ ਸਿੱਧਾਰਮੱਈਆ ਨੇ ਕਿਹਾ, ''ਭਾਜਪਾ ਵੱਲੋਂ ਟੀਪੂ ਬਾਰੇ ਪੁਸਤਕਾਂ ਵਿੱਚੋਂ ਪਾਠ ਹਟਾਉਣੇ ਅਤੇ ਟੀਪੂ ਦਾ ਜਨਮ ਦਿਨ ਨਾ ਮਨਾਉਣਾ ਮੰਦਭਾਗਾ ਹੈ। ਵੋਟ ਬੈਂਕ ਦੀ ਸਿਆ-ਸਤ ਲਈ ਆਪਣੀ ਵਿਚਾਰਧਾਰਾ ਦਾ ਏਜੰਡਾ ਲਾਗੂ ਕੀਤਾ ਜਾ ਰਿਹਾ ਹੈ, ਹਾਲਾਂਕਿ ਟੀਪੂ ਪਹਿਲਾ ਸੁਤੰਤਰਤਾ ਸੰਗਰਾਮੀ ਸੀ, ਜਿਸ ਨੇ ਅੰਗਰੇਜ਼ਾਂ ਖਿਲਾਫ ਆਜ਼ਾਦੀ ਲਈ ਜੰਗ ਲੜੀ ਸੀ।''

# ਕਾਂਗਰਸ ਵੱਲੋਂ ਦੋਸ਼: ਸਰਕਾਰ ਨੇ ਕਸ਼ਮੀਰ ਦੀ ਨੀਤੀ ਪਲਟੀ

ਨਵੀਂ ਦਿੱਲੀ, 31 ਅਕਤੂਬਰ (ਪੋਸਟ ਬਿਊਰੋ)- ਕਾਂਗਰਸ ਪਾਰਟੀ ਨੇ ਯੂਰਪੀ ਯੂਨੀਅਨ ਦੇ ਪਾਰਲੀਮੈਂਟ ਮੈਂਬਰਾਂ ਦੇ ਜੰਮੂ-ਕਸ਼ਮੀਰ ਦੇ ਦੌਰੇ ਬਾਰੇ ਸਰਕਾਰ ਨੂੰ ਘੇਰਿਆ ਹੈ। ਪਾਰਟੀ ਨੇ ਇਸ ਨੂੰ ਭਾਰਤ ਦੇ ਅੰਦਰੂਨੀ ਮਾਮਲੇ ਵਿੱਚ ਤੀਜੀ ਧਿਰ ਦਾ ਦਖਲ ਕਰਾਰ ਦਿੱਤਾ ਅਤੇ ਨੀਤੀ ਪਲਟਣ ਦਾ ਦੋਸ਼ ਲਾਇਆ ਹੈ।

ਇਸ ਸੰਬੰਧ ਵਿੱਚ ਕਾਂਗਰਸ ਦੇ ਅਨੁਸਾਰ 72 ਸਾਲ ਤੋਂ ਜੰਮੂ ਕਸ਼ਮੀਰ ਵਿੱਚ ਹਰ ਬਾਹਰੀ ਦਖਲ ਨੂੰ ਸਵੀਕਾਰ ਨਾ ਕਰਨ ਦੀ ਭਰਾਤ ਦੀ ਸਫਲ ਨੀਤੀ ਨੂੰ ਮੋਦੀ ਸਰਕਾਰ ਨੇ ਤੋੜ ਦਿੱਤਾ ਹੈ। ਕਾਂਗਰਸ ਨੇ ਇਨ੍ਹਾਂ ਪਾਰਲੀਮੈਂਟ ਮੈਂਬਰਾਂ ਨੂੰ ਓਥੇ ਘੁਮਾਉਣ ਦੇ ਫੈਸਲੇ ਵਿਵੇਕਹੀਣ ਅਤੇ ਮੂਰਖਤਾ ਪੂਰਨ ਕਰਾਰ ਦਿੱਤਾ ਹੈ। ਕਾਂਗਰਸ ਦੀ ਜਨਰਲ ਸੈਕਟਰੀ ਪ੍ਰਿਅੰਕਾ ਗਾਂਧੀ ਵਾਡਰਾ ਨੇ ਟਵੀਟ ਕਰ ਕੇ ਇਨ੍ਹਾਂ ਪਾਰਲੀਮੈਂਟ ਮੈਂਬਰਾਂ ਨੂੰ ਬੁਲਾਉਣ ਵਾਲੀ ਮਾਦੀ ਸ਼ਰਮਾ ਦੀ ਪ੍ਰਧਾਨ ਮੰਤਰੀ ਦਫਤਰ ਤੱਕ ਸਿੱਧੀ ਪਹੁੰਚ 'ਤੇ ਸਵਾਲ ਉਠਾਏ ਅਤੇ ਲਿਖਿਆ, ਕਿਸਾਨਾਂ ਤੇ ਬੇਰੋਜ਼ਗਾਰ ਨੌਜਵਾਨਾਂ ਲਈ ਪ੍ਰਧਾਨ ਮੰਤਰੀ ਨੂੰ ਮਿਲਣ ਦੀ ਕੋਈ ਵਿਵਸਥਾ ਨਹੀਂ, ਤਾਂ ਕਿ ਉਹ ਆਪਣੇ ਦੁੱਖ ਉਨ੍ਹਾਂ ਨੂੰ ਸੁਣਾ ਸਕਣ, ਪਰ ਮਾਦੀ ਸ਼ਰਮਾ ਵਰਗੀ ਇੰਟਰਨੈਸ਼ਨਲ ਬਿਜ਼ਨਸ ਬਰੋਕਰ ਮਾਣ ਨਾਲ ਲਿਖਦੀ ਪਈ ਹੈ, ਭਾਰਤ ਆਓ ਅਸੀਂ ਤੁਹਾਡੇ ਖਰਚੇ ਵੀ ਸਹਿਣ ਕਰਾਂਗੇ। ਉਨ੍ਹਾਂ ਇੱਕ ਹੋਰ ਟਵੀਟ ਵਿੱਚ ਲਿਖਿਆ, ਪ੍ਰਧਾਨ ਮੰਤਰੀ ਦਫਤਰ ਤੱਕ ਸਾਡੀ ਪਹੁੰਚ ਹੈ, ਅਸੀਂ ਪ੍ਰਧਾਨ ਮੰਤਰੀ ਨਾਲ ਬੈਠਕ ਦੀ ਵਿਵਸਥਾ ਕਰਾਂਗੇ। ਇਨ੍ਹਾਂ ਬਿਜ਼ਨਸ ਬਰੋਕਰਾਂ ਦੀ ਪ੍ਰਧਾਨ ਮੰਤਰੀ ਦਫਤਰ ਤੱਕ ਪਹੁੰਚ ਕਿਵੇਂ ਹੋ ਗਈ।

ਦੂਸਰੇ ਪਾਸੇ ਕਾਂਗਰਸ ਦੇ ਮੀਡੀਆ ਵਿਭਾਗ ਦੇ ਮੁਖੀ ਰਣਦੀਪ ਸੁਰ-ਜੇਵਾਲਾ ਨੇ ਕਿਹਾ ਕਿ ਯੂਰਪੀਨ ਪਾਰਲੀਮੈਂਟ ਮੈਂਬਰਾਂ ਨੂੰ ਪ੍ਰਚਾਰ ਦੇ ਹੱਥਕੰਡੇ ਹੇਠ ਸੱਦ ਕੇ ਮੋਦੀ ਸਰਕਾਰ ਨੇ ਪਿਛਲੇ 72 ਸਾਲਾਂ ਦੀ ਭਾਰਤ ਦੀ ਜਾਂਚੀ ਤੇ ਪਰਖੀ ਜੰਮੂ-ਕਸ਼ਮੀਰ ਨੀਤੀ ਨੂੰ ਪਲਟਣ ਦੀ ਸਭ ਤੋਂ ਵੱਡੀ ਗਲਤੀ ਕੀਤੀ ਹੈ। ਸ਼ੁਰੂ ਤੋਂ ਭਾਰਤ ਦੀ ਇਹ ਰਾਏ ਹੈ ਕਿ ਜੰਮੂ-ਕਸ਼ਮੀਰ ਸਾਡਾ ਅੰਦਰੂਨੀ ਮਸਲਾ ਹੈ ਅਤੇ ਕਿਸੇ ਤੀਸਰੀ ਧਿਰ, ਗਰੁੱਪ ਜਾਂ ਵਿਅਕਤੀ ਦਾ ਦਖਲ ਸਵੀਕਾਰ ਨਹੀਂ, ਪਰ ਬੀਤੇ ਤਿੰਨ ਦਿਨਾਂ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਇਨ੍ਹਾਂ ਪਾਰਲੀਮੈਂਟ ਮੈਂਬਰਾਂ ਨਾਲ ਮੁਲਾਕਾਤ ਕਰ ਕੇ ਉਨ੍ਹਾਂ ਨੂੰ ਸ੍ਰੀਨਗਰ ਭੇਜਣ ਦੀ ਕਵਾਇਦ ਕਰ ਕੇ ਇਸ ਨੀਤੀ ਦੀ ਉਲੰਘਣਾ ਦਾ ਅਪਰਾਧ ਕੀਤਾ ਹੈ।

# ਮੋਦੀ ਸਰਕਾਰ ਦੇ ਖਿਲਾਫ ਪੰਜ ਤੋਂ ਕਾਂਗਰਸ ਮੋਰਚਾ ਖੋਲ੍ਹੇਗੀ

ਨਵੀਂ ਦਿੱਲੀ, 31 ਅਕਤੂਬਰ (ਪੋਸਟ ਬਿਊਰੋ)- ਕਾਂਗਰਸ ਪਾਰਟੀ ਨੇ ਮੋਦੀ ਸਰਕਾਰ ਦੀਆਂ ਨੀਤੀਆਂ ਖਿਲਾਫ 5 ਤੋਂ 15 ਨਵੰਬਰ ਤੱਕ ਕੌਮੀ ਪੱਧਰ 'ਤੇ ਰੋਸ ਮੁਜ਼ਾਹਰੇ ਕਰਨ ਦਾ ਫੈਸਲਾ ਕੀਤਾ ਹੈ। ਇਸ ਦੌਰਾਨ ਆਰਥਿਕ ਸੰਕਟ, ਬੇਰਜ਼ਗਾਰੀ, ਕਿਸਾਨੀ ਮੁੱਦੇ ਅਤੇ ਤਜਵੀਜ਼ਤ ਆਰ ਸੀ ਈ ਪੀ ਸਮਝੌਤੇ ਦੇ ਮਾੜੇ ਪ੍ਰਭਾਵ ਮੁੱਖ ਮੁੱਦਾ ਰਹਿਣਗੇ।

ਇਸ ਸੰਬੰਧ ਵਿੱਚ ਕਾਂਗਰਸ ਦੇ ਜਨਰਲ ਸਕੱਤਰ (ਸੰਗਠਨ) ਕੇ ਸੀ ਵੇਣੂਗੋਪਾਲ ਨੇ ਇੱਕ ਬਿਆਨ ਵਿੱਚ ਕਿਹਾ ਹੈ ਕਿ ਭਾਜਪਾ ਸਰਕਾਰ ਦੀਆਂ ਮਾੜੀਆਂ ਨੀਤੀਆਂ ਖਿਲਾਫ ਸਾਰੇ ਰਾਜਾਂ ਦੀਆਂ ਰਾਜਧਾਨੀਆਂ ਅਤੇ ਜ਼ਿਲ੍ਹਾ ਹੈਡਕੁਆਰਟਰਾਂ 'ਤੇ ਮੁਜ਼ਾਹਰੇ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਨਵੰਬਰ ਦੇ ਆਖਰੀ ਹਫਤੇ ਕੌਮੀ ਰਾਜਧਾਨੀ ਵਿੱਚ ਇਹ ਵੱਡਾ ਸੰਘਰਸ਼ ਆਪਣੇ ਸਿਖਰ 'ਤੇ ਪੁੱਜੇਗਾ। ਇਸ ਦੇ ਨਾਲ ਉਨ੍ਹਾਂ ਕਿਹਾ ਕਿ ਸੂਬਾ ਪੱਧਰ 'ਤੇ ਪ੍ਰਦੇਸ਼ ਕਾਂਗਰਸ ਪ੍ਰਧਾਨ, ਕਾਂਗਰਸੀ ਵਿਧਾਇਕ ਦਲ ਦੇ ਆਗੂ ਤੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਸੀਨੀਅਰ ਆਗੂ ਰੋਸ ਮੁਜ਼ਾਹਰੇ ਦੀ ਅਗਵਾਈ ਕਰਨਗੇ, ਕੇਂਦਰੀ ਆਗੂ ਦਿੱਲੀ ਦੇ ਮੁਜ਼ਾਹਰੇ ਵਿੱਚ ਹਿੱਸਾ ਲੈਣਗੇ। ਉਨ੍ਹਾਂ ਕਿਹਾ ਕਿ ਕਾਂਗਰਸ ਇਸ ਦੌਰਾਨ ਖੇਤਰੀ ਵਿਆਪਕ ਆਰਥਿਕ ਭਾਈਵਾਲੀ (ਆਰ ਸੀ ਈ ਪੀ) ਦੇ ਉਲਟ ਅਸਰ, ਮੌਜੂਦਾ ਆਰਥਿਕ ਸੰਕਟ, ਬੇਰੁਜ਼ਗਾਰੀ, ਤੇਜ਼ੀ ਨਾਲ ਵਧਦੀਆਂ ਕੀਮਤਾਂ, ਢਹਿੰਦੇ ਬੈਂਕਿੰਗ ਸੈਕਟਰ, ਸਰਕਾਰੀ ਅਤੇ ਨਿਜੀ ਖੇਤਰ ਵਿੱਚ ਤੇਜ਼ੀ ਨਾਲ ਘੱਟ ਨੌਕਰੀਆਂ ਅਤੇ ਕਿਸਾਨੀ ਸੰਕਟ ਖਿਲਾਫ ਆਵਾਜ਼ ਬੁਲੰਦ ਕਰੇਗੀ। ਵੇਣੂਗੋਪਾਲ ਨੇ ਕਿਹਾ ਕਿ ਇਸ ਦੌਰਾਨ ਕਾਂਗਰਸੀ ਵਰਕਰ ਤੇ ਵਾਲੰਟੀਅਰ ਲੋਕਾਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਨਗੇ ਤੇ ਅਸੰਵੇਦਨਸ਼ੀਲ ਸਰਕਾਰ ਨੂੰ ਵੱਡੀਆਂ ਗਲਤੀਆਂ ਲਈ ਜਵਾਬ-ਦੇਹ ਬਣਾਉਣ ਦੀ ਕੋਸ਼ਿਸ਼ ਕਰਨਗੇ।

# ਅਜੈ ਚੌਟਾਲਾ ਨੇ ਕਿਹਾ: ਸਾਡੇ ਲਈ ਕਾਂਗਰਸ ਅਛੂਤ ਹੀ ਰਹੇਗੀ

ਜੈਪੁਰ, 31 ਅਕਤੂਬਰ (ਪੋਸਟ ਬਿਊਰੋ)-ਹਰਿਆਣਾ ਦੇ ਉਪ ਮੁੱਖ ਮੰਤਰੀ ਦੁਸ਼ਿਅੰਤ ਚੌਟਾਲਾ ਦੇ ਪਿਤਾ ਅਜੈ ਚੌਟਾਲਾ ਦਾ ਕਹਿਣਾ ਹੈ ਕਿ ਸਾਡਾ ਪਰਵਾਰ ਹਮੇਸ਼ਾ ਕਾਂਗਰਸ ਵਿਰੋਧੀ ਸਿਆਸਤ ਕਰਦਾ ਰਿਹਾ ਹੈ। ਇਸ ਲਈ ਕਾਂਗਰਸ ਸਾਡੇ ਲਈ ਸਿਆਸੀ ਰੂਪ ਨਾਲ ਅਛੂਤ ਹੈ ਅਤੇ ਅਛੂਤ ਹੀ ਰਹੇਗੀ।

ਜੈਪੁਰ ਵਿੱਚ ਅਜੈ ਚੌਟਾਲਾ ਨੇ ਪੱਤਰਕਾਰਾਂ ਨਾਲ ਗੱਲ ਕਰਦੇ ਹੋਏ ਕਿਹਾ ਕਿ ਚੌਟਾਲਾ ਪਰਵਾਰ ਦਾ ਕਾਂਗਰਸ ਨਾਲ ਮਿਲ ਕੇ ਸਿਆਸਤ ਕਰਨ ਦਾ ਸਵਾਲ ਹੀ ਨਹੀਂ ਉਠਦਾ। ਉਨ੍ਹਾਂ ਕਿਹਾ ਕਿ ਹਰਿਆਣਾ ਵਿੱਚ ਭਾਜਪਾ ਤੇ ਜਨਨਾਇਕ ਜਨਤਾ ਪਾਰਟੀ ਦਾ ਗਠਜੋੜ ਮਜ਼ਬੂਤ ਰਹੇਗਾ। ਦੋਵੇਂ ਪਾਰਟੀਆਂ ਮਿਲ ਕੇ ਸੂਬੇ ਦਾ ਵਿਕਾਸ ਕਰਨਗੀਆਂ। ਇੱਕ ਸਵਾਲ ਦੇ ਜਵਾਬ 'ਚ ਉਨ੍ਹਾਂ ਕਿਹਾ ਕਿ ਅਸੀਂ ਹਮੇਸ਼ਾ ਕਾਂਗਰਸ ਦੇ ਖਿਲਾਫ ਲੜਾਈ ਲੜੀ ਹੈ, ਉਸ ਨਾਲ ਖੜ੍ਹਾ ਹੋਣਾ ਤਾਂ ਦੂਰ ਦੀ ਗੱਲ ਹੈ, ਅਸੀਂ ਉਸ ਨਾਲ ਹੱਥ ਮਿਲਾਉਣ ਦੀ ਵੀ ਨਹੀਂ ਸੋਚ ਸਕਦੇ। ਉਨ੍ਹਾਂ ਕਿਹਾ ਕਿ ਦੁਸ਼ਿਅੰਤ ਚੌਟਾਲਾ ਵਿੱਚ ਸਮਰੱਥਾ ਹੈ ਅਤੇ ਉਹ ਭਾਜਪਾ ਨਾਲ ਮਿਲ ਕੇ ਹਰਿਆਣਾ ਦੇ ਲੋਕਾਂ ਦੀਆਂ ਆਸਾਂ ਨੂੰ ਪੂਰਾ ਕਰਨ 'ਚ ਕਾਮਯਾਬ ਹੋਵੇਗਾ।

## ਨੋਟਬੰਦੀ ਤੋਂ ਪਿੱਛੋਂ ਸੋਨੇ ਦੀ ਵਾਰੀ

# ਮੋਦੀ ਸਰਕਾਰ ਦੂਜਾ ਸਭ ਤੋਂ ਵੱਡਾ ਫੈਸਲਾ ਲੈਣ ਲੱਗੀ



ਨਵੀਂ ਦਿੱਲੀ, 31 ਅਕਤੂਬਰ (ਪੋਸਟ ਬਿਊਰੋ)- ਭਾਰਤ ਦੀ ਨਰਿੰਦਰ ਮੋਦੀ ਸਰਕਾਰ ਕਾਲੇ ਧਨ 'ਤੇ ਨੱਥ ਪਾਉਣ ਦੇ ਨਾਂਅ ਉੱਤੇ ਇੱਕ ਹੋਰ ਵੱਡਾ ਕਦਮ ਚੁੱਕਣ ਜਾ ਰਹੀ ਹੈ। ਇਸ ਵਾਰੀ ਕਾਲੀ ਕਮਾਈ ਨਾਲ ਸੋਨਾ ਖਰੀਦਣ ਵਾਲਿਆਂ ਨੂੰ ਨੱਥ ਪਾਏ ਜਾਣ ਲਈ ਵੱਡਾ ਫੈਸਲਾ ਲੈਣ ਦੀ ਸੂਚਨਾ ਮਿਲ ਰਹੀ ਹੈ।

ਜਾਣਕਾਰ ਸੂਤਰਾਂ ਮੁਤਾਬਕ ਨਰਿੰਦਰ ਮੋਦੀ ਸਰਕਾਰ ਸੋਨੇ ਲਈ ਐਮਨੈਸਟੀ ਸਕੀਮ ਲਿਆਉਣ ਦੀ ਤਿਆਰੀ ਕਰ ਰਹੀ ਹੈ। ਗੋਲਡ ਐਮਨੈਸਟੀ ਸਕੀਮ ਹੇਠ ਲੋਕਾਂ ਨੂੰ ਤੈਅ ਮਾਤਰਾ ਤੋਂ ਵੱਧ ਸੋਨੇ ਦੀ ਜਾਣਕਾਰੀ ਅਤੇ ਉਸ ਦੀ ਕੀਮਤ ਬਾਰੇ ਸਰਕਾਰ ਨੂੰ ਦੱਸਣਾ ਹੋਵੇਗਾ। ਪਤਾ ਲੱਗਾ ਹੈ ਕਿ ਇਸ ਐਮਨੈਸਟੀ ਸਕੀਮ ਹੇਠ ਸੰਬੰਧਤ ਸੋਨੇ ਦੀ ਕੀਮਤ ਤੈਅ ਕਰਨ ਲਈ ਵੈਲਿਊਏਸ਼ਨ ਸੈਂਟਰ ਤੋਂ ਸਰਟੀਫਿਕੇਟ ਲੈਣਾ ਹੋਵੇਗਾ। ਬਗੈਰ ਰਸੀਦ ਵਾਲਾ ਜਿੰਨਾ ਵੀ ਸੋਨਾ ਹੋਵੇਗਾ, ਉਸ 'ਤੇ ਇੱਕ ਤੈਅ ਮਾਤਰਾ ਵਿੱਚ ਟੈਕਸ ਦੇਣਾ ਹੋਵੇਗਾ। ਇਹ ਸਕੀਮ ਇੱਕ ਤੈਅ ਸਮਾਂ ਸੀਮਾ ਲਈ ਖੋਲ੍ਹੀ ਜਾਵੇਗੀ। ਸਕੀਮ ਖਤਮ ਹੋਣ ਤੋਂ ਬਾਅਦ ਤੈਅ ਮਾਤਰਾ ਤੋਂ ਵੱਧ ਸੋਨਾ ਮਿਲਣ ਉੱਤੇ ਭਾਰੀ ਜੁਰਮਾਨਾ ਦੇਣਾ ਪਵੇਗਾ। ਮੰਦਰ ਅਤੇ ਟਰੱਸਟ ਕੋਲ ਪਏ ਸੋਨੇ ਦੀ ਵੀ ਪ੍ਰੋਡਕਟਿਵ ਇਨਵੈਸਟਮੈਂਟ ਵਜੋਂ ਵਰਤੋਂ ਦਾ ਖਾਸ ਐਲਾਨ ਹੋ ਸਕਦਾ ਹੈ। ਦੱਸਿਆ ਜਾ ਰਿਹਾ ਹੈ ਕਿ ਵਿੱਤ ਮੰਤਰ-ਾਲਾ ਦੇ ਇਕਨਾਮਿਕ ਅਫੇਅਰਜ਼ ਵਿਭਾਗ ਅਤੇ ਮਾਲੀਆ ਵਿਭਾਗ ਨੇ ਮਿਲ ਕੇ ਇਸ ਸਕੀਮ ਦਾ ਖਰੜਾ ਬਣਾਇਆ ਅਤੇ ਇਸ ਤੋਂ ਬਾਅਦ ਇਸ ਨੂੰ ਪਾਸ ਕਰਾਉਣ ਲਈ ਕੈਬਨਿਟ ਕੋਲ ਭੇਜਿਆ ਹੈ। ਇਹ ਆਸ ਪ੍ਰਗਟਾਈ ਜਾ ਰਹੀ ਹੈ ਕਿ ਬਹੁਤ ਛੇਤੀ ਕੈਬਨਿਟ ਤੋਂ ਇਸ ਖਰੜੇ ਨੂੰ ਮਨਜ਼ੂਰੀ ਮਿਲ ਜਾਵਗੀ। ਅਕਤੂਬਰ ਦੇ ਸ਼ੁਰੂ ਵਿੱਚ ਹੀ ਇਸ ਖਰੜੇ 'ਤੇ ਕੈਬਨਿਟ ਵਿੱਚ ਚਰਚਾ ਹੋਣੀ ਸੀ, ਪਰ ਮਹਾਰਾਸ਼ਟਰ ਅਤੇ ਹਰਿਆਣਾ ਵਿਧਾਨ ਸਭਾ ਚੋਣਾਂ ਕਾਰਨ ਇਸ ਨੂੰ ਮੁਲਤਵੀ ਕਰ ਦਿੱਤਾ ਗਿਆ ਸੀ

# ਯੌਨ ਸ਼ੋਸ਼ਣ ਸੰਬੰਧੀ ਅਮਰੀਕੀ ਜੋੜੇ ਦੀ ਸ਼ਿਕਾਇਤ ਉੱਤੇ ਰੀਵਾ ਦਾ ਸ਼ਿਸ਼ੂ ਕੇਂਦਰ ਬੰਦ

ਰੀਵਾ (ਮੱਧ ਪ੍ਰਦੇਸ਼), 31 ਅਕਤੂਬਰ (ਪੋਸਟ ਬਿਊਰੋ)- ਰੀਵਾ ਦੇ ਇੱਕ ਸ਼ਿਸ਼ੂ ਕੇਂਦਰ ਵਿੱਚ ਬੱਚਿਆਂ ਦਾ ਯੌਨ ਸ਼ੋਸ਼ਣ ਹੋਣ ਸੰਬੰਧੀ ਇੱਕ ਅਮਰੀਕੀ ਜੋੜੇ ਦੀ ਸ਼ਿਕਾਇਤ 'ਤੇ ਉਸ ਕੇਂਦਰ ਨੂੰ ਬੰਦ ਕਰ ਦਿੱਤਾ ਗਿਆ ਹੈ।

ਅਧਿਕਾਰੀਆਂ ਅਨੁਸਾਰ ਅਮਰੀਕੀ ਜੋੜੇ ਨੇ ਸ਼ਿਸ਼ੂ ਕੇਂਦਰ ਤੋਂ ਦੋ ਬੱਚਿਆਂ ਨੂੰ ਗੋਦ ਲੈਣ ਪਿੱਛੋਂ ਉਸ ਕੇਂਦਰ ਵਿੱਚ ਰਹਿਣੰਦੇ ਬੱਚਿਆਂ ਦੇ ਯੌਨ ਸ਼ੋਸ਼ਣ ਦੀ ਸ਼ਿਕਾਇਤ ਕੀਤੀ ਸੀ। ਇਸ ਪਿੱਛੋਂ ਰੀਜਨਲ ਸ਼ਿਸ਼ੂ ਕੇਂਦਰ ਬੰਦ ਕਰ ਦਿੱਤਾ ਗਿਆ ਅਤੇ ਪੁਲਸ ਨੇ ਇਸ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਆਂਚਲ ਸ਼ਿਸ਼ੂ ਕੇਂਦਰ ਇੱਕ ਗੈਰ-ਸਰਕਾਰੀ ਸੰਗਠਨ ਨਿਵੇਦਿਤਾ ਵੱਲੋਂ ਚਲਾਇਆ ਜਾਂਦਾ ਹੈ। ਸ਼ਿਸ਼ੂ ਕੇਂਦਰ ਵਿੱਚ ਰਹਿਣ ਵਾਲੇ ਇੱਕ ਲੜਕੀ ਅਤੇ ਇੱਕ ਲੜਕੇ (ਦੋਵੇਂ ਛੇ ਸਾਲ ਤੋਂ ਘੱਟ ਉਮਰ ਦੇ) ਨੂੰ ਇਸ ਸਾਲ ਜੂਨ ਵਿੱਚ ਸੈਂਟਰਲ ਅਡਾਪਸ਼ਨ ਰਿਸੋਰਸਿਜ਼ ਏਜੰਸੀ (ਸੀ ਏ ਆਰ ਏ) ਦੇ ਜ਼ਰੀਏ ਕੈਲੀਫੋਰਨੀਆ (ਅਮਰੀਕਾ) ਵਿੱਚ ਰਹਿਣ ਵਾਲੇ ਇੱਕ ਜੋੜੇ ਨੇ ਗੋਦ ਲਿਆ ਸੀ। ਜ਼ਿਲਾ ਕੁਲੈਕਟਰ ਓਮ ਪ੍ਰਕਾਸ਼ ਸ੍ਰੀਵਾਸਤਵ ਨੇ ਦੱਸਿਆ ਕਿ ਅਮਰੀਕੀ ਜੋੜੇ ਨੇ ਸ਼ਿਕਾਇਤ ਕੀਤੀ ਹੈ ਕਿ ਅਮਰੀਕਾ ਵਿੱਚ ਗੱਲਬਾਤ ਦੌਰਾਨ ਬੱਚਿਆਂ ਨੇ ਰੀਵਾ ਦੇ ਸ਼ਿਸ਼ੂ ਕੇਂਦਰ ਵਿੱਚ ਉਨ੍ਹਾਂ ਦੇ ਨਾਲ ਯੌਨ ਸ਼ੋਸ਼ਣ ਕੀਤੇ ਜਾਣ ਦਾ ਦੋਸ਼ ਲਗਾਇਆ ਹੈ।

## ਜਲ ਸ਼ਕਤੀ ਮੰਤਰੀ ਨੇ ਕਿਹਾ:

# ਪਾਣੀ ਨਾ ਬਚਾਇਆ ਤਾਂ ਕੇਪਟਾਊਨ ਵਰਗੇ ਚੇਨਈ ਤੇ ਬੰਗਲੌਰ ਦੇ ਵੀ ਬਣ ਜਾਣਗੇ



ਨਵੀਂ ਦਿੱਲੀ, 31 ਅਕਤੂਬਰ (ਪੋਸਟ ਬਿਊਰੋ)- ਭਾਰਤ ਵਿੱਚ ਪ੍ਰਤੀ ਵਿਅਕਤੀ ਔਸਤ ਜਲ ਪ੍ਰਾਪਤੀ ਵਿੱਚ ਕਮੀ ਆਉਣ ਦਾ ਖੁਲਾਸਾ ਕਰਦੇ ਹੋਏ ਕੇਂਦਰੀ ਜਲ ਸ਼ਕਤੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਨੇ ਸੁਚੇਤ ਕੀਤਾ ਹੈ ਕਿ ਜੇ ਲੋਕ ਪਾਣੀ ਬਚਾਉਣ ਦੀ ਜ਼ਿੰਮੇਵਾਰੀ ਨਾ ਸਮਝਣਗੇ ਤਾਂ ਆਬਾਦੀ ਦਾ ਵੱਡਾ ਹਿੱਸਾ ਬੁਰੀ ਤਰ੍ਹਾਂ ਪ੍ਰਭਾਵਤ ਹੋਵੇਗਾ ਤੇ ਚੇਨਈ, ਬੰਗਲੌਰ ਵੀ ਕੇਪਟਾਊਨ ਵਰਗੇ ਬਣ ਜਾਣਗੇ। ਮੰਤਰੀ ਨੇ ਇਥੇ 13ਵੀਂ ਵਿਸ਼ਵ ਏਕਤਾ ਕਾਂਗਰਸ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਘਰ ਵਿੱਚ ਸਿਰਫ ਸਿਨੇਮਾ ਅਤੇ ਸੀਰੀਅਲ 'ਤੇ ਚਰਚਾ ਨਹੀਂ ਹੋਣੀ ਚਾਹੀਦੀ, ਸਗੋਂ ਪਰਵਾਰ ਵਿੱਚ ਵਾਤਾਵਰਣ ਅਤੇ ਜਲ ਸੰਬੰਧੀ ਮੁੱਦਿਆਂ 'ਤੇ ਵੀ ਗੱਲਬਾਤ ਕਰਨੀ ਚਾਹੀਦੀ ਹੈ।

ਸ਼ੇਖਾਵਤ ਨੇ ਕਿਹਾ ਕਿ ਪ੍ਰਤੀ ਵਿਅਕਤੀ ਔਸਤ ਜਲ ਪ੍ਰਾਪਤੀ ਆਜ਼ਾਦੀ ਦੇ ਸਮੇਂ 5000 ਕਿਊਬਿਕ ਮੀਟਰ ਤੋਂ ਘਟ ਕੇ 1540 ਘਨ ਮੀਟਰ ਰਹਿ ਗਈ ਹੈ। ਉਨ੍ਹਾਂ ਕਿਹਾ, ਜੇ ਇਸੇ ਤਰ੍ਹਾਂ ਦੀ ਗਿਰਾਵਟ ਜਾਰੀ ਰਹੀ ਅਤੇ ਆਬਾਦੀ ਵਧਦੀ ਰਹੀ ਤਾਂ ਚੇਨਈ, ਬੰਗਲੌਰ ਵੀ ਕੇਪਟਾਊਨ ਬਣ ਜਾਣਗੇ ਤੇ ਦੇਸ਼ ਦੀ ਆਬਾਦੀ ਦਾ ਵੱਡਾ ਹਿੱਸਾ ਪ੍ਰਭਾਵਤ ਹੋਵੇਗਾ। ਦੱਖਣੀ ਅਫਰੀਕਾ ਦੀ ਰਾਜਧਾਨੀ ਕੇਪਟਾਊਨ ਵਿੱਚ ਸਾਲ 2017-18 ਵਿੱਚ ਜਲ ਸੰਕਟ ਡੂੰਘਾ ਹੋ ਗਿਆ ਸੀ। ਇਸ ਦੌਰਾਨ ਇਥੇ ਟੂਟੀਆਂ ਵਿੱਚ ਪਾਣੀ ਪੂਰੀ ਤਰ੍ਹਾਂ ਖਤਮ ਹੋ ਗਿਆ ਤਾਂ ਇਸ ਦੇ ਬਾਅਦ ਜੀਰੋ ਡੇ ਦਾ ਵਿਚਾਰ ਆਇਆ। ਜੀਰੋ ਡੇ ਦਾ ਅਰਥ ਉਸ ਦਿਨ ਤੋਂ ਹੈ, ਜਦ ਸ਼ਹਿਰ ਦੇ ਸਾਰੀਆਂ ਟੂਟੀਆਂ ਵਿੱਚ ਪਾਣੀ ਦੀ ਸਪਲਾਈ ਕਰ ਕੇ ਸਾਰਿਆਂ ਨੂੰ ਪਾਣੀ ਪ੍ਰਬੰਧ ਬਾਰੇ ਸੁਚੇਤ ਕੀਤਾ ਜਾਂਦਾ ਹੈ। ਇਸ ਰਿਪੋਰਟ ਮੁਤਾਬਕ ਤੇਜ਼ੀ ਨਾਲ ਹੋ ਰਹੇ ਸ਼ਹਿਰੀਕਰਨ, ਵਧਦੀ ਆਬਾਦੀ ਅਤੇ ਖਰਾਬ ਜਲ ਪ੍ਰਬੰਧ ਦੇ ਕਾਰਨ ਬੰਗਲੌਰ ਵਿੱਚ ਨਲਕੇ ਸੁੱਕਣ, ਜ਼ਮੀਨ ਹੇਠਲੇ ਪਾਣੀ ਦਾ ਪੱਧਰ ਡਿੱਗਣ ਅਤੇ ਝੀਲਾਂ ਜ਼ਹਿਰੀਲੀਆਂ ਹੋਣ ਲੱਗੀਆਂ ਹਨ। ਵੱਡੀ ਗਿਣਤੀ ਵਿੱਚ ਲੋਕਾਂ ਦੇ ਕੋਲ ਪਾਣੀ ਦੀ ਸਪਲਾਈ ਨਹੀਂ ਪਹੁੰਚ ਰਹੀ ਅਤੇ ਉਹ ਪਾਣੀ ਦੇ ਟੈਂਕਰਾਂ 'ਤੇ ਨਿਰਭਰ ਹਨ। ਦੇਸ਼ ਦੇ ਇੱਕ ਹੋਰ ਮਹਾਨਗਰ ਚੇਨਈ ਵਿੱਚ ਵੀ ਸਥਿਤੀ ਠੀਕ ਨਹੀਂ।

# ਮਮਤਾ ਦੇ ਖਿਲਾਫ ਇਤਰਾਜ਼ ਯੋਗ ਪੋਸਟ ਪਾਉਣ ਵਾਲਾ ਗ੍ਰਿਫਤਾਰ

ਸਿੰਗੂਰ, 31 ਅਕਤੂਬਰ (ਪੋਸਟ ਬਿਊਰੋ)- ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਖਿਲਾਫ ਸੋਸ਼ਲ ਮੀਡੀਆ 'ਤੇ ਇਤਰਾਜ਼ ਯੋਗ ਟਿੱਪਣੀ ਕਰਨ ਵਾਲੇ 28 ਸਾਲਾ ਨੌਜਵਾਨ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

ਐਸ ਪੀ ਤਥਾਗਤ ਬਾਸੂ ਦੇ ਮੁਤਾ-ਬਕ ਨੌਜਵਾਨ ਚੰਦਨ ਭੱਟਾਚਾਰੀਆ ਨੂੰ ਤ੍ਰਿਣਮੂਲ ਯੂਥ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਸ਼ਾਂਤਨੂ ਬੈਨਰਜੀ ਵੱਲੋਂ ਦਰਜ ਕਰਵਾਈ ਸ਼ਿਕਾਇਤ ਉਤੇ ਕੱਲ੍ਹ ਰਾਤ ਗ੍ਰਿਫਤਾਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸਿੰਗੂਰ ਪੁਲਸ ਸਟੇਸ਼ਨ ਵਿੱਚ ਸਿੰਗੂਰ ਦੇ ਵਸਨੀਕ ਭੱਟਾਚਾਰੀਆ ਖਿਲਾਫ ਦਰਜ ਸ਼ਿਕਾਇਤ ਵਿੱਚ ਕਿਹਾ ਸੀ ਕਿ ਉਸ ਨੇ ਕਾਲੀ ਪੂਜਾ ਵਾਲੇ ਦਿਨ ਫੇਸਬੁੱਕ 'ਤੇ ਇਤਰਾਜ਼ ਯੋਗ ਟਿੱਪਣੀ ਵਾਲੀ ਪੋਸਟ ਪਾਈ ਸੀ। ਪਾਰਟੀ ਵਰਕਰਾਂ ਨੇ ਉਸ ਦੇ ਟਿਕ-ਾਣੇ ਦਾ ਪਤਾ ਲਾ ਕੇ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ ਸੀ। ਇਹ ਘਟਨਾਕ੍ਰਮ ਓਦੋਂ ਦਾ ਹੈ ਜਦੋਂ ਇਸ ਮਹੀਨੇ ਦੇ ਸ਼ੁਰੂ 'ਚ ਨਾਰਥ 24 ਪਰਗਨਾ ਜ਼ਿਲ੍ਹੇ ਤੋਂ ਸਾਈਬਰ ਕ੍ਰਾਈਮ ਐਕਟ ਦੀ ਉਲੰਘਣਾ ਹੇਠ ਕਾਂਗਰਸ ਆਗੂ ਸਨਮੋਏ ਬੰਦੋਪਾਧਿਆਏ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਲੋਕ ਸਭਾ 'ਚ ਕਾਂਗਰਸ ਦੇ ਆਗੂ ਅਧੀਰ ਰੰਜਨ ਚੌਧਰੀ ਨੇ ਪੁਲਸ 'ਤੇ ਦੋਸ਼ ਲਾਇਆ ਸੀ ਕਿ ਟੀ ਐਮ ਸੀ ਸਰਕਾਰ ਦੀ ਆਲੋਚਨਾ ਵਾਲੀ ਪੋਸਟ ਅੱਗੇ ਹੋਰਨਾਂ ਨੂੰ ਪਾਉਣ 'ਤੇ ਬੰਦੋਪਾਧਿਆਏ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਮਈ ਵਿੱਚ ਭਾਜਪਾ ਯੁਵਾ ਮੋਰਚਾ ਦੀ ਆਗੂ ਪ੍ਰਿਯੰਕਾ ਸ਼ਰਮਾ ਨੂੰ ਹਾਵੜਾ ਜ਼ਿਲ੍ਹੇ 'ਚੋਂ ਗ੍ਰਿਫਤਾਰ ਕੀਤਾ ਗਿਆ ਸੀ ਜਦੋਂ ਉਸ ਨੇ ਸੋਸ਼ਲ ਮੀਡੀਆ 'ਤੇ ਮਮਤਾ ਬੈਨਰਜੀ ਦੀ ਤਸਵੀਰ ਨਾਲ ਛੇੜਛਾੜ ਵਾਲੀ ਪੋਸਟ ਸਾਂਝੀ ਕੀਤੀ ਸੀ। ਸੁਪਰੀਮ ਕੋਰਟ ਨੇ ਉਸ ਨੂੰ ਮੁੱਖ ਮੰਤਰੀ ਤੋਂ ਮੁਆਫੀ ਮੰਗਣ ਲਈ ਕਹਿ ਕੇ ਜ਼ਮਾਨਤ ਦੇ ਦਿੱਤੀ ਸੀ।

# ਭਾਰਤੀ ਮੂਲ ਦੇ ਵਿਦੇਸ਼ੀ ਨਾਗਰਿਕ ਵੀ ਰਾਸ਼ਟਰੀ ਪੈਨਸ਼ਨ ਸਕੀਮ ਲੈ ਸਕਣਗੇ



ਨਵੀਂ ਦਿੱਲੀ, 31 ਅਕਤੂਬਰ (ਪੋਸਟ ਬਿਊਰੋ)- ਭਾਰਤੀ ਮੂਲ ਦੀ ਵਿਦੇਸ਼ੀ ਨਾਗਰਿਕ ਵੀ ਅੱਗੇ ਤੋਂ ਏਥੇ ਐੱਨ ਪੀ ਐੱਸ ਲੈ ਸਕਦੇ ਹਨ। ਇਸ ਸੰਬੰਧ ਵਿੱਚ ਸਰਕਾਰ ਨੇ ਕਿਹਾ ਹੈ ਕਿ ਭਾਰਤੀ ਮੂਲ ਦੇ ਵਿਦੇਸ਼ੀ ਨਾਗਰਿਕ ਪ੍ਰਵਾਸੀ ਭਾਰਤੀਆਂ ਦੀ ਤਰ੍ਹਾਂ ਰਾਸ਼ਟਰੀ ਪੈਨਸ਼ਨ ਪ੍ਰਣਾਲੀ (ਐਨ ਪੀ ਐਸ) ਦੇ ਯੋਗ ਹੋਣਗੇ।

ਵਿੱਤ ਮੰਤਰਾਲਾ ਨੇ ਇੱਕ ਰਿਲੀਜ਼ ਵਿੱਚ ਕਿਹਾ ਹੈ ਕਿ ਪੈਨਸ਼ਨ ਫੰਡ ਰੈਗੂਲੇਟਰੀ ਤੇ ਵਿਕਾਸ ਅਥਾਰਟੀ (ਪੀ ਐੱਫ ਆਰ ਡੀ ਏ) ਨੇ ਪਰਵਾਸੀ ਭਾਰਤੀਆਂ ਵਾਂਗ ਭਾਰਤੀ ਮੂਲ ਦੇ ਵਿਦੇਸ਼ੀ ਨਾਗਰਿਕਾਂ (ਓ ਸੀ ਆਈ) ਨੂੰ ਐੱਨ ਪੀ ਐੱਸ ਲੈਣ ਨੂੰ ਮਨਜ਼ੂਰੀ ਦੇ ਦਿੱਤੀ ਹੈ। ਫਾਰੇਨ ਐਕਸਚੇਂਜ ਮੈਨੇਜਮੈਂਟ (ਗੈਰ ਬਾਂਡ ਉਤਪਾਦ) ਨਿਯਮ, 2019 ਉੱਤੇ ਆਰਥਿਕ ਕੰਮਾਂ ਦੇ ਵਿਭਾਗ ਦੇ 29 ਅਕਤੂਬਰ 2019 ਨੂੰ ਜਾਰੀ ਨੋਟੀਫਿਕੇਸ਼ਨ ਹੇਠ ਓ ਸੀ ਆਈ ਐੱਨ ਪੀ ਐੱਸ ਨੂੰ ਅਪਣਾ ਸਕਦੇ ਹਨ। ਐਨ ਪੀ ਐਸ ਦੀ ਦੇਖ ਰੇਖ ਦਾ ਜ਼ਿੰਮਾ ਪੀ ਐੱਫ ਆਰ ਡੀ ਏ ਕੋਲ ਹੈ। ਭਾਰਤੀ ਮੂਲ ਦੇ ਜਿਹੜੇ ਵਿਦੇਸ਼ੀ ਨਾਗਰਿਕ ਐੱਨ ਪੀ ਐੱਸ ਲੈਣਾ ਚਾਹੁੰਦੇ ਹਨ, ਉਹ ਪੀ ਐੱਫ ਆਰ ਡੀ ਏ ਕਾਨੂੰਨ ਦੇ ਪ੍ਰਬੰਧਾਂ ਹੇਠ ਨਿਵੇਸ਼ ਕਰਨ ਲਈ ਯੋਗ ਹੋਣਗੇ। ਉਹ ਰਿਟਾਇਰਮੈਂਟ ਰਾਸ਼ੀ/ ਜਮ੍ਹਾ ਰਾਸ਼ੀ ਆਪਣੇ ਦੇਸ਼ ਲਿਜਾ ਸਕਣਗੇ।



## ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਨਿਊਜ਼ੀਲੈਂਡ ਨੂੰ ਜੁਰਮਾਨਾ



ਆਕਲੈਂਡ, 31 ਅਕਤੂਬਰ (ਪੋਸਟ ਬਿਊਰੋ)- ਕਿਸੇ ਗੁਰਦੁਆਰਾ ਸਾਹਿਬ ਵਿਖੇ ਗ੍ਰੰਥੀ ਸਿੰਘ ਜਾਂ ਕੀਰਤਨੀਆਂ ਦਾ ਆਮ ਕਰ ਕੇ ਸਤਿਕਾਰ ਹੁੰਦਾ ਹੈ। ਨਿਊਜ਼ੀਲੈਂਡ ਦੀ ਇੱਕ ਧਾਰਮਿਕ ਸੰਸਥਾ ਸ੍ਰੀ ਗੁਰੂ ਸਿੰਘ ਸਭਾ, ਜੋ ਸ਼ਰਲੀ ਰੋਡ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦਾ ਪ੍ਰਬੰਧ ਚਲਾਉਂਦੀ ਹੈ, ਨੂੰ ਇੰਪਲਾਈਮੈਂਟ ਰਿਲੇਸ਼ਨ ਅਥਾਰਟੀ ਨਿਊਜ਼ੀਲੈਂਡ ਨੇ ਕੀਰਤਨੀ ਜਥੇ ਦਾ ਤੈਅ ਮਿਹਨਤਾਨਾ ਨਾ ਦੇਣਾ ਦਾ ਦੋਸ਼ੀ ਕਰਾਰ ਦਿੱਤਾ ਹੈ। ਪ੍ਰਬੰਧਕਾਂ ਨੇ ਰਾਗੀ ਸਿੰਘਾਂ ਦੇ ਦੋਸ਼ਾਂ ਨੂੰ ਝੂਠ ਕਰਾਰ ਦੇ ਕੇ ਕਿਹਾ ਹੈ ਕਿ ਐਗਰੀਮੈਂਟ ਇਮੀਗ੍ਰੇਸ਼ਨ ਉਦੇਸ਼ ਲਈ ਬਣਾਇਆ ਸੀ, ਇਹ ਕੋਈ ਵਿਅਕਤੀਗਤ ਇੰਪਲਾਈਮੈਂਟ ਐਗਰੀਮੈਂਟ ਹੈ ਹੀ ਨਹੀਂ ਸੀ, ਜਿਸ ਦੀ ਉਲੰਘਣਾ ਦਾ ਮਾਮਲਾ ਬਣ ਸਕਦਾ ਹੈ। ਦੋ ਰਾਗੀ ਭਾਈ ਹਰਪ੍ਰੀਤ ਸਿੰਘ ਅਤੇ ਭਾਈ ਜਸਵਿੰਦਰ ਸਿੰਘ 27 ਅਕਤੂਬਰ 2017 ਤੋਂ 7 ਮਈ 2018 ਤੱਕ ਤੈਅ ਮਿਹਨਤਾਨੇ 'ਤੇ ਸੇਵਾ ਕਰਨ ਪਹੁੰਚੇ ਸਨ। ਸ਼ਿਕਾਇਤ ਅਨੁਸਾਰ ਇਸ ਦੌਰਾਨ ਉਨ੍ਹਾਂ ਨੂੰ ਕ੍ਰਮਵਾਰ 2000 ਡਾਲਰ ਤੇ 1000 ਡਾਲਰ ਹੀ ਮਿਲੇ ਹਨ। ਹਵਾਈ ਟਿਕਟ ਖਰਚਾ 3000 ਡਾਲਰ ਤੱਕ ਤੇ 1000 ਡਾਲਰ ਪ੍ਰਤੀ ਮਹੀਨਾ ਛੁੱਟੀਆਂ ਦੇ ਪੈਸੇ ਦੇਣ ਦੀ ਗੱਲ ਹੋਈ ਸੀ। 7 ਮਈ 2018 ਨੂੰ ਇੱਕ ਵਿਵਾਦ ਮਗਰੋਂ ਸੰਗਤ ਨੇ ਗੁਰਦੁਆਰਾ ਸਾਹਿਬ ਵਿਖੇ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਅਤੇ ਸੱਚਖੰਡ ਵਿੱਚ ਸਜੇ ਹੋਰ ਸਰੂਪ ਹੋਰ ਜਗ੍ਹਾ ਪੁਚੇ ਦਿੱਤੇ ਸਨ। ਅਗਲੇ ਦਿਨ ਕਮੇਟੀ ਮੈਂਬਰ ਹਰਨੇਕ ਸਿੰਘ ਨੇ ਰਾਗੀ ਸਿੰਘਾਂ ਨੂੰ ਕਿਹਾ ਕਿ ਇਥੇ ਸਰੂਪ ਨਹੀਂ ਹੈ, ਉਹ ਵਾਪਸ ਭਾਰਤ ਜਾ ਸਕਦੇ ਹਨ। ਰਾਗੀ ਸਿੰਘਾਂ ਨੇ ਕਿਹਾ ਕਿ ਉਨ੍ਹਾਂ ਕੋਲ ਵਾਪਸ ਜਾਣ ਵਾਸਤੇ ਕੁਝ ਨਹੀਂ। ਰਾਗੀ ਸਿੰਘਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਨਲਾਈਨ ਵਰਸ਼ਨ (ਇਲੈਕਟ੍ਰਾਨਿਕ ਡਿਵਾਈਸ) ਉਤੇ ਸਵੇਰੇ ਸ਼ਾਮ ਸੇਵਾ ਕਰਨ ਦੀ ਪੇਸ਼ਕਸ਼ ਕੀਤੀ ਗਈ ਜਿਸ ਤੋਂ ਰਾਗੀ ਸਿੰਘਾਂ ਨੇ ਮਨ੍ਹਾ ਕਰ ਦਿੱਤਾ। ਅਗਲੇ ਦਿਨ ਰਾਗੀ ਸਿੰਘ ਬਿਨਾਂ ਦੱਸੇ ਗੁਰਦੁਆਰਾ ਸਾਹਿਬ ਤੋਂ ਚਲੇ ਗਏ।

ਫਿਰ ਮਾਮਲਾ ਇੰਪਲਾਈਮੈਂਟ ਰਿਲੇਸ਼ਨ ਕੋਲ ਪਹੁੰਚ ਗਿਆ। ਰਾਗੀ ਸਿੰਘ 70 ਘੰਟੇ ਤੱਕ ਕੰਮ ਕਰਨ ਦਾ ਦਾਅਵਾ ਕਰਦੇ ਹਨ ਤੇ ਪ੍ਰਬੰਧਕ ਇਸ ਨੂੰ ਝੁਠਲਾਉਂਦੇ ਹਨ। ਲੰਬੀ-ਚੌੜੀ ਜਾਂਚ ਦੇ ਬਾਅਦ ਪਾਇਆ ਗਿਆ ਕਿ ਸ੍ਰੀ ਗੁਰੂ ਸਿੰਘ ਸਭਾ ਸੰਸਥਾ ਨੇ ਰਾਗੀ ਸਿੰਘਾਂ ਦਾ ਮਿਹਨਤਾਨਾ ਮਾਰਿਆ ਹੈ। ਜਾਂਚ 'ਚ ਹਰਨੇਕ ਸਿੰਘ ਦਾ ਕਹਿਣਾ ਸੀ ਕਿ ਇੰਪਲਾਈਮੈਂਟ ਐਗਰੀਮੈਂਟ ਸਿਰਫ ਇਮੀਗ੍ਰੇਸ਼ਨ ਵਾਸਤੇ ਬਣਾਇਆ ਸੀ। ਜਾਂਚ ਵਿੱਚ ਕੇਵਲ ਸਿੰਘ ਦਾ ਨਾਂਅ ਵੀ ਆਉਂਦਾ ਹੈ, ਜਿਹੜਾ ਪ੍ਰੋਗਰਾਮਾਂ ਦੀ ਬੁਕਿੰਗ ਕਰਦਾ ਸੀ। ਇਸ ਮਗਰੋਂ ਇੰਪਲਾਈਮੈਂਟ ਰਿਲੇਸ਼ਨ ਅਥਾਰਟੀ ਨੇ ਸ੍ਰੀ ਗੁਰੂ ਸਿੰਘ ਸਭਾ ਸੰਸਥਾ ਨੂੰ 14 ਦਿਨ ਦੇ ਅੰਦਰ ਭਾਈ ਹਰਪ੍ਰੀਤ ਸਿੰਘ ਨੂੰ 32,133 ਡਾਲਰ ਤੇ ਜਸਵਿੰਦਰ ਸਿੰਘ ਨੂੰ 34383 ਡਾਲਰ ਮਿਹਨਤਾਨਾ ਜਿਸ 'ਚ ਤਨਖਾਹ, ਛੁੱਟੀਆਂ ਦੇ ਪੈਸੇ, ਇੰਪਲਾਈਮੈਂਟ ਕਾਨੂੰਨ ਦੀ ਉਲੰਘਣਾ ਦਾ ਹਰਜਾਨਾ ਸ਼ਾਮਲ ਹੈ, ਦੇਣ ਦੇ ਹੁਕਮ ਦਿੱਤੇ। ਇਸ ਤੋਂ ਇਲਾਵਾ 40,000 ਡਾਲਰ ਜੁਰਮਾਨੇ ਵਜੋਂ ਇੰਪਲਾਈਮੈਂਟ ਰਿਲੇਸ਼ਨ ਅਥਾਰਟੀ ਨੂੰ 28 ਦਿਨਾਂ ਦੇ ਅੰਦਰਾ ਅਦਾ ਕਰਨ ਵੀ ਨਿਰਦੇਸ਼ ਦਿੱਤਾ ਗਿਆ ਹੈ। ਵਕੀਲ ਦਾ ਖਰਚਾ ਵੱਖਰਾ ਹੈ।

# 2050 ਤੱਕ ਮੁੰਬਈ ਦੇ ਸਮੁੰਦਰ ਵਿੱਚ ਡੁੱਬਣ ਦਾ ਖਦਸ਼ਾ

### * ਸੰਸਾਰ ਭਰ ਦੇ 3.6 ਕਰੋੜ ਲੋਕ ਪ੍ਰਭਾਵਿਤ ਹੋਣਗੇ

ਵਾਸ਼ਿੰਗਟਨ, 31 ਅਕਤੂਬਰ (ਪੋਸਟ ਬਿਊਰੋ)- ਦੁਨੀਆ ਇਕ ਗੰਭੀਰ ਖਤਰੇ ਵੱਲ ਵੱਧ ਰਹੀ ਹੈ। ਸਮੁੰਦਰ ਦਾ ਵੱਧਦਾ ਪੱਧਰ ਪਹਿਲਾਂ ਦੇ ਅਨੁਮਾਨਿਤ ਅੰਕੜਿਆਂ ਤੋਂ 3 ਗੁਣਾ ਵੱਧ ਆਬਾਦੀ ਨੂੰ ਪ੍ਰਭਾਵਤ ਕਰ ਸਕਦਾ ਹੈ। ਇਸ ਕਾਰਨ ਭਾਰਤ ਦੀ ਆਰਥਿਕ ਰਾਜਧਾਨੀ ਮੁੰਬਈ ਦੇ ਪੂਰੀ ਤਰ੍ਹਾਂ ਡੁੱਬ ਜਾਣ ਦਾ ਖਤਰਾ ਹੈ।

ਇਹ ਗੱਲ ਨਿਊਜਰਸੀ ਦੇ ਵਿਗਿਆਨ ਸੰਗਠਨ ਕਲਾਈਮੇਟ ਸੈਂਟਰਲ ਦੀ ਖੋਜ ਤੋਂ ਸਾਹਮਣੇ ਆਈ ਹੈ। ਇਸ ਖੋਜ ਵਿਚ ਭਵਿੱਖ ਦਾ ਆਬਾਦੀ ਵਾਧਾ ਅਤੇ ਤੱਟਾਂ ਦਾ ਖੁਰਨਾ ਸ਼ਾਮਲ ਨਹੀਂ ਹੈ। ਖੋਜ ਵਿਚ ਦੱਸਿਆ ਗਿਆ ਕਿ ਭਾਰਤ ਅਤੇ ਹੋਰ ਏਸ਼ੀਆਈ ਦੇਸ਼ਾਂ, ਜਿਨ੍ਹਾਂ ਵਿਚ ਬੰਗਲਾ ਦੇਸ਼ ਤੇ ਇੰਡੋਨੇਸ਼ੀਆ ਸ਼ਾਮਲ ਹਨ, ਵਿਚ ਅਨੁਮਾਨਿਤ ਉੱਚੇ ਉਛਾਲ ਦੀ ਰੇਖਾ ਦੇ ਹੇਠਾਂ ਰਹਿਣ ਵਾਲੀ ਆਬਾਦੀ ਵਿਚ ਇਸ ਸਦੀ ਦੇ ਅੰਤ ਤੱਕ 5 ਤੋਂ 10 ਗੁਣਾ ਵਾਧਾ ਦਿੱਸ ਸਕਦਾ ਹੈ।



ਬੀਤੇ ਮੰਗਲਵਾਰ ਨੂੰ ਨੇਚਰ ਕਮਿਊਨੀਕੇਸ਼ਨ ਜਰਨਲ ਵਿਚ ਛਪੇ ਇਸ ਅਧਿਐਨ ਦੇ ਮੁਤਾਬਕ ਭਵਿੱਖ ਵਿਚ ਪਾਣੀ ਦੇ ਪੱਧਰ ਵਿਚ ਹੋਣ ਵਾਲੇ ਵਾਧੇ ਦੇ ਨਾਲ ਸੰਸਾਰ ਦੇ ਵੱਡੇ ਹਿੱਸਿਆਂ ਵਿਚ ਆਬਾਦੀ ਦੀ ਘਣਤਾ ਵਿਚ ਵਾਧੇ ਵਾਲੇ ਮੌਜੂਦਾ ਅਨੁਮਾਨ ਨੂੰ ਦਰਸਾਇਆ ਗਿਆ ਹੈ। ਇਕ ਅੰਗਰੇਜ਼ੀ ਅਖਬਾਰ ਨੇ ਇਸ ਅਧਿਐਨ ਦੀ ਖਬਰ ਵਿਚ ਕਿਹਾ ਹੈ ਕਿ ਮੁੰਬਈ ਦਾ ਬਹੁਤਾ ਦੱਖਣੀ ਹਿੱਸਾ ਇਸ ਸਦੀ ਦੇ ਮੱਧ ਤੱਕ ਸਾਲ ਵਿਚ ਘੱਟੋ-ਘੱਟ ਇਕ ਵਾਰ ਅਨੁਮਾਨਿਤ ਉੱਚੇ ਓਛਾਲੇ ਤੋਂ ਹੇਠਾਂ ਆ ਸਕਦਾ ਹੈ। ਅਨੁਮਾਨਤ ਉੱਚਾ ਉਛਾਲਾ ਸਮੁੰਦਰੀ ਕੰਢੇ ਦੀ ਜ਼ਮੀਨ ਉੱਤੇ ਉਹ ਨਿਸ਼ਾਨ ਹੁੰਦਾ ਹੈ, ਜਿੱਥੇ ਸਭ ਤੋਂ ਉੱਚਾ ਉਛਾਲਾ ਸਾਲ ਵਿਚ ਇਕ ਵਾਰ ਹੀ ਪਹੁੰਚਦਾ ਹੈ। ਅਖਬਾਰ ਨੇ ਨਕਸ਼ਿਆਂ ਦੀ ਇਕ ਲੜੀ ਛਾਪੀ ਹੈ, ਜਿਸ ਵਿਚ ਮੁੰਬਈ ਦੇ ਨਾਲ ਬੈਂਕਾਕ ਅਤੇ ਸ਼ੰਘਾਈ ਦੇ ਕੁਝ ਹਿੱਸਿਆਂ ਨੂੰ 2050 ਤੱਕ ਡੁੱਬਿਆ ਦੱਸਿਆ ਗਿਆ ਹੈ।

ਅਮਰੀਕਾ ਵਿਚ ਇਹ ਖੋਜ 'ਕਲਾਈਮੇਟ ਸੈਂਟਰਲ' ਦੇ ਸਕੌਟ ਏ ਕਲਪ ਅਤੇ ਬੇਂਜਾਮਿਨ ਐੱਚ ਸਟ੍ਰਾਸ ਨੇ ਛਪਾਈ ਹੈ। ਕਲਾਈਮੇਟ ਸੈਂਟਰਲ ਇਕ ਚੈਰਿਟੀ ਸਮਾਚਾਰ ਸੰਗਠਨ ਹੈ ਜਿਸ ਨਾਲ ਵਿਗਿਆਨੀ ਅਤੇ ਪੱਤਰਕਾਰ ਜੁੜੇ ਹਨ ਤੇ ਉਹ ਜਲਵਾਯੂ ਵਿਗਿਆਨ ਦਾ ਮੁਲੰਕਣ ਕਰਦੇ ਹਨ। ਅਧਿਐਨ ਮੁਤਾਬਕ ਪਹਿਲਾਂ ਦੇ ਅਨੁਮਾਨਾਂ ਦੇ ਮੁਕਾਬਲੇ 3 ਗੁਣਾ ਵੱਧ ਲੋਕ ਪ੍ਰਭਾਵਿਤ ਹੋਣਗੇ। ਖੋਜ ਕਰਤਾਵਾਂ ਦਾ ਕਹਿਣਾ ਹੈ ਕਿ ਦੁਨੀਆ ਵਿਚ ਪ੍ਰਭਾਵਤ ਜ਼ਮੀਨ ਉੱਤੇ ਰਹਿੰਦੇ ਕੁੱਲ ਲੋਕਾਂ ਵਿਚੋਂ 70 ਫੀਸਦੀ ਤੋਂ ਵੱਧ ਚੀਨ, ਬੰਗਲਾ ਦੇਸ਼, ਭਾਰਤ, ਵੀਅਤਨਾਮ, ਥਾਈਲੈਂਡ, ਫਿਲੀਪੀਨ ਤੇ ਜਾਪਾਨ ਆਦਿ 8 ਏਸ਼ੀਅਨ ਦੇਸ਼ਾਂ ਵਿਚ ਹਨ। ਸੋਧੇ ਅਨੁਮਾਨਾਂ ਮੁਤਾਬਕ ਕਿਹਾ ਗਿਆ ਹੈ ਕਿ ਭਾਰਤ, ਬੰਗਲਾ ਦੇਸ਼, ਇੰਡੋਨੇਸ਼ੀਆ ਅਤੇ ਫਿਲੀਪੀਨਸ ਵਿਚ ਅਨੁਮਾਨਿਤ ਉਛਾਲ ਰੇਖਾ ਤੋਂ ਹੇਠਾਂ ਰਹਿਣ ਵਾਲੀ ਵਰਤਮਾਨ ਆਬਾਦੀ ਵਿਚ 5 ਤੋਂ 10 ਗੁਣਾ ਵਾਧਾ ਹੋ ਸਕਦਾ ਹੈ। ਸਾਲ 2050 ਤੱਕ 34 ਕਰੋੜ ਲੋਕ ਉਨ੍ਹਾਂ ਥਾਵਾਂ ਉੱਤੇ ਰਹਿੰਦੇ ਹੋਣਗੇ ਜੋ ਸਾਲਾਨਾ ਹੜ੍ਹ ਦੇ ਪਾਣੀ ਵਿਚ ਡੁੱਬ ਜਾਣਗੀਆਂ ਜਦ ਕਿ ਇਸ ਸਦੀ ਦੇ ਅਖੀਰ ਤੱਕ ਇਹ ਗਿਣਤੀ 63 ਕਰੋੜ ਹੋ ਜਾਵੇਗੀ।

## ਲਿਬਨਾਨ ਦੇ ਪ੍ਰਧਾਨ ਮੰਤਰੀ ਵੱਲੋਂ ਅਸਤੀਫਾ

ਬੈਰੂਤ, 31 ਅਕਤੂਬਰ (ਪੋਸਟ ਬਿਊਰੋ)- ਲਿਬਨਾਨ ਵਿੱਚ ਸਰਕਾਰ ਵਿਰੋਧੀ ਪ੍ਰਦਰਸ਼ਨਾਂ ਕਾਰਨ ਪ੍ਰਧਾਨ ਮੰਤਰੀ ਸਾਦ ਹਰੀਰੀ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਉਨ੍ਹਾਂ ਦੇ ਐਲਾਨ ਤੋਂ ਬਾਅਦ ਪ੍ਰਦਰਸ਼ਨ ਕਰਨ ਵਾਲਿਆਂ ਨੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ। ਇਸ ਪੱਛਮੀ ਏਸ਼ੀਆਈ ਦੇਸ਼ ਵਿੱਚ 17 ਅਕਤੂਬਰ ਤੋਂ ਭ੍ਰਿਸ਼ਟਾਚਾਰ ਅਤੇ ਫਿਰਕਾ ਪ੍ਰਸਤੀ ਦੇ ਖਿਲਾਫ ਲਗਾਤਾਰ ਵਿਰੋਧ ਪ੍ਰਦਰਸ਼ਨ ਹੋ ਰਹੇ ਹਨ।

ਸਾਦ ਹਰੀਰੀ ਨੇ ਬੀਤੀ ਦਿਨੀਂ ਟੀ ਵੀ ਸੰਬੋਧਨ ਵਿੱਚ ਕਿਹਾ, "ਮੈਂ ਆਪਣੀ ਸਰਕਾਰ ਦਾ ਅਸਤੀਫਾ ਦੇਣ ਲਈ ਬਾਬਦਾ ਪੈਲੇਸ (ਰਾਸ਼ਟਰਪਤੀ ਭਵਨ) ਜਾ ਰਿਹਾ ਹਾਂ। ਸਮੱਸਿਆ ਨੂੰ ਦੂਰ ਕਰਨ ਲਈ ਇਹ ਜ਼ਰੂਰੀ ਹੈ। ਮੇਰਾ ਇਹ ਫੈਸਲਾ ਤਬਦੀਲੀ ਦੀ ਮੰਗ ਬਾਰੇ ਸੜਕਾਂ 'ਤੇ ਉਤਰੇ ਲਿਬ-ਨਾਨ ਦੇ ਬਹੁਤ ਸਾਰੇ ਲੋਕਾਂ ਦੀ ਇੱਛਾ ਦੇ ਜਵਾਬ ਵਿੱਚ ਹੈ। ਮੈਂ ਸਿਆਸੀ ਵਰਗ ਨੂੰ ਦੇਸ਼ ਬਚਾਉਣ ਦੀ ਅਪੀਲ ਕਰਦਾ ਹਾਂ।" ਹਰੀਰੀ ਦੇ ਅਸਤੀਫੇ ਦੇ ਐਲਾਨ ਪਿੱਛੋਂ ਦੇਸ਼ ਭਰ ਵਿੱਚ ਪ੍ਰਦਰਸ਼ਨ ਕਰ ਰਹੇ ਲੋਕਾਂ ਨੇ ਖੁਸ਼ੀ ਮਨਾਈ। ਪ੍ਰਧਾਨ ਮੰਤਰੀ ਹਰੀਰੀ ਦੇ ਗੜ੍ਹ ਤ੍ਰਿਪੋਲੀ ਵਿੱਚ ਵੀ ਸੈਂਕੜੇ ਪ੍ਰਦਰਸ਼ਨਕਾਰੀ ਜਮ੍ਹਾ ਹੋਏ ਅਤੇ ਉਨ੍ਹਾਂ ਦੇ ਅਸਤੀਫੇ ਦਾ ਸਵਾਗਤ ਕੀਤਾ।

## ਬੰਗਲਾ ਦੇਸ਼ ਵਿੱਚ ਜੰਗੀ ਅਪਰਾਧ ਦੇ ਦੋਸ਼ੀ ਨੇਤਾ ਦੀ ਮੌਤ ਦੀ ਸਜ਼ਾ ਕੋਰਟ ਨੇ ਕਾਇਮ ਰੱਖੀ

ਢਾਕਾ, 31 ਅਕਤੂਬਰ (ਪੋਸਟ ਬਿਊਰੋ)- ਬੰਗਲਾ ਦੇਸ਼ ਸੁਪਰੀਮ ਕੋਰਟ ਨੇ ਸਾਲ 1971 ਦੇ ਮੁਕਤੀ ਸੰਗਰਾਮ ਦੇ ਵਕਤ ਪਾਕਿਸਤਾਨੀ ਫੌਜ ਦੇ ਪੱਖ ਵਿੱਚ ਜੰਗੀ ਅਪਰਾਧ ਕਰਨ ਦੇ ਦੋਸ਼ੀ ਠਹਿਰਾਏ ਗਏ ਜਮਾਤ-ਏ-ਇਸਲਾਮੀ ਦੇ ਚੋਟੀ ਦੇ ਨੇਤਾ ਏ ਟੀ ਐੱਮ ਅਜ਼ਹਰੁਲ ਇਸਲਾਮ ਦੀ ਮੌਤ ਦੀ ਸਜ਼ਾ ਨੂੰ ਵੀਰਵਾਰ ਨੂੰ ਕਾਇਮ ਰੱਖਿਆ ਹੈ।

ਸੁਪਰੀਮ ਕੋਰਟ ਦੀ ਚਾਰ ਮੈਂਬਰੀ ਬੈਂਚ ਨੇ ਇਸਲਾਮ ਦੀ ਉਹ ਪਟੀਸ਼ਨ ਰੱਦ ਕਰ ਦਿੱਤੀ, ਜਿਸ ਵਿੱਚ ਅਧਿਕਾਰਿਤ ਟ੍ਰਿਬਿਊਨਲ ਵਲੋਂ ਸੁਣਾਈ ਮੌਤ ਦੀ ਸਜ਼ਾ ਨੂੰ ਉਸ ਨੇ ਚੁਣੌਤੀ ਦਿੱਤੀ ਸੀ। ਚੀਫ ਜਸਟਿਸ ਸੈਯਦ ਮਹਿਮੂਦ ਹੁਸੈਨ ਨੇ ਬੈਂਚ ਦਾ ਫੈਸਲਾ ਸੁਣਾਉਂਦੇ ਹੋਏ ਕਿਹਾ ਕਿ ਪਟੀਸ਼ਨ ਰੱਦ ਕੀਤੀ ਜਾਂਦੀ ਹੈ। ਕਾਨੂੰਨ ਹੇਠ ਇਸਲਾਮ ਦੁਬਾਰਾ ਅਪੀਲ ਅਦਾਲਤ ਵਿੱਚ ਹੀ ਫੈਸਲੇ ਦੀ ਸਮੀਖਿਆ ਦੀ ਅਪੀਲ ਕਰ ਸਕਦੇ ਹਨ ਅਤੇ ਦੁਬਾਰਾ ਅਪੀਲ ਰੱਦ ਹੋਣ ਪਿੱਛੋਂ ਰਾਸ਼ਟਰਪਤੀ ਤੋਂ ਮੁਆਫੀ ਮੰਗਣ ਦਾ ਰਸਤਾ ਬਚੇਗਾ। ਇਸ ਤੋਂ ਪਹਿਲਾਂ ਰਾਸ਼ਟਰਪਤੀ ਅਬਦੁਲ ਹਾਮਿਦ ਜੰਗੀ



ਅਪਰਾਧ ਨਾਲ ਜੁੜੇ ਅਜਿਹੇ ਕੇਸਾਂ ਦੀ ਰਹਿਮ ਦੀ ਅਰਜ਼ੀ ਰੱਦ ਕਰ ਚੁੱਕੇ ਹਨ। ਇਸਲਾਮ ਨੇ 28 ਜਨਵਰੀ 2015 ਨੂੰ ਸੁਪਰੀਮ ਕੋਰਟ ਵਿੱਚ ਦਾਇਰ ਪਟੀਸ਼ਨ ਵਿੱਚ ਅੰਤਰਰਾਸ਼ਟਰੀ ਅਪਰਾਧ ਟ੍ਰਿਬਿਊਨਲ ਦੇ ਫੈਸਲੇ ਨੂੰ ਚੁਣੌਤੀ ਦਿੱਤੀ ਸੀ, ਜਿਸ ਵਿੱਚ ਜੰਗੀ ਅਪਰਾਧ ਦੇ ਲਈ ਉਸ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਸੀ। ਉਸ ਨੂੰ 2012 ਵਿੱਚ ਢਾਕਾ ਦੇ ਮੋਘ ਬਾਜ਼ਾਰ ਦੇ ਉਸ ਦੇ ਘਰੋਂ ਫੜਿਆ ਗਿਆ ਸੀ ਅਤੇ ਅਜੇ ਉਹ ਕਾਸ਼ਿਮਪੁਰ ਜੇਲ ਵਿੱਚ ਬੰਦ ਹੈ। ਵਰਨਣ ਯੋਗ ਹੈ ਕਿ ਬੰਗਲਾ ਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦੀ ਆਵਾਮੀ ਲੀਗ ਸਰਕਾਰ ਨੇ 1971 ਦੇ ਜੰਗੀ ਅਪਰਾਧੀਆਂ ਨੂੰ ਮੌਤ ਦੀ ਸਜ਼ਾ ਦਿਵਾਉਣ ਦੀ ਪਹਿਲ ਕੀਤੀ ਸੀ। ਇਸਲਾਮ ਦਾ ਕੇਸ ਅਜਿਹਾ 8ਵਾਂ ਹੈ, ਜਿਸ ਦਾ ਆਖਰੀ ਫੈਸਲਾ ਆਇਆ ਹੈ। 6 ਦੋਸ਼ੀਆਂ ਵਿੱਚੋਂ 5 ਨੂੰ ਮੌਤ ਦੀ ਸਜ਼ਾ ਦਿੱਤੀ ਗਈ ਹੈ ਅਤੇ ਇਨ੍ਹਾਂ ਵਿੱਚੋਂ ਪੰਜ ਜਣੇ ਜਮਾਤ ਦੇ ਨੇਤਾ ਸਨ। 6ਵਾਂ ਦੋਸ਼ੀ ਸਾਬਕਾ ਪ੍ਰਧਾਨ ਮੰਤਰੀ ਖਾਲਿਦਾ ਜ਼ੀਆ ਦੀ ਪਾਰਟੀ ਦਾ ਮੈਂਬਰ ਹੈ, ਜੋ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ 10 ਸਾਲ ਦੀ ਸਜ਼ਾ ਕੱਟ ਰਹੀ ਹੈ।

## ਫਲਾਈਟ ਲੇਟ ਹੋਣ ਉੱਤੇ ਗਾਲ੍ਹਾਂ ਕੱਢਦੀ ਅਭਿਨੇਤਰੀ ਨੂੰ ਘੜੀਸ ਕੇ ਬਾਹਰ ਕੱਢਿਆ

ਮਾਸਕੋ, 31 ਅਕਤੂਬਰ (ਪੋਸਟ ਬਿਊਰੋ)- ਅਕਸਰ ਯਾਤਰਾ ਦੌਰਾਨ ਜਹਾਜ਼ ਲੇਟ ਹੋ ਜਾਂਦੇ ਹਨ, ਜਿਸ ਕਾਰਨ ਯਾਤਰੀਆਂ ਨੂੰ ਬਹੁਤ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ, ਪਰ ਰੂਸ ਵਿੱਚ ਇਕ ਜਹਾਜ਼ ਲੇਟ ਹੋ ਜਾਣ ਕਾਰਨ ਪ੍ਰਸਿੱਧ ਅਭਿਨੇਤਰੀ ਇੰਨਾਂ ਗੁੱਸੇ ਹੋ ਗਈ ਕਿ ਉਸ ਨੇ ਨੇੜੇ ਬੈਠੇ ਲੋਕਾਂ ਨੂੰ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ। ਅਭਿਨੇਤਰੀ ਦੇ ਇਸ ਵਤੀਰੇ ਨੂੰ ਦੇਖਦੇ ਹੋਏ ਲੋਕਾਂ ਨੇ ਇਸ ਉੱਤੇ ਇਤਰਾਜ਼ ਕੀਤਾ। ਇਸ ਤੋਂ ਬਾਅਦ ਹੰਗਾਮਾ ਹੁੰਦਾ ਦੇਖ ਕੇ ਸੁਰੱਖਿਆ ਕਰਮਚਾਰੀਆਂ ਨੇ ਅਭਿਨੇਤਰੀ ਨੂੰ ਘੜੀਸ ਕੇ ਜਹਾਜ਼ ਤੋਂ ਬਾਹਰ ਕੱਢ ਦਿੱਤਾ।

ਇਸ ਪੂਰੀ ਘਟਨਾ ਦੀ ਇਕ ਵੀਡੀਓ ਸਾਹਮਣੇ ਆਈ ਹੈ, ਜਿਸ ਵਿੱਚ ਦੇਖਿਆ ਜਾ ਸਕਦਾ ਹੈ ਕਿ ਅਭਿਨੇਤਰੀ ਨੂੰ ਸੁਰੱਖਿਆ ਕਰਮਚਾਰੀ ਘੜੀਸ ਕੇ ਬਾਹਰ ਰਨਵੇਅ ਉੱਤੇ ਲਿਜਾ ਰਹੇ ਹਨ। ਅਭਿਨੇਤਰੀ ਦੇ ਗਾਲ੍ਹਾਂ ਕੱਢਣ ਤੋਂ ਬਾਅਦ ਲੋਕਾਂ ਦੀ ਸ਼ਿਕਾਇਤ ਉੱਤੇ ਸੁਰੱਖਿਆ ਕਰਮਚਾਰੀ ਆਉਂਦੇ ਅਤੇ ਅਭਿਨੇਤਰੀ



ਨੂੰ ਉਸ ਦੀ ਸੀਟ ਤੋਂ ਖਿੱਚ ਕੇ ਬਾਹਰ ਕੱਢਦੇ ਹਨ ਤੇ ਇਸ ਤੋਂ ਬਾਅਦ ਇਕ ਹੋਰ ਮਹਿਲਾ ਸੁਰੱਖਿਆ ਕਰਮਚਾਰੀ ਆ ਕੇ ਅਭਿਨੇਤਰੀ ਨੂੰ ਧੱਕੇ ਮਾਰ ਕੇ ਬਾਹਰ ਕੱਢਦੀ ਹੈ।

ਮਿਲੀ ਜਾਣਕਾਰੀ ਮੁਤਾਬਕ ਇਹ ਘਟਨਾ ਮਾਸਕੋ ਏਅਰਪੋਰਟ ਦੀ ਹੈ। ਅਭਿਨੇਤਰੀ ਦਾ ਨਾਂ ਲਿਡਿਯਾ ਵੈਲੇਜੇਵਾ ਹੈ। ਉਹ ਇਕ ਪਲੇਅ ਵਿੱਚ ਹਿੱਸਾ ਲੈਣ ਲਈ ਏਰੋਫਲੋਟ ਏਅਰਲਾਈਨ ਰਾਹੀਂ ਮਾਸਕੋ ਤੋਂ ਤੇਲ ਅਵੀਵ ਚੱਲੀ ਸੀ, ਪਰ ਉਸ ਦਾ ਜਹਾਜ਼ ਦੋ ਘੰਟੇ ਲੇਟ ਹੋ ਗਿਆ, ਜਿਸ ਪਿੱਛੋਂ ਅਭਿਨੇਤਰੀ ਨੇ ਗਲਤ ਵਤੀਰਾ ਸ਼ੁਰੂ ਕਰ ਦਿੱਤਾ ਤਾਂ ਉਸ ਨੂੰ ਧੱਕੇ ਮਾਰ ਕੇ ਜਹਾਜ਼ ਤੋਂ ਬਾਹਰ ਕਰ ਦਿੱਤਾ ਗਿਆ।

## ਬਗਦਾਦੀ ਦਾ ਸੁਰਾਗ ਦੇਣ ਵਾਲੇ ਨੂੰ ਕਰੋੜਾਂ ਮਿਲਣਗੇ

ਵਾਸ਼ਿੰਗਟਨ, 31 ਅਕਤੂਬਰ (ਪੋਸਟ ਬਿਊਰੋ)- ਦੁਨੀਆ ਦੇ ਸਭ ਤੋਂ ਖਤਰਨਾਕ ਅੱਤਵਾਦੀ ਸੰਗਠਨ ਇਸਲਾਮਕ ਸਟੇਟ (ਆਈ ਐੱਸ) ਦੇ ਸਰਗਨਾ ਅਬੂ ਬਕਰ ਅਲ ਬਗਦਾਦੀ ਦੇ ਖਾਤਮੇ ਵਿੱਚ ਉਸ ਦੇ ਇੱਕ ਕਰੀਬੀ ਵਿਅਕਤੀ ਦੀ ਭੂਮਿਕਾ ਸੀ। ਉਸ ਨੇ ਅਜਿਹੇ ਅਹਿਮ ਸੁਰਾਗ ਦਿੱਤੇ, ਜਿਨ੍ਹਾਂ ਨਾਲ ਅਮਰੀਕੀ ਫੌਜੀ ਮੁਹਿੰਮ ਵਿੱਚ ਸਫਲਤਾ ਮਿਲੀ। ਇਸ ਦੇ ਬਾਅਦ ਅਮਰੀਕਾ ਇੱਕ ਨਵਾਂ ਐਲਾਨ ਕਰਨ ਵਾਲਾ ਹੈ। ਉਹ ਬਗਦਾਦੀ ਦੇ ਸਹੀ ਟਿਕਾਣੇ ਦੀ ਜਾਣਕਾਰੀ ਦੇਣ ਵਾਲੇ ਨੂੰ ਇਨਾਮ ਦੇਣ ਵਾਲੇ ਕਰੋੜਾਂ ਦਾ ਇਨਾਮ ਦੇਣ ਬਾਰੇ ਸੋਚ ਰਿਹਾ ਹੈ।

ਪਤਾ ਲੱਗਾ ਹੈ ਕਿ ਅਮਰੀਕਾ ਬਗਦਾਦੀ ਦੇ ਸਿਰ 'ਤੇ ਰੱਖੇ ਢਾਈ ਕਰੋੜ ਡਾਲਰ ਦੇ ਇਨਾਮ ਦਾ ਕੁਝ ਜਾਂ ਪੂਰਾ ਹਿੱਸਾ ਇਸ ਵਿਅਕਤੀ ਨੂੰ ਦੇ ਸਕਦਾ ਹੈ। ਬਗਦਾਦੀ ਦੇ ਬਾਰੇ ਸੂਚਨਾ ਦੇਣ ਵਾਲੇ ਆਈ ਐੱਸ ਦੇ ਇਸ ਮੈਂਬਰ ਦੀ ਪਛਾਣ ਜ਼ਾਹਿਰ ਨਹੀਂ ਕੀਤੀ ਗਈ। ਡੇਲੀ ਮੇਲ ਅਖਬਾਰ ਵਿੱਚ ਸੀਰੀਆਈ ਡੈਮੋਕ੍ਰੇਟਿਕ ਫੋਰਸਿਜ਼ (ਐੱਸ ਐੱਫ ਡੀ) ਦੇ ਜਨਰਲ ਮਜਲੂਸ ਅਬਦੀ ਦੇ ਹਵਾਲੇ ਨਾਲ ਕਿਹਾ ਹੈ, ਤੁਰਕੀ ਸੀਮਾ ਦੇ ਨੇੜੇ ਸੀਰੀਆ ਦੇ ਜਿਸ ਕੰਪਲੈਕਸ ਵਿੱਚ ਬਗਦਾਦੀ ਰਹਿੰਦਾ ਸੀ, ਉਥੇ ਸਾਡਾ ਇੱਕ ਆਦਮੀ ਵੀ ਸੀ। ਉਸ ਨੇ ਹਰ ਕਮਰੇ ਦੀ ਜਾਣਕਾਰੀ ਦੇਣ ਦੇ ਨਾਲ ਬਗਦਾਦੀ ਦੀ ਸਹੀ ਲੋਕੇਸ਼ਨ ਦੱਸੀ ਸੀ। ਕੰਪਲੈਕਸ ਵਿਚਲੇ ਆਈ ਐੱਸ ਕਾਰਿੰਦਿਆਂ ਦੇ ਇਲਾਵਾ ਉਸ ਨੇ ਘਰ ਦਾ ਨਕਸ਼ਾ ਅਤੇ ਸੁਰੰਗਾਂ ਦੀ ਜਾਣਕਾਰੀ ਦਿੱਤੀ ਸੀ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬੀਤੇ ਐਤਵਾਰ ਬਗਦਾਦੀ ਦੇ ਮਾਰੇ ਜਾਣ ਦਾ ਐਲਾਨ ਕੀਤਾ ਸੀ।


FIRST CHOICE FINANCIAL LIMITED

TRUCK LOANS

ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ

ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing

- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact

Rajdeep: 647.707.4167

Office: 905.678.2424


## ਵੂਲਵਰਥਸ ਕੰਪਨੀ ਨੇ ਮੁਲਾਜ਼ਮਾਂ ਨੂੰ ਘੱਟ ਤਨਖਾਹ ਦੇਣ ਦੀ ਗੱਲ ਮੰਨੀ

ਸਿਡਨੀ, 31 ਅਕਤੂਬਰ (ਪੋਸਟ ਬਿਊਰੋ)- ਆਸਟਰੇਲੀਆ ਦੀ ਪ੍ਰਚੂਨ ਖੇਤਰ ਦੀ ਵੱਡੀ ਕੰਪਨੀ ਵੂਲਵਰਥਸ ਨੇ ਆਪਣੇ ਕਾਮਿਆਂ ਨੂੰ 30 ਕਰੋੜ ਆਸਟਰੇਲੀਆਈ ਡਾਲਰ ਤਨਖਾਹ ਦਾ ਘੱਟ ਭੁਗਤਾਨ ਕਰਨ ਦੀ ਗੱਲ ਮੰਨ ਲਈ ਹੈ। ਵੱਡੀਆਂ ਕੰਪਨੀਆਂ ਵੱਲੋਂ ਆਪਣੇ ਕਰਮਚਾਰੀਆਂ ਨੂੰ ਨਿਰਧਾਤ ਤੋਂ ਘੱਟ ਤਨਖਾਹ ਦੇਣ ਦਾ ਇਹ ਨਵਾਂ ਕੇਸ ਹੈ। ਇਸ ਦੇਸ਼ ਦੀ ਸਭ ਤੋਂ ਵੱਡੀ ਗਰਾਸਰੀ ਚੇਨ ਵੱਲੋਂ ਕਰਮਚਾਰੀਆਂ ਨੂੰ ਘੱਟ ਤਨਖਾਹ ਦੇਣ ਦਾ ਇਹ ਸਭ ਤੋਂ ਵੱਡਾ ਕੇਸ ਹੈ। ਵੂਲਵਰਥਸ ਨੇ ਆਪਣੇ 5700 ਕਾਮਿਆਂ ਨੂੰ 2019 ਤੋਂ ਕਰੀਬ 20 ਤੋਂ 30 ਕਰੋੜ ਆਸਟਰੇਲੀਆਈ ਡਾਲਰ ਦਾ ਘੱਟ ਭੁਗਤਾਨ ਕੀਤਾ ਹੈ। ਕੰਪਨੀ ਦੇ ਮੁੱਖ ਕਾਰਜਕਾਰੀ ਬ੍ਰੈਡ ਬੰਡੁਕਕੀ ਨੇ ਇਸ ਦੀ ਮੁਆਫੀ ਮੰਗੀ ਹੈ। ਉਨ੍ਹਾਂ ਕਿਹਾ ਕਿ ਫਿਲਹਾਲ ਸਾਡੀ ਉਚ ਤਰਜੀਹ ਇਸ ਨੂੰ ਠੀਕ ਕਰਨਾ ਹੈ। ਅਸੀਂ ਇਹ ਯਕੀਨੀ ਕਰਾਂਗੇ ਕਿ ਭਵਿੱਖ ਵਿੱਚ ਅਜਿਹਾ ਦੁਬਾਰਾ ਨਾ ਹੋਵੇ। ਪ੍ਰਚੂਨ ਕੰਪਨੀ ਨੇ ਕਿਹਾ ਹੈ ਕਿ ਉਹ ਕ੍ਰਿਸਮਸ ਤੋਂ ਪਹਿਲਾਂ ਆਪਣੇ ਕਾਮਿਆਂ ਨੂੰ ਵਿਆਜ ਸਣੇ ਭੁਗਤਾਨ ਕਰੇਗੀ। ਇਸ ਵਿੱਚ ਰਿਟਾਇਰਮੈਂਟ ਲਾਭ ਵੀ ਸ਼ਾਮਲ ਹਨ। ਯੂਨੀਅਨ ਨੇ ਚਿਤਾਵਨੀ ਦਿੱਤੀ ਹੈ ਕਿ ਆਸਟਰੇਲੀਆ ਵਿੱਚ ਕਾਮਿਆਂ ਨੂੰ ਘੱਟ ਤਨਖਾਹ ਭੁਗਤਾਨ ਦਾ ਇੱਕ ਰੁਝਾਨ ਬਣਦਾ ਜਾ ਰਿਹਾ ਹੈ।

## ਗ੍ਰੇਟਾ ਥਨਬਰਗ ਨੇ ਵਾਤਵਰਨ ਐਵਾਰਡ ਲੈਣ ਤੋਂ ਇਨਕਾਰ ਕੀਤਾ

ਸਟਾਕਹੋਮ, 31 ਅਕਤੂਬਰ (ਪੋਸਟ ਬਿਊਰੋ)- ਸਵੀਡਨ ਦੀ ਰਹਿਣ ਵਾਲੀ ਜਲਵਾਯੂ ਕਾਰਜਕਰਤਾ ਗ੍ਰੇਟਾ ਥਨਬਰਗ ਨੇ ਇੱਕ ਵਾਤਾਵਰਨ ਐਵਾਰਡ ਲੈਣ ਤੋਂ ਬੀਤੀ ਦਿਨੀਂ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਜਲਵਾਯੂ ਅਭਿਆਨ 'ਚ ਜ਼ਰੂਰਤ ਇਸ ਗੱਲ ਦੀ ਹੈ ਕਿ ਸੱਤਾ 'ਚ ਬੈਠੇ ਲੋਕ ਇਨਾਮ ਦੇਣ ਦੀ ਥਾਂ 'ਵਿਗਿਆਨ' ਦੀ ਪੇਸ਼ਕਾਰੀ ਸ਼ੁਰੂ ਕਰਨ।

ਨੌਜਵਾਨ ਜਲਵਾਯੂ ਕਾਰਜਕਰਤਾ 16 ਸਾਲਾ ਥਨਹਰਗ ਦੀ 'ਫ੍ਰਾਈਡੇ ਫਾਰ ਫਿਊਚਰ' ਮੁਹਿੰਮ ਦੇ ਪੱਖ ਵਿੱਚ ਲੱਖਾਂ ਲੋਕ ਆ ਚੁੱਕੇ ਹਨ। ਥਨਬਰਗ ਓਦੋਂ ਚਰਚਾ ਵਿੱਚ ਆਈ ਸੀ, ਜਦੋਂ ਅਗਸਤ 2018 ਵਿੱਚ ਉਸ ਨੇ ਰੋਜ਼ ਸਵੀਡਨ



ਦੀ ਪਾਰਲੀਮੈਂਟ ਦੇ ਬਾਹਰ ਧਰਨਾ ਦੇਣਾ ਸ਼ੁਰੂ ਕੀਤਾ ਸੀ। ਉਹ ਹੱਥਾਂ 'ਚ ਇੱਕ ਤਖਤੀ ਲੈ ਕੇ ਉਥੇ ਰਹਿੰਦੀ ਸੀ ਜਿਸ ਉਤੇ ਲਿਖਿਆ ਹੁੰਦਾ ਸੀ: 'ਜਲਵਾਯੂ ਖਾਤਰ ਸਕੂਲ ਦੀ ਹੜਤਾਲ'। ਅੰਤਰ ਪਾਰਲੀਮੈਂਟਰੀ ਸਹਿਯੋਗ ਦੇ ਲਈ ਖੇਤਰੀ ਸੰਸਥਾ ਨਾਰਡਿਕ ਕੌਂਸਲ ਵੱਲੋਂ ਸਟਾਕਹੋਮ ਵਿੱਚ ਕਰਵਾਏ ਸਮਾਰੋਹ 'ਚ ਥਨਬਰਗ ਨੂੰ ਇਸ ਸਨਮਾਨ ਲਈ ਚੁਣਿਆ ਗਿਆ ਸੀ। ਥਨਬਰਗ ਦੀਆਂ ਕੋਸ਼ਿਸ਼ਾਂ ਲਈ ਉਸ ਨੂੰ ਸਵੀਡਨ ਤੇ ਨਾਰਵੇ ਦੋਵਾਂ ਨੇ ਨਾਮਜ਼ਦ ਕੀਤਾ ਸੀ। ਉਸ ਨੇ ਸੰਗਠਨ ਦਾ ਸਾਲਾਨਾ ਵਾਤਾਵਰਨ ਇਨਾਮ ਜਿੱਤਿਆ ਸੀ। ਟੀ ਟੀ ਸਮਾਚਾਰ ਏਜੰਸੀ ਨੇ ਦੱਸਿਆ ਕਿ ਇਨਾਮ ਦੇ ਐਲਾਨ ਪਿੱਛੋਂ ਥਨਬਰਗ ਦੇ ਇੱਕ ਪ੍ਰਤੀਨਿਧੀ ਨੇ ਦਰਸ਼ਕਾਂ ਨੂੰ ਦੱਸਿਆ ਕਿ ਉਹ ਇਹ ਇਨਾਮ ਤੇ 52,000 ਡਾਲਰ ਪ੍ਰਵਾਨ ਨਹੀਂ ਕਰੇਗੀ। ਉਸ ਨੇ ਇੰਸਟਾਗ੍ਰਾਮ 'ਤੇ ਆਪਣੇ ਇਸ ਫੈਸਲੇ ਨੂੰ ਸਾਂਝਾ ਕੀਤਾ ਅਤੇ ਲਿਖਿਆ ਕਿ ਜਲਵਾਯੂ ਮੁਹਿੰਮ ਨੂੰ ਇਨਾਮਾਂ ਦੀ ਲੋੜ ਨਹੀਂ, ਲੋੜ ਇਸ ਗੱਲ ਦੀ ਹੈ ਕਿ ਸੱਤਾ 'ਚ ਬੈਠੇ ਲੋਕ ਸਰਬੋਤਮ ਵਿਗਿਆਨ ਦੀ ਪੇਸ਼ਕਾਰੀ ਕਰਨੀ ਸ਼ੁਰੂ ਕਰ ਦੇਣ।


MICHELIN Hankook Continental ROADLUX BFGoodrich AEOLUS COMPASAL Chevron Delo

Special OIL CHANGE Rates

BEST TRUCK REPAIR & TIRE CENTRE

We also Specialize in Engine, AC, Transmission, Differential Rebuild, Safety Inspection & All Kinds of Electric Work

ਟਰੱਕਾਂ ਦੀ ਸਸਤੀ ਏ-ਸੀ ਰਿਪੇਅਰ ਤੇ ਟਾਇਰਾਂ ਦੀ ਭਾਰੀ ਸੇਲ

SPECIAL ON TRUCK ALIGNMENT BRAND NEW MACHINES 2018

Brake & Drum -Made in U.S - On Special Sale!

Special Sale 4 CAT Batteries $550 with Installation

Special Sale on Smartway Approved Tires $245 each

4 Mechanics Needed Urgently

www.besttruckrepairandtire.ca | Email: ranjitbesttruck@yahoo.ca

7 ਦਿਨ ਖੁੱਲਾ

30 Truck Parking Also Available!

1715 Sismet Rd, Mississauga | Call Ranjit: 416.624.8351 | Tel: 905.625.0055

# ਆਸਟ੍ਰੇਲੀਆ ਵਿੱਚ ਪੰਜਾਬੀ ਡਰਾਈਵਰ ਨੇ ਇਮਾਨਦਾਰੀ ਨਾਲ 10 ਹਜ਼ਾਰ ਡਾਲਰ ਵਾਪਸ ਕੀਤੇ



ਮੈਲਬੌਰਨ, 31 ਅਕਤੂਬਰ (ਪੋਸਟ ਬਿਊਰੋ)- ਪੰਜਾਬੀ ਓਬਰ ਡਰਾਈਵਰ ਨੇ ਇਮਾਨਦਾਰੀ ਦਿਖਾਉਂਦਿਆਂ ਗਾਹਕ ਦੇ 10 ਹਜ਼ਾਰ ਡਾਲਰ ਵਾਪਸ ਕਰਕੇ ਭਾਈਚਾਰੇ ਦਾ ਨਾਂਅ ਰੌਸ਼ਨ ਕੀਤਾ ਹੈ।

ਪਤਾ ਲੱਗਾ ਹੈ ਕਿ ਗੁਰਬਿੰਦਰ ਸਿੰਘ, ਜੋ ਓਬਰ ਟੈਕਸੀ ਚਲਾਉਂਦਾ ਹੈ, ਨੇ ਇੱਕ ਸਵਾਰੀ ਨੂੰ ਚੁੱਕਿਆ ਅਤੇ ਜਾਣ ਸਮੇਂ ਉਹ ਉਸ ਦੀ ਕਾਰ 'ਚ ਆਪਣਾ ਪਰਸ ਭੁੱਲ ਗਈ। ਜਦੋਂ ਡਰਾਈਵਰ ਨੇ ਆਪਣੀ ਗੱਡੀ 'ਚ ਉਹ ਪਰਸ ਦੇਖਿਆ ਤਾਂ ਉਸ 'ਚ ਵੱਡੀ ਰਕਮ ਅਤੇ ਹੋਰ ਕਈ ਕੀਮਤੀ ਦਸਤਾਵੇਜ਼ ਸਨ। ਉਸ ਨੇ ਉਹ ਧਨ ਵਾਪਸ ਕਰਕੇ ਮਿਸਾਲ ਕਾਇਮ ਕਰ ਦਿੱਤੀ ਹੈ। ਜਿਸ ਸਵਾਰੀ ਦੇ ਪੈਸੇ ਸਨ, ਉਸ ਨੇ ਉਸ ਦਾ ਬਹੁਤ ਧੰਨਵਾਦ ਕੀਤਾ ਅਤੇ ਕਿਹਾ ਕਿ ਉਸ ਨੇ ਬਹੁਤ ਮਿਹਨਤ ਨਾਲ ਇਹ ਪੈਸਾ ਇਕੱਠਾ ਸੀ। ਉਸ ਨੇ ਕਿਹਾ ਕਿ ਇਮਾਨਦਾਰੀ ਦੀ ਬਹੁਤ ਵੱਡੀ ਮਿਸਾਲ ਮੇਰੇ ਸਾਹ-ਮਣੇ ਹੈ, ਮੈਂ ਕਦੇ ਵੀ ਭੁੱਲ ਨਹੀਂ ਸਕਦੀ। ਗੁਰਬਿੰਦਰ ਸਿੰਘ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਧਿਆਨਪੁਰ ਦਾ ਰਹਿਣ ਵਾਲਾ ਹੈ ਅਤੇ 2009 ਵਿੱਚ ਇਥੇ ਆਇਆ ਸੀ। ਉਸ ਨੇ ਇਸ ਬਾਰੇ ਕਿਹਾ ਕਿ ਉਸ ਨੇ ਜੋ ਕੀਤਾ ਹੈ, ਸਿੱਖੀ ਸਿਧਾਂਤਾਂ ਨੂੰ ਮੁੱਖ ਰੱਖ ਕੇ ਕੀਤਾ ਹੈ ਅਤੇ ਉਸ ਨੂੰ ਮਾਣ ਹੈ ਕਿ ਉਸ ਨੇ ਆਪਣਾ ਫਰਜ਼ ਨਿਭਾਇਆ ਹੈ।

# ਨੀਰਵ ਮੋਦੀ ਨੇ ਤਣਾਅ ਦੇ ਨਾਂਅ ਉੱਤੇ ਜ਼ਮਾਨਤ ਦੀ ਨਵੀਂ ਅਰਜ਼ੀ ਦੇ ਦਿੱਤੀ



ਲੰਡਨ, 31 ਅਕਤੂਬਰ (ਪੋਸਟ ਬਿਊਰੋ)- ਲੰਡਨ ਦੀ ਜੇਲ੍ਹ ਵਿੱਚ ਕੈਦ ਭਗੌੜੇ ਹੀਰਾ ਕਾਰੋਬਾਰੀ ਅਤੇ ਦੋ ਅਰਬ ਡਾਲਰ ਦੇ ਪੀ ਐਨ ਬੀ ਘੋਟਾਲੇ ਵਿੱਚ ਭਗੌੜੇ ਨੀਰਵ ਮੋਦੀ ਨੇ ਨਵੀਂ ਜ਼ਮਾਨਤ ਅਰਜ਼ੀ ਦਾਖਲ ਕੀਤੀ। ਇਸ ਵਾਰ ਉਸ ਨੇ ਡਿਪਰੈਸ਼ਨ ਅਤੇ ਤਣਾਅ ਹੋਣ ਦਾ ਹਵਾਲਾ ਦੇ ਕੇ ਜ਼ਮਾਨਤ ਮੰਗੀ ਹੈ। ਇਸ 'ਤੇ ਕੋਰਟ ਛੇ ਨਵੰਬਰ ਨੂੰ ਸੁਣਵਾਈ ਕਰੇਗਾ।

ਅਦਾਲਤ ਦੇ ਅਧਿਕਾਰੀ ਨੇ ਦੱਸਿਆ ਕਿ ਜ਼ਮਾਨਤ ਲਈ ਨੀਰਵ ਦੀ ਨਵੀਂ ਅਰਜ਼ੀ ਦੀ ਸੁਣਵਾਈ ਵੈਸਟਮਿੰਸਟਰ ਮੈਜਿਸਟਰੇਟ ਦੀ ਅਦਾਲਤ ਵਿੱਚ ਹੋਵੇਗੀ। ਉਸ ਨੂੰ ਜੇਲ੍ਹ ਤੋਂ ਵੀਡੀਓ ਕਾਨਫਰੰਸਿੰਗ ਦੇ ਰਾਹੀਂ ਹਾਜ਼ਰ ਹੋਣਾ ਪਵੇਗਾ। ਇਸੇ ਸਾਲ ਮਾਰਚ ਵਿੱਚ ਹਵਾਲਗੀ ਵਾਰੰਟ ਜਾਰੀ ਹੋਣ ਦੇ ਬਾਅਦ ਨੀਰਵ ਦੀ ਜ਼ਮਾਨਤ ਦੀ ਇਹ ਪੰਜਵੀਂ ਕੋਸ਼ਿਸ਼ ਹੈ। ਇਸ ਤੋਂ ਪਹਿਲਾਂ ਵੀ ਨੀਰਵ ਮੋਦੀ ਦੀ ਵਕੀਲ ਬੈਰਿਸਟਰ ਕਲੇਅਰ ਮਾਂਟਗੋਮਰੀ ਨੇ ਜੂਨ ਵਿੱਚ ਬ੍ਰਿਟੇਨ ਦੇ ਹਾਈ ਕੋਰਟ ਵਿੱਚ ਇੱਕ ਬੰਦ ਲਿਫਾਫੇ ਵਿੱਚ ਦਿੱਤੇ ਦਸਤਾਵੇਜ਼ ਵਿੱਚ ਜ਼ਮਾਨਤ ਪਟੀਸ਼ਨ ਲਈ ਉਨ੍ਹਾਂ ਨੂੰ ਮਾਨਸਿਕ ਪ੍ਰੇਸ਼ਾਨੀ ਹੋਣ ਦੀ ਦਲੀਲ ਦਿੱਤੀ ਸੀ। ਤਦ ਇਸ ਗੱਲ ਨੂੰ ਅਦਾਲਤੀ ਹੁਕਮ ਦੇ ਕਾਰਨ ਉਜਾਗਰ ਨਹੀਂ ਕੀਤਾ ਗਿਆ ਸੀ। ਪਿਛਲੀਆਂ ਸੁਣਵਾਈਆਂ ਵਿੱਚ ਵੈਸਟਮਿੰਸਟਰ ਮੈਜਿਸਟ੍ਰੇਟੀ ਅਦਾਲਤ ਨੇ ਕਿਹਾ ਸੀ ਕਿ ਨੀਰਵ ਮੋਦੀ ਪੀ ਐਨ ਬੀ ਘੋਟਾਲੇ ਵਿੱਚ ਪ੍ਰਮੁੱਖ ਲਾਭ ਪਾਤਰੀ ਹਨ। ਉਹ ਇਸ ਸਾਜ਼ਿਸ਼ ਦਾ ਪ੍ਰਮੁੱਖ ਹਿੱਸਾ ਵੀ ਹਨ। 48 ਸਾਲਾ ਨੀਰਵ ਮੋਦੀ 'ਤੇ ਲੰਡਨ ਵਿੱਚ ਭਾਰਤ ਹਵਾਲਗੀ ਦੇ ਲਈ ਸੁਣਵਾਈ ਚੱਲ ਰਹੀ ਹੈ। ਇਸੇ ਮਹੀਨੇ ਹੋਈ ਸੁਣਵਾਈ ਵਿੱਚ ਜੱਜ ਨੀਨਾ ਟੈਮਪੀਆ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਸੀ ਕਿ ਮੋਦੀ ਦੇ ਹਵਾਲਗੀ ਦੀ ਸੁਣਵਾਈ ਅਗਲੇ ਸਾਲ 11 ਅਤੇ 15 ਮਈ ਨੂੰ ਹੋਵੇਗੀ।

## ਏ ਜੇ ਐਲ ਜ਼ਮੀਨ ਕੇਸ ਵਿੱਚ ਭੁਪਿੰਦਰ ਹੁੱਡਾ ਤੇ ਵੋਹਰਾ ਨੂੰ ਕੱਚੀ ਜ਼ਮਾਨਤ ਮਿਲੀ

ਪੰਚਕੂਲਾ, 31 ਅਕਤੂਬਰ (ਪੋਸਟ ਬਿਊਰੋ)- ਏ ਜੇ ਐਲ ਪਲਾਟ ਵੰਡ ਦੇ ਕੇਸ ਦੀ ਸੁਣਵਾਈ ਕੱਲ੍ਹ ਵਿਸ਼ੇਸ਼ ਈ ਡੀ ਅਦਾਲਤ 'ਚ ਹੋਈ ਤਾਂ ਇਸ ਦੌਰਾਨ ਕੇਸ ਵਿੱਚ ਨਾਮਜ਼ਦ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਅਤੇ ਮੋਤੀ ਲਾਲ ਵੋਹਰਾ ਅਦਾਲਤ ਵਿੱਚ ਪੇਸ਼ ਹੋਏ। ਇਸ ਮੌਕੇ ਅਦਾਲਤ ਨੇ ਪੰਜ-ਪੰਜ ਲੱਖ ਰੁਪਏ ਦੇ ਮੁੱਚਲਕੇ ਭਰਨ 'ਤੇ ਭੁਪਿੰਦਰ ਸਿੰਘ ਹੁੱਡਾ ਤੇ ਮੋਤੀ ਲਾਲ ਵੋਹਰਾ ਨੂੰ ਅੰਤਰਿਮ ਜ਼ਮਾਨਤ ਦੇ ਦਿੱਤੀ ਹੈ। ਅਗਲੀ ਸੁਣਵਾਈ 6 ਨਵੰਬਰ ਨੂੰ ਹੋਵੇਗੀ।

ਕੱਲ੍ਹ ਮਾਮਲੇ ਦੀ ਸੁਣਵਾਈ ਦੌਰਾਨ ਭੁਪਿੰਦਰ ਸਿੰਘ ਹੁੱਡਾ ਅਤੇ ਮੋਤੀ ਲਾਲ ਵੋਹਰਾ ਅੰਤਰਿਮ ਜ਼ਮਾਨਤ ਨੂੰ ਲੈ ਕੇ ਸਰਕਾਰੀ ਪੱਖ ਅਤੇ ਬਚਾਅ ਪੱਖ ਵਿਚਕਾਰ ਬਹਿਸ ਹੋਈ, ਜਿਸ ਸਬੰਧੀ 6 ਨਵੰਬਰ ਨੂੰ ਈ ਡੀ ਆਪਣਾ ਜਵਾਬ ਦਾਖਲ ਕਰੇਗੀ। ਵਰਨਣ ਯੋਗ ਹੈ ਕਿ ਪੰਚਕੂਲਾ ਦੇ ਸੈਕਟਰ-6 ਵਿੱਚ ਪਲਾਟ ਨੰਬਰ ਸੀ-17 ਸਸਤੀ ਕੀਮਤ ਉਤੇ ਦਿੱਤਾ ਗਿਆ ਸੀ। ਇਸ ਮਾਮਲੇ ਸਬੰਧੀ ਇਨਫੋਰਸਮੈਂਟ ਡਾਇਰੈਕਟੋਰੇਟ ਵੱਲੋਂ ਜਾਂਚ ਕੀਤੀ ਜਾ ਰਹੀ ਹੈ।

# 550ਵਾਂ ਪ੍ਰਕਾਸ਼ ਪੁਰਬ ਸਾਂਝੇ ਤੌਰ 'ਤੇ ਮਨਾਉਣ ਦੀਆਂ ਕੋਸ਼ਿਸ਼ਾਂ ਵਿੱਚ ਅੜਿੱਕੇ ਡਾਹ ਰਿਹਾ ਅਕਾਲੀ ਦਲ: ਕੈਪਟਨ



ਡੇਰਾ ਬਾਬਾ ਨਾਨਕ/ਸੁਲਤਾਨਪੁਰ ਲੋਧੀ, 31 ਅਕਤੂਬਰ (ਗਿਆਨ ਸਿੰਘ)- ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਪਵਿੱਤਰ ਮੌਕੇ ਦਾ ਸਿਆਸੀਕਰਨ ਲਈ ਸ਼੍ਰੋਮਣੀ ਅਕਾਲੀ ਦਲ 'ਤੇ ਨਿਸ਼ਾਨਾ ਸਾਧਦਿਆਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਇਸ ਇਤਿਹਾਸਕ ਦਿਹਾੜੇ ਨੂੰ ਸਾਂਝੇ ਤੌਰ 'ਤੇ ਮਨਾਉਣ ਦੇ ਯਤਨਾਂ ਵਿੱਚ ਅਕਾਲੀਆਂ ਵੱਲੋਂ ਅੜਿੱਕੇ ਡਾਹੇ ਜਾ ਰਹੇ ਹਨ। ਇਸ ਦੇ ਨਾਲ ਹੀ ਉਨ੍ਹਾਂ ਨੇ ਪੰਜਾਬ ਦੇ ਮੰਤਰੀਆਂ, ਸੰਸਦ ਮੈਂਬਰਾਂ ਅਤੇ ਵਿਧਾਇਕਾਂ ਨੂੰ ਸ੍ਰੀ ਨਨਕਾਣਾ ਸਾਹਿਬ ਦੇ ਦਰਸ਼ਨਾਂ ਲਈ ਜਾਣ ਵਾਸਤੇ ਇਜਾਜ਼ਤ/ਵੀਜ਼ਾ ਦੇਣ ਤੋਂ ਇਨਕਾਰ ਕਰਨ ਦੀ ਸਖ਼ਤ ਆਲੋਚਨਾ ਕੀਤੀ।

ਅੱਜ ਯਾਦਗਾਰੀ ਸਮਾਗਮਾਂ ਲਈ ਕੀਤੇ ਗਏ ਪ੍ਰਬੰਧਾਂ ਦਾ ਜਾਇਜ਼ਾ ਲੈਂਦਿਆਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਮਹਾਨ ਦਿਹਾੜੇ ਨੂੰ ਉਨ੍ਹਾਂ ਦੀ ਸਰਕਾਰ ਸਿਆਸੀ ਵਖਰੇਵਿਆਂ ਤੋਂ ਉੱਪਰ ਉੱਠ ਕੇ ਸਾਂਝੇ ਤੌਰ 'ਤੇ ਮਨਾਉਣਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਇਹ ਸਮਾਗਮ ਸਾਂਝੇ ਰੂਪ ਵਿੱਚ ਮਨਾਉਣ ਲਈ ਸੂਬਾ ਸਰਕਾਰ ਪੂਰੀਆਂ ਕੋਸ਼ਿਸ਼ਾਂ ਕਰ ਰਹੀ ਹੈ ਪਰ ਸ਼੍ਰੋਮਣੀ ਅਕਾਲੀ ਦਲ ਹਰ ਹੱਥਕੰਡਾ ਵਰਤ ਕੇ ਇਨ੍ਹਾਂ ਕੋਸ਼ਿਸ਼ਾਂ ਨੂੰ ਲੀਹੋਂ ਲਾਹੁਣ ਦੀਆਂ ਘਟੀਆ ਚਾਲਾਂ ਚਲ ਰਿਹਾ ਹੈ। ਉਨ੍ਹਾਂ ਕਿਹਾ ਕਿ ਅਕਾਲੀ ਖਾਸ ਤੌਰ 'ਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਘਟੀਆ ਪੱਧਰ ਦੀ ਸਿਆਸਤ ਕਰ ਰਹੇ ਹਨ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਗੁਰੂ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮਾਗਮਾਂ ਲਈ ਉਨ੍ਹਾਂ ਦੀ ਸਰਕਾਰ ਨੇ 550 ਕਰੋੜ ਰੁਪਏ ਖਰਚੇ ਹਨ ਜਦਕਿ ਅਕਾਲੀ ਦਲ ਅਤੇ ਉਸ ਦੀ ਭਾਈਵਾਲ ਭਾਰਤੀ ਜਨਤਾ ਪਾਰਟੀ ਵੱਲੋਂ ਇਸ ਪਵਿੱਤਰ ਮੌਕੇ ਨੂੰ ਸਿਆਸੀ ਡਰਾਮੇ ਦਾ ਰੂਪ ਦਿੱਤਾ ਜਾ ਰਿਹਾ ਹੈ। ਮੁੱਖ ਮੰਤਰੀ ਨੇ ਆਪਣੇ ਕੈਬਨਿਟ ਸਾਥੀਆਂ ਅਤੇ ਪੰਜਾਬ ਦੇ ਹੋਰ ਨੁਮਾਇੰਦਿਆਂ ਨੂੰ ਪਾਕਿਸਤਾਨ ਵਿੱਚ ਗੁਰਦੁਆਰਾ ਨਨਕਾਣਾ ਸਾਹਿਬ ਜਾਣ ਲਈ ਵੀਜ਼ਾ ਦੇਣ ਤੋਂ ਇਨਕਾਰ ਕਰਨ ਨੂੰ ਬਹੁਤ ਹੀ ਮੰਦਭਾਗਾ ਦੱਸਿਆ। ਉਨ੍ਹਾਂ ਕਿਹਾ ਕਿ ਧਾਰਮਿਕ ਸਮਾਗਮਾਂ ਮੌਕੇ ਸਿਆਸਤ ਨੂੰ ਲਾਂਭੇ ਕਰ ਦੇਣਾ ਚਾਹੀਦਾ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਲਾਂਘੇ ਰਾਹੀਂ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜਾਣ ਵਾਲੇ ਸ਼ਰਧਾਲੂਆਂ ਲਈ ਤੈਅ ਕੀਤੀ 20 ਡਾਲਰ ਫੀਸ ਨੂੰ ਵਾਪਸ ਲੈਣ ਤੋਂ ਇਨਕਾਰ ਕਰਨ 'ਤੇ ਪਾਕਿਸਤਾਨ ਵਿਰੁੱਧ ਮੁੜ ਰੋਸ ਜ਼ਾਹਰ ਕੀਤਾ। ਉਨ੍ਹਾਂ ਨੇ ਇਮਰਾਨ ਖਾਨ ਦੀ ਅਗਵਾਈ ਵਾਲੀ ਪਾਕਿਸਤਾਨ ਸਰਕਾਰ ਨੂੰ ਸਿੱਖ ਭਾਵਨਾਵਾਂ ਤੇ ਰਵਾਇਤਾਂ ਨੂੰ ਮੱਦੇਨਜ਼ਰ ਰੱਖਦਿਆਂ ਫਰਾਖਦਿਲੀ ਦਿਖਾਉਣ ਲਈ ਆਖਿਆ। ਇਹ ਪੁੱਛੇ ਜਾਣ 'ਤੇ ਕਿ ਸ਼ਰਧਾਲੂਆਂ ਵੱਲੋਂ ਸੂਬਾ ਸਰਕਾਰ ਇਹ ਫੀਸ ਅਦਾ ਕਰਨ ਲਈ ਤਿਆਰ ਹੈ ਤਾਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਹ ਦਰਸ਼ਨਾਂ ਲਈ ਜਾਣ ਵਾਲੀ ਸੰਗਤ ਵਾਸਤੇ ਕਿਸੇ ਵੀ ਤਰ੍ਹਾਂ ਦੀ ਫੀਸ ਪਾਕਿਸਤਾਨ ਨੂੰ ਦੇਣ ਦੇ ਸਿਧਾਂਤਕ ਤੌਰ 'ਤੇ ਖਿਲਾਫ਼ ਹਨ। ਕਰਤਾਰਪੁਰ ਲਾਂਘੇ ਦੇ ਉਦਘਾਟਨ ਲਈ ਪਾਕਿਸਤਾਨ ਵੱਲੋਂ ਨਵਜੋਤ ਸਿੰਘ ਸਿੱਧੂ ਨੂੰ ਸੱਦਾ ਦਿੱਤੇ ਜਾਣ ਬਾਰੇ ਮੁੱਖ ਮੰਤਰੀ ਨੇ ਪੱਤਰਕਾਰਾਂ ਨੂੰ ਇਸ ਸਬੰਧ ਵਿੱਚ ਆਪਣੇ ਸਾਬਕਾ ਕੈਬਨਿਟ ਸਾਥੀ ਤੋਂ ਪੁੱਛਣ ਲਈ ਆਖਿਆ।

## ਪੈਦਲ ਚੱਲਣ ਤੇ ਸੌਣ ਦੇ ਮਾਮਲੇ ਵਿੱਚ ਸਭ ਤੋਂ ਪਿੱਛੇ ਹਨ ਭਾਰਤੀ

ਨਵੀਂ ਦਿੱਲੀ, 31 ਅਕਤੂਬਰ (ਪੋਸਟ ਬਿਊਰੋ)- ਕੰਮ ਕਰਨ ਦੇ ਮਾਮਲੇ ਵਿੱਚ ਬੇਸ਼ੱਕ ਭਾਰਤੀ ਸਭ ਤੋਂ ਅੱਗੇ ਹੋਣ, ਪਰੰਤੂ ਫਿਟਨੈਸ ਅਤੇ ਐਕਟਿਵ ਰਹਿਣ ਦੇ ਮਾਮਲੇ ਵਿੱਚ ਭਾਰਤੀ ਸਭ ਤੋਂ ਪਿੱਛੇ ਹਨ।

ਇੱਕ ਰਿਪੋਰਟ ਦੇ ਅਨੁਸਾਰ ਭਾਰਤੀ ਲੋਕ ਸਭ ਤੋਂ ਘੱਟ ਫੁਰਤੀਲੇ ਹੁੰਦੇ ਹਨ ਅਤੇ ਰੋਜ਼ ਔਸਤਨ ਸਿਰਫ 6553 ਕਦਮ ਹੀ ਚੱਲਦੇ ਹਨ, ਜੋ ਇਸ ਸਟੱਡੀ ਵਿੱਚ ਸ਼ਾਮਲ ਸਾਰੇ ਦੇਸ਼ਾਂ ਦੇ ਲੋਕਾਂ ਦੀ ਤੁਲਨਾ ਵਿੱਚ ਸਭ ਤੋਂ ਘੱਟ ਹੈ। ਅਮਰੀਕਾ, ਬ੍ਰਿਟੇਨ, ਜਾਪਾਨ ਅਤੇ ਸਿੰਗਾਪੁਰ ਸਮੇਤ 18 ਦੇਸ਼ਾਂ ਦੇ ਲੋਕਾਂ ਦੇ ਡਾਟਾ ਦੇ ਆਧਾਰ 'ਤੇ ਇਹ ਰਿਪੋਰਟ ਤਿਆਰ ਕੀਤੀ ਗਈ ਹੈ। ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਭਾਰਤੀ ਨੀਂਦ ਲੈਣ ਵਿੱਚ ਵੀ ਬਹੁਤ ਪਿੱਛੇ ਹਨ। ਜਾਪਾਨ ਦੇ ਬਾਅਦ ਭਾਰਤੀ ਦੂਸਰੇ ਨੰਬਰ 'ਤੇ ਹਨ, ਜੋ ਸਭ ਤੋਂ ਘੱਟ ਨੀਂਦ ਲੈਂਦੇ ਹਨ। ਭਾਰਤੀ ਔਸਤਨ ਰਾਤ ਵਿੱਚ ਸੱਤ ਘੰਟੇ ਇੱਕ ਮਿੰਟ ਹੀ ਸੌਂਦੇ ਹਨ। ਆਇਰਲੈਂਡ ਵਿੱਚ ਲੋਕ ਸਭ ਤੋਂ ਵੱਧ ਔਸਤਨ ਸੱਤ ਘੰਟੇ 57 ਮਿੰਟ ਯਾਨੀ ਕਰੀਬ ਅੱਠ ਘੰਟੇ ਸੌਂਦੇ ਹਨ। 18 ਦੇਸ਼ਾਂ ਤੋਂ ਇਕੱਠੇ ਕੀਤੇ ਡਾਟਾ ਦੇ ਆਧਾਰ 'ਤੇ ਕਿਹਾ ਗਿਆ ਹੈ ਕਿ ਭਾਰਤੀ ਦਿਨ ਵਿੱਚ ਔਸਤਨ 32 ਮਿੰਟ ਹੀ ਫੁਰਤੀਲੇ ਰਹਿੰਦੇ ਹਨ। ਇੰਨਾ ਹੀ ਨਹੀਂ ਹਾਂਗਕਾਂਗ ਦੇ ਲੋਕਾਂ ਦੀ ਤੁਲਨਾ ਵਿੱਚ ਭਾਰਤੀ ਰੋਜ਼ਾਨਾ 3600 ਕਦਮ ਘੱਟ ਚੱਲਦੇ ਹਨ।

A/Z CITY DRIVER WANTED
INNOVATION Transportation
∘A/Z City Drivers Needed
∘Good Pay and good Mileage
∘Day, Afternoon & Weekend Shifts
∘Weekly Pay
$22 /Hour
∘7 Days Work ∘All Shifts Available
Toronto ਤੋਂ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Girl Needed for Sharing Room
25 ਸਾਲ ਤੋਂ 40 ਸਾਲਾਂ ਤੱਕ ਲੜਕੀ ਦੀ ਲੋੜ ਹੈ
1 ਬੈਡਰੂਮ ਬੇਸਮੈਂਟ, ਰੈਂਟ ਸ਼ੇਅਰ ਕੀਤਾ ਜਾਵੇਗਾ, ਸਾਰੀਆਂ ਸਹੂਲਤਾਂ ਦੇ ਨੇੜੇ ਜਿਵੇਂ ਬੱਸ ਸਟੈਂਡ, ਗਰੋਸਰੀ ਸਟੋਰ, ਆਦਿ। ਕਾਰ ਪਾਰਕਿੰਗ ਵੀ ਉਪਲਬਧ ਹੈ।
Brampton (Airport & Bovaird)
437-236-8153

ਪੀਜ਼ਾ-ਪੀਜ਼ਾ ਦੀ ਫਰੈਂਚਾਇਜ਼ ਵਿਕਾਊ
ਬਿਜ਼ਨਸ CNE ਟਰਾਂਟੋ ਨੇੜੇ, ਬਹੁਤ ਵਧੀਆ ਲੋਕੇਸ਼ਨ, ਵਧੀਆ ਸੇਲ, ਬਹੁਤ ਘੱਟ ਰੈਂਟ ਤੇ ਇਹ ਲੋਕੇਸ਼ਨ ਪਿਛਲੇ 30 ਸਾਲਾਂ ਤੋਂ ਚੱਲ ਰਹੀ ਹੈ।
ਸਿਰਫ ਸਿਰੀਅਸ ਇੰਨਕਾਰੀ ਵਾਲੇ ਹੀ ਕਾਲ ਕਰਨ, ਰੀਅਲ ਐਸਟੇਟ ਵਾਲੇ ਵੀਰ ਕਾਲ ਨਾ ਕਰਨ
647-868-0954

Marriage Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੇਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਗਰੇਵਾਲ, ਉਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿਚ ਵੈਲ ਸੈਟਲਡ, ਤਲਾਕਸ਼ੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੁਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

ਸਿੱਖ ਲੜਕਾ, ਉਮਰ 25 ਸਾਲ, ਕਦ 5'8'', ਕੈਨੇਡਾ ਵਿੱਚ ਵਿਜੀਟਰ ਵੀਜਾ ਤੇ ਆਇਆ, ਪਤਨੀ Student Visa ਤੇ ਕੈਨੇਡਾ ਆਈ ਸੀ ਪਰ ਅਚਾਨਕ ਉਨ੍ਹਾਂ ਦੀ Death ਹੋ ਗਈ। ਲੜਕੇ ਦਾ 6 ਮਹੀਨੇ ਦਾ ਬੱਚਾ ਹੈ। ਬੱਚਾ ਆਪਣੇ ਦਾਦਾ/ਦਾਦੀ ਦੇ ਕੋਲ ਹੀ ਰਹੇਗਾ। ਇੰਡੀਆ ਵਿੱਚ ਚੰਗਾ ਕਾਰੋਬਾਰ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 416-558-4400 ਜਾਂ 647-335-5000

ਜੱਟ ਸਿੱਖ ਲੜਕਾ, ਉਮਰ 31 ਸਾਲ, ਕੱਦ 5'-11'', ਨਸ਼ਾ ਰਹਿਤ, ਪੰਜਾਬ ਵਿੱਚ 15 ਕਿਲ੍ਹੇ ਜ਼ਮੀਨ ਦਾ ਮਾਲਕ, ਚੰਗੀ ਜੋਬ, ਲੜਕੇ ਦਾ ਭਰਾ ਕੈਨੇਡਾ ਵਿੱਚ Settled ਹੈ। ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ, Divorcee ਵਾਸਤੇ ਤਲਾਕਸ਼ੁਦਾ ਲੜਕੀ ਦੀ ਲੋੜ ਹੈ। ਬੱਚੇ ਵਾਲੇ ਵੀ ਸੰਪਰਕ ਕਰ ਸਕਦੇ ਹਨ, Student ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਕਾਲ ਕਰੋ: 416-937-1934

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

Match for Handsome, Teetotaller, Punjabi Hindu Khatri/Sood boy 44/5'11''(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

## ਲੜਕੇ ਦੀ ਲੋੜ

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3'', ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਜੱਟ ਸਿੱਖ ਸੁੰਦਰ ਲੜਕੀ, 1985 Born, ਕੱਦ 5'-3'', ਵਿਜ਼ਟਰ ਵਿਜ਼ੇ ਤੇ ਆਈ ਲੜਕੀ ਲਈ Canadian P.R ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਸੰਪਰਕ ਕਰੋ: 647-456-1772, 313-303-4406

ਨਾਈ ਸਿੱਖ ਲੜਕੀਆਂ ਉਮਰ 27 ਸਾਲ, 5'-7", ਸੁੰਦਰ ਪਰਿਵਾਰਕ, ਕੈਨੇਡਾ ਵਰਕ ਪਰਮਿਟ ਅਤੇ ਦੂਜੀ ਲੜਕੀ ਉਮਰ 29 ਸਾਲ,5'-2.5", ਕੈਨੇਡਾ ਲਈ ਕੈਨੇਡੀਅਨ, ਖਾਨਦਾਨੀ ਪਰਿਵਾਰਾਂ ਲਈ ਸੁੱਧ ਵੈਸ਼ਨੂੰ ਲੜਕਿਆਂ ਦੀ ਲੋੜ ਹੈ। ਭਰਾ ਵਿਆਹਿਆ ਕੈਨੇਡੀਅਨ +1-204-914-8700 ਜਾਂ +91-94176-78050 ਜਾਂ sukhdevmc@gmail.com

## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. ਅਤੇ ਇੱਥੇ ਆਈ.ਟੀ. ਖ਼ੇਤਰ ਵਿਚ ਨੌਕਰੀ ਕਰ ਰਹੀ 28 ਸਾਲਾ 5 ਫੁੱਟ 3 ਇੰਚ ਸਿੱਖ ਰਾਮਦਾਸੀਏ ਜੁਲਾਹੇ ਪਰਿਵਾਰ ਨਾਲ ਸਬੰਧਿਤ ਲੜਕੀ ਲਈ ਪੀ.ਆਰ./ਸਿਟੀਜ਼ਨ ਦਸਤਾਰਧਾਰੀ ਗੁਰਸਿੱਖ ਲੜਕੇ ਦੀ ਜ਼ਰੂਰਤ ਹੈ। ਲੜਕੀ ਦੇ ਮਾਤਾ-ਪਿਤਾ ਦੋਵੇਂ ਹੀ ਗਜ਼ਟਿਡ ਅਫ਼ਸਰ ਹਨ ਅਤੇ ਉਹ ਪੰਜਾਬ ਵਿਚ ਨੌਕਰੀ ਕਰਦੇ ਹਨ। ਟੋਰਾਂਟੋ ਏਰੀਏ ਵਿਚ ਵੱਸਦੇ ਆਈ.ਟੀ. ਖ਼ੇਤਰ ਨਾਲ ਸਬੰਧਿਤ/ਵਕੀਲ/ਸੀ.ਏ./ਬੈਂਕ ਅਫ਼ਸਰ ਨੂੰ ਪਹਿਲ ਦਿੱਤੀ ਜਾਏਗੀ।
ਇਸ ਸਬੰਧੀ 91-95010-29128 ਜਾਂ
91-95010-29129 Whatsapp ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321 ।

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

UPPAL LAW
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters
AVTAR UPPAL Manager
AMAN UPPAL Barrister,Solicitor
FREE Consultation
Tel: 905-500-1507
351 Parkhurst Square, # 16, Brampton,ON L6T 0C2, Fax: 905-672-7848
* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

# ਪੰਜਾਬ ’ਚ ਜਾਇਦਾਦਾਂ ਦੀ ਈ-ਨਿਲਾਮੀ 1 ਨਵੰਬਰ ਤੋਂ

ਚੰਡੀਗੜ੍ਹ, 31 ਅਕਤੂਬਰ (ਗਿਆਨ ਸਿੰਘ ) ਸੂਬੇ ਵਿਚ ਹਰੇਕ ਮਹੀਨੇ ਜਾਇਦਾਦਾਂ ਦੀ ਈ-ਨਿਲਾਮੀ ਤਹਿਤ ਪੰਜਾਬ ਅਰਬਨ ਡਿਵੈਲਪਮੈਂਟ ਅਥਾਰਟੀ (ਪੁੱਡਾ) ਅਤੇ ਪੰਜਾਬ ਦੀਆਂ ਹੋਰਨਾਂ ਵਿਕਾਸ ਅਥਾਰਟੀਆਂ (ਗਮਾਡਾ, ਪੀ.ਡੀ.ਏ, ਗਲਾਡਾ, ਏ.ਡੀ.ਏ., ਜੇ.ਡੀ.ਏ. ਅਤੇ ਬੀ.ਡੀ.ਏ.) ਵੱਲੋਂ 1 ਨਵੰਬਰ, 2019 ਤੋਂ ਸਵੇਰੇ 9 ਵਜੇ ਤੋਂ ਜਾਇਦਾਦਾਂ ਦੀ ਈ-ਨਿਲਾਮੀ ਸ਼ੁਰੂ ਕੀਤੀ ਜਾਵੇਗੀ।

ਜਾਣਕਾਰੀ ਦਿੰਦਿਆਂ ਇਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਗਰੇਟਰ ਲੁਧਿਆਣਾ ਏਰੀਆ ਡਿਵੈਲਪਮੈਂਟ ਅਥਾਰਟੀ (ਗਲਾਡਾ), ਬਠਿੰਡਾ ਵਿਕਾਸ ਅਥਾਰਟੀ (ਬੀ.ਡੀ.ਏ.), ਜਲੰਧਰ ਵਿਕਾਸ ਅਥਾਰਟੀ (ਜੇ.ਡੀ.ਏ.) ਅਤੇ ਅੰਮ੍ਰਿਤਸਰ ਵਿਕਾਸ ਅਥਾਰਟੀ (ਏ.ਡੀ.ਏ.) ਦੀ ਈ-ਨਿਲਾਮੀ 11 ਨਵੰਬਰ, 2019 ਨੂੰ ਸਮਾਪਤ ਹੋਵੇਗੀ ਉੱਥੇ ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ ਅਤੇ ਪਟਿਆਲਾ ਵਿਕਾਸ ਅਥਾਰਟੀ (ਪੀ.ਡੀ.ਏ.), ਦੀ ਈ-ਨਿਲਾਮੀ 14 ਨਵੰਬਰ, 2019 ਨੂੰ ਮੁਕੰਮਲ ਹੋਵੇਗੀ।

ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ (ਗਮਾਡਾ) ਵੱਲੋਂ ਆਈ.ਟੀ. ਸਿਟੀ, ਸੈਕਟਰ 66-ਬੀ ਵਿਚਲੀਆਂ ਦੋ ਹੋਟਲ ਸਾਈਟਾਂ, ਮੈਡੀਸਿਟੀ, ਨਿਊ ਚੰਡੀਗੜ੍ਹ ਵਿਖੇ ਪੈਟਰੋਲ ਪੰਪ ਸਾਈਟ, ਆਈ.ਟੀ. ਸਿਟੀ, ਸੈਕਟਰ-66 ਬੀ ਵਿਖੇ ਗਰੁੱਪ ਹਾਊਸਿੰਗ ਸਾਈਟ, ਸੈਕਟਰ 89 ਵਿਖੇ ਨਰਸਿੰਗ ਹੋਮ/ਡਿਸਪੈਂਸਰੀ ਸਾਈਟ ਅਤੇ ਸੈਕਟਰ-68, ਐਸ.ਏ.ਐਸ. ਨਗਰ ਵਿਖੇ ਕਮਰਸ਼ੀਅਲ ਥਾਂ ਦੀ ਈ-ਨਿਲਾਮ ਕੀਤੀ ਜਾਵੇਗੀ।

ਗਮਾਡਾ ਵੱਲੋਂ ਕੌਮਾਂਤਰੀ ਏਅਰਪੋਰਟ ਨੇੜੇ ਆਈ.ਟੀ. ਸਿਟੀ, ਐਸ.ਏ.ਐਸ. ਨਗਰ ਵਿਖੇ ਸਥਿਤ ਆਈ.ਟੀ. ਉਦਯੋਗਿਕ ਸਾਈਟਾਂ ਅਤੇ ਰਾਜਪੁਰਾ ਦੇ ਉਦਯੋਗਿਕ ਪਲਾਟਾਂ ਦੀ ਈ-ਨਿਲਾਮੀ ਵੀ ਕੀਤੀ ਜਾਵੇਗੀ। ਉਹਨਾਂ ਕਿਹਾ ਕਿ ਉਦਯੋਗਿਕ ਸਾਈਟਾਂ/ਪਲਾਟਾਂ ਦੀ ਈ-ਨਿਲਾਮੀ ਦਾ ਉਦੇਸ਼ ਉਦਯੋਗਾਂ ਨੂੰ ਇਸ ਖੇਤਰ ਵੱਲ ਆਕਰਸ਼ਿਤ ਕਰਨਾ ਹੈ ਜਿਸ ਨਾਲ ਸੂਬੇ ਦੇ ਆਰਥਿਕ ਵਿਕਾਸ ਨੂੰ ਹੁਲਾਰਾ ਮਿਲੇਗਾ।

ਅੱਗੇ ਜਾਣਕਾਰੀ ਦਿੰਦਿਆਂ ਉਹਨਾਂ ਦੱਸਿਆ ਕਿ ਜਲੰਧਰ ਵਿਕਾਸ ਅਥਾਰਟੀ ਵੱਲੋਂ ਬਸਤੀ ਸ਼ੇਖ਼ ਜਲੰਧਰ ਵਿਖੇ ਸਥਿਤ ਹਸਪਤਾਲ ਸਾਈਟ ਅਤੇ ਛੋਟੀ ਬਾਰਾਦਰੀ, ਜਲੰਧਰ ਵਿਖੇ ਸਥਿਤ ਇੱਕ ਹੋਟਲ ਸਾਈਟ ਦੀ ਈ-ਨਿਲਾਮੀ ਦਾ ਫੈਸਲਾ ਲਿਆ ਗਿਆ ਹੈ। ਅੰਮ੍ਰਿਤਸਰ ਵਿਕਾਸ ਅਥਾਰਟੀ ਵੱਲੋਂ ਨਿਊ ਅਰਬੇਨ ਅਸਟੇਟ, ਬਟਾਲਾ ਵਿਖੇ ਸਥਿਤ ਕਮਰਸ਼ੀਅਲ ਥਾਂ ਦੀ ਨਿਲਾਮੀ ਕੀਤੀ ਜਾਵੇਗੀ।

ਉਕਤ ਜਾਇਦਾਦਾਂ ਤੋਂ ਇਲਾਵਾ ਵੱਖ-ਵੱਖ ਸ਼ਹਿਰਾਂ ਜਿਵੇਂ ਮੋਹਾਲੀ, ਪਟਿਆਲਾ, ਲੁਧਿਆਣਾ, ਜਲੰਧਰ, ਬਠਿੰਡਾ, ਅੰਮ੍ਰਿਤਸਰ, ਫਿਲੌਰ, ਮਲੋਟ, ਰਾਜਪੁਰਾ, ਸੰਗਰੂਰ, ਗੁਰਦਾਰਪੁਰ, ਬਟਾਲਾ, ਨਾਭਾ ਅਤੇ ਅਮਰਗੜ੍ਹ ਵਿਖੇ ਸਥਿਤ ਕਮਰਸ਼ੀਅਲ ਸਾਈਟਾਂ (ਬੂਥਾਂ, ਐਸ.ਸੀ.ਓ., ਐਸ.ਐਸ.ਐਸ., ਐਸ.ਸੀ.ਐਫ., ਦੁਕਾਨ ਸਾਈਟਾਂ, ਦੋ ਮੰਜਿਲਾਂ ਦੁਕਾਨਾਂ) ਅਤੇ ਰਿਹਾਇਸ਼ੀ ਪਲਾਂਟਾਂ ਦੀ ਈ-ਨਿਲਾਮੀ ਵੀ ਕੀਤੀ ਜਾਵੇਗੀ।


TransExpert NOW HIRING! Skylark LOGISTICS INC.

Full Time Mechanic Also Needed
Highway US Drivers & Owner Operators Wanted

- 2 year experience must.
- Drivers paid 60C per mile.
- Midwest runs.
- Direct deposit payments.
- Friendly dispatch and flexible schedule.
- Brand new automatic trucks.
- New trailers so no hastle at scales.
- On site fuel and scale.

Also Flatbed owner operators are needed.
Regular flatbed freight.

*Yards located in Milton ON and Puslinch both on Highway 401
Contact 6474064420 or 6479220000
if busy send txt message.


# ਬੇਰੁਜ਼ਗਾਰ ਨੌਜਵਾਨਾਂ ਲਈ ‘ਪੰਜਾਬ ਜੌਬ ਹੈਲਪਲਾਈਨ’ ਦੀ ਸ਼ੁਰੂਆਤ

ਚੰਡੀਗੜ੍ਹ, 31 ਅਕਤੂਬਰ (ਗਿਆਨ ਸਿੰਘ): ਮੁਲਕ ਵਿੱਚ ਆਪਣੀ ਕਿਸਮ ਦੇ ਪਹਿਲੇ ਉਪਰਾਲੇ ਦੀ ਸ਼ੁਰੂਆਤ ਕਰਦਿਆਂ ਪੰਜਾਬ ਸਰਕਾਰ ਨੇ ਅੱਜ ਸੂਬੇ ਦੇ ਬੇਰੁਜ਼ਗਾਰ ਨੌਜਵਾਨਾਂ ਲਈ ‘ਜੌਬ ਹੈਲਪਲਾਈਨ’ ਲਾਂਚ ਕੀਤੀ।

ਸੂਬਾ ਸਰਕਾਰ ਦੇ ਘਰ-ਘਰ ਰੁਜ਼ਗਾਰ ਪ੍ਰੋਗਰਾਮ ਦੀ ਲੜੀ ਵਜੋਂ ‘ਪੰਜਾਬ ਜੌਬ ਹੈਲਪਲਾਈਨ’ ਦਾ ਆਰੰਭ ਕਰਦਿਆਂ ਮੁੱਖ ਮੰਤਰੀ ਨੇ ਇਸ ਨੂੰ ਹਰੇਕ ਸਾਲ ਸੂਬੇ ਭਰ ਦੇ ਲੱਖਾਂ ਨੌਜਵਾਨਾਂ ਨੂੰ ਵੱਡੀ ਪੱਧਰ ’ਤੇ ਰੁਜ਼ਗਾਰ ਦੇ ਮੌਕੇ ਮੁਹੱਈਆ ਕਰਵਾਉਣ ਦਾ ਢੁਕਵਾਂ ਮੰਚ ਦੱਸਿਆ ਜਿਸ ਰਾਹੀਂ ਨੌਜਵਾਨ ਸਿੱਧੇ ਤੌਰ ’ਤੇ ਰੁਜ਼ਗਾਰ ਮੁਹੱਈਆ ਕਰਵਾਉਣ ਵਾਲਿਆਂ ਨਾਲ ਜੁੜ ਜਾਣਗੇ।

ਇਸ ਹੈਲਪਲਾਈਨ ਦਾ ਮਕਸਦ ਪੰਜਾਬ ਦੇ ਹਰੇਕ ਘਰ ਤੱਕ ਪਹੁੰਚ ਕਰਨਾ ਹੈ ਅਤੇ ਰੋਜ਼ਾਨਾ ਇਸ ਰਾਹੀਂ 75 ਹਜ਼ਾਰ ਮੋਬਾਈਲ ਨੰਬਰਾਂ ’ਤੇ ਸੰਪਰਕ ਕੀਤਾ ਜਾ ਸਕੇਗਾ। ਇਸ ਪ੍ਰਕਿਰਿਆ ਦੌਰਾਨ ਤਿਆਰ ਹੁੰਦੇ ਡਾਟਾ ਲਈ ਪੰਜਾਬ ਜੌਬ ਹੈਲਪਲਾਈਨ ਦਾ 110 ਸੀਟਾਂ ਵਾਲਾ ਕਾਲ ਸੈਂਟਰ ਵੀ ਬਣਾਇਆ ਗਿਆ ਹੈ।

ਰੁਜ਼ਗਾਰ ਉਤਪਤੀ ਤੇ ਸਿਖਲਾਈ ਵਿਭਾਗ ਦੇ ਇਸ ਨਿਵੇਕਲੇ ਉਪਰਾਲੇ ਦੀ ਭਰਵੀਂ ਸ਼ਲਾਘਾ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਵਿਭਾਗ ਦੇ ਸਕੱਤਰ ਨੂੰ ਇਸ ਹੈਲਪਲਾਈਨ ਦਾ ਵੱਧ ਤੋਂ ਵੱਧ ਪ੍ਰਚਾਰ ਕਰਨ ਲਈ ਆਖਿਆ ਤਾਂ ਕਿ ਨੌਜਵਾਨ ਖਾਸ ਤੌਰ ’ਤੇ ਪੇਂਡੂ ਇਲਾਕਿਆਂ ਵਿੱਚ ਰਹਿੰਦੇ ਨੌਜਵਾਨ ਇਸ ਦਾ ਲਾਭ ਲੈ ਸਕਣ।

ਮੁੱਖ ਮੰਤਰੀ ਨੇ ਰੁਜ਼ਗਾਰ ਉਤਪਤੀ ਤੇ ਸਿਖਲਾਈ ਵਿਭਾਗ ਨੂੰ ਆਖਿਆ ਕਿ ਰੁਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਸਿਰਜਣ ਲਈ ਆਪਣੇ ਯਤਨ ਹੋਰ ਤੇਜ਼ ਕੀਤੇ ਜਾਣ ਤਾਂ ਕਿ ਹਰੇਕ ਨੌਜਵਾਨ ਨੂੰ ਰੁਜ਼ਗਾਰ ਮੁਹੱਈਆ ਕਰਵਾਉਣਾ ਯਕੀਨੀ ਬਣਾਇਆ ਜਾ ਸਕੇ। ਉਨ੍ਹਾਂ ਨੂੰ ਸੂਬੇ ਵਿੱਚ ਸਥਾਨਕ ਉਦਯੋਗ ਦੀਆਂ ਲੋੜਾਂ ਮੁਤਾਬਕ ਬੇਰੁਜ਼ਗਾਰ ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਦੇਣ ਲਈ ਰੁਜ਼ਗਾਰ ਉਤਪਤੀ ਤੇ ਸਿਖਲਾਈ, ਤਕਨੀਕੀ ਸਿੱਖਿਆ ਅਤੇ ਉਦਯੋਗ ਵਿਭਾਗਾਂ ਦਰਮਿਆਨ ਵਧੇਰੇ ਤਾਲਮੇਲ ਦੇ ਲੋੜ ’ਤੇ ਜ਼ੋਰ ਦਿੱਤਾ।



ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਕੋਲ ਮਜ਼ਬੂਤ ਮਾਨਵੀ ਸ਼ਕਤੀ ਹੈ ਅਤੇ ਹਰੇਕ ਸਾਲ ਦੋ ਲੱਖ ਨੌਜਵਾਨ ਇਸ ਦਾ ਹਿੱਸਾ ਬਣਦੇ ਹਨ। ਸਾਡਾ ਮਿਸ਼ਨ ਪੰਜਾਬ ਵਿੱਚ ਹਰੇਕ ਘਰ ਦੇ ਘੱਟੋ-ਘੱਟ ਇਕ ਮੈਂਬਰ ਨੂੰ ਰੁਜ਼ਗਾਰ ਲਈ ਸਹਾਇਤਾ ਮੁਹੱਈਆ ਕਰਵਾਉਣ ਦਾ ਹੈ। ਇਸ ਨਿਵੇਕਲੇ ਉਪਰਾਲੇ ਨਾਲ ਇਸ ਮਿਸ਼ਨ ਨੂੰ ਹੋਰ ਅੱਗੇ ਲਿਜਾਣ ਵਿੱਚ ਸਹਾਇਤਾ ਮਿਲੇਗੀ ਜੋ ਸੂਬਾ ਭਰ ਵਿੱਚ ਨੌਕਰੀ ਦੇ ਇੱਛੁਕ ਲੱਖਾਂ ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਮੁਹੱਈਆ ਕਰਵਾਉਣ ਵਿੱਚ ਸਹਾਈ ਸਿੱਧ ਹੋਵੇਗਾ।

ਵਿਚਾਰ-ਚਰਚਾ ਵਿੱਚ ਹਿੱਸਾ ਲੈਂਦਿਆਂ ਰੁਜ਼ਗਾਰ ਉਤਪਤੀ ਤੇ ਸਿਖਲਾਈ ਦੇ ਸਕੱਤਰ ਰਾਹੁਲ ਤਿਵਾੜੀ ਨੇ ਦੱਸਿਆ ਕਿ ਸਮਾਜ ਦੇ ਹੇਠਲੇ ਵਰਗਾਂ ਨੂੰ ਤਕਨਾਲੋਜੀ ਰਾਹੀਂ ਸਹੂਲਤ ਮੁਹੱਈਆ ਕਰਵਾਉਣ ਲਈ ਸਰਕਾਰ ਨੇ ‘ਪੰਜਾਬ ਜੌਬ ਹੈਲਪਲਾਈਨ’ ਨੂੰ ਇਕ ਮਿਸਾਲ ਵਜੋਂ ਪੇਸ਼ ਕੀਤਾ ਹੈ।

ਸੰਖੇਪ ਵਿੱਚ ਦਿੱਤੀ ਪੇਸ਼ਕਾਰੀ ਰਾਹੀਂ ਮੁੱਖ ਮੰਤਰੀ ਨੂੰ ਦੱਸਿਆ ਗਿਆ ਕਿ ‘ਪੰਜਾਬ ਜੌਬ ਹੈਲਪਲਾਈਨ’ ਰਾਹੀਂ ਸਰਕਾਰ ਸੂਬਾ ਭਰ ਵਿੱਚ ਨੌਕਰੀ ਮੰਗਣ ਵਾਲਿਆਂ ਦੀ ਸ਼ਨਾਖਤ ਕਰਨ, ਵੱਡੇ ਕਾਰਪੋਰੇਟ ਅਦਾਰਿਆਂ ਅਤੇ ਸੂਖਮ ਤੇ ਦਰਮਿਆਨੇ ਉਦਯੋਗਾਂ ਅਤੇ ਗੈਰ-ਰਸਮੀਂ ਸੈਕਟਰਾਂ ਪਾਸੋਂ ਨੌਕਰੀਆਂ ਦਾ ਪਤਾ ਲਾਉਣ ਅਤੇ ਰੁਜ਼ਗਾਰ ਦੇ ਮੌਕੇ ਸਿੱਧੇ ਤੌਰ ’ਤੇ ਨੌਕਰੀ ਦੇ ਇੱਛੁਕ ਨੌਜਵਾਨਾਂ ਨੂੰ ਮੁਹੱਈਆ ਕਰਵਾਉਣ ਲਈ ਮਿਥੇ ਗਏ ਟੀਚਿਆਂ ਨੂੰ ਪੂਰਾ ਕਰੇਗੀ। ਨੌਕਰੀ ਦੇ ਇੱਛੁਕ ਨੌਜਵਾਨ ਆਪਣੀ ਯੋਗਤਾ ਅਨੁਸਾਰ ਢੁਕਵੇਂ ਰੁਜ਼ਗਾਰ ਦੇ ਨਵੇਂ ਮੌਕਿਆਂ ਬਾਰੇ ਫੋਨ ਕਾਲ, ਐਸ.ਐਮ.ਐਸ. ਅਤੇ ਵੱਟਸਐਪ ਰਾਹੀਂ ਆਟੋਮੈਟਿਕ ਜਾਣਕਾਰੀ ਹਾਸਲ ਕਰਿਆ ਕਰਨਗੇ।

ਇੱਥੇ ਇਹ ਦੱਸਣਯੋਗ ਹੈ ਕਿ ਬੇਰੁਜ਼ਗਾਰ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਣ ਲਈ ਸੂਬਾ ਸਰਕਾਰ ਵੱਲੋਂ ਠੋਸ ਯਤਨ ਕੀਤੇ ਗਏ ਹਨ ਜਿਸ ਦੀ ਮਿਸਾਲ ਇਸ ਤੱਥ ਤੋਂ ਮਿਲਦੀ ਹੈ ਕਿ ਕੈਪਟਨ ਅਮਰਿੰਦਰ ਸਿੰਘ ਸਰਕਾਰ ਦੇ ਸੱਤਾ ਵਿੱਚ ਆਉਣ ਤੋਂ ਲੈ ਕੇ ਹੁਣ ਤੱਕ 11 ਲੱਖ ਨੌਕਰੀਆਂ ਦੇ ਮੌਕੇ ਸਿਰਜੇ ਗਏ ਜੋ ਪ੍ਰਤੀ ਦਿਨ 1000 ਤੋਂ ਵੱਧ ਨੌਕਰੀਆਂ ਬਣਦੀਆਂ ਹਨ। ਸੂਬਾ ਪੱਧਰੀ ਪ੍ਰੋਗਰਾਮ ਵੀ ਸਫ਼ਲਤਾ ਨਾਲ ਸਿਰੇ ਚੜ੍ਹੇ ਹਨ। ਹਾਲ ਹੀ ਵਿੱਚ ਖਤਮ ਹੋਏ ਪੰਜਵੇਂ ਰੁਜ਼ਗਾਰ ਮੇਲੇ ਦੌਰਾਨ ਰੁਜ਼ਗਾਰ ਦੇ 1.16 ਲੱਖ ਮੌਕੇ ਪੈਦਾ ਕੀਤੇ ਗਏ। ਇਹ ਹੈਲਪਲਾਈਨ ਸਰਕਾਰ ਦੀ ਸੂਬੇ ਦੇ ਹਰੇਕ ਘਰ ਵਿੱਚ ਘੱਟੋਘੱਟ ਇਕ ਰੁਜ਼ਗਾਰ ਦੇਣ ਦੀ ਵਚਨਬੱਧਤਾ ਨੂੰ ਸਿੱਧ ਕਰਨ ਵਿੱਚ ਹੋਰ ਵੀ ਸਹਾਈ ਹੋਵੇਗੀ।

ਇਹ ਉਪਰਾਲਾ ਪੰਜਾਬ ਘਰ-ਘਰ ਰੁਜ਼ਗਾਰ ਤੇ ਕਾਰੋਬਾਰ ਮਿਸ਼ਨ (ਪੀ.ਜੀ.ਆਰ.ਕੇ.ਏ.ਐਮ.) ਦਾ ਹੈ ਜੋ ਸਰਕਾਰ ਦੇ ਘਰ-ਘਰ ਰੁਜ਼ਗਾਰ ਪ੍ਰੋਗਰਾਮ ਦਾ ਪਸਾਰ ਕਰ ਰਿਹਾ ਹੈ। ਪੰਜਾਬ ਜੌਬ ਹੈਲਪਲਾਈਨ ਸਿਸਟਮ, ਉੱਨਤੀ ਆਨ ਲਾਈਨ ਪ੍ਰਾਈਵੇਟ ਲਿਮਟਡ ਵੱਲੋਂ ਵਿਕਸਿਤ ਕੀਤਾ ਗਿਆ ਹੈ ਅਤੇ ਇਸ ਵੱਲੋਂ ਹੀ ਚਲਾਇਆ ਜਾਵੇਗਾ। ਇਸ ਕੰਪਨੀ ਨੂੰ ਭਾਰਤ ਸਰਕਾਰ ਦੇ ਸਟਾਰਟ ਅੱਪ ਪ੍ਰੋਗਰਾਮ ਅਧੀਨ ਮਾਨਤਾ ਮਿਲੀ ਹੋਈ ਹੈ।

ਇਸ ਮੌਕੇ ਤਕਨੀਕੀ ਸਿੱਖਿਆ ਮੰਤਰੀ ਚਰਨਜੀਤ ਸਿੰਘ ਚੰਨੀ, ਸ਼ਹਿਰੀ ਵਿਕਾਸ ਤੇ ਜਲ ਸਰੋਤ ਮੰਤਰੀ ਸੁਖਬਿੰਦਰ ਸਿੰਘ ਸਰਕਾਰੀਆ, ਸ੍ਰੀ ਫਤਿਹਗੜ੍ਹ ਸਾਹਿਬ ਤੋਂ ਸੰਸਦ ਮੈਂਬਰ ਅਮਰ ਸਿੰਘ, ਤਰਨ ਤਾਰਨ ਤੋਂ ਵਿਧਾਇਕ ਡਾ. ਧਰਮਵੀਰ ਅਗਨੀਹੋਤਰੀ, ਫਰੀਦਕੋਟ ਤੋਂ ਵਿਧਾਇਕ ਕੁਸ਼ਲਦੀਪ ਸਿੰਘ ਢਿੱਲੋਂ, ਖੰਨਾ ਤੋਂ ਵਿਧਾਇਕ ਗੁਰਕੀਰਤ ਸਿੰਘ ਕੋਟਲੀ ਤੋਂ ਇਲਾਵਾ ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਤੇਜਵੀਰ ਸਿੰਘ, ਰੁਜ਼ਗਾਰ ਉਤਪਤੀ ਤੇ ਸਿਖਲਾਈ ਵਿਭਾਗ ਦੇ ਡਾਇਰੈਕਟਰ ਕੇਸ਼ਵ ਹਿੰਗੋਨੀਆ ਅਤੇ ਪੀ.ਜੀ.ਆਰ.ਕੇ.ਏ.ਐਮ. ਦੇ ਵਧੀਕ ਡਾਇਰੈਕਟਰ ਰਾਜੀਵ ਗੁਪਤਾ ਵੀ ਹਾਜ਼ਰ ਸਨ।


Beauty Parlour ਲਈ ਲੜਕੀਆਂ ਦੀ ਲੋੜ ਹੈ

Beauty/Hair Salon in **Mississauga** ਲਈ **hair cutting (Gents/Ladies)** ਅਤੇ **Threading/waxing** ਦਾ ਕੰਮ ਜਾਣਨ ਵਾਲੀਆਂ ਲੜਕੀਆਂ ਦੀ ਲੋੜ ਹੈ। Barber ਵੀ ਅਪਲਾਈ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ

Off: 905-814-7400
Ph: 416-566-9678

JOBS! JOBS! JOBS! JOBS! JOBS!

General Labour/ Unloader/ Window Assemblers & Machine Operators/Drivers (AZ/DZ/G)/ Forklift , Office Jobs, Electrician, Mechanic

- Full time/Part time workers Needed
- ਵਿੰਡੋ, ਮੈਟਲ, ਬੇਕਰੀ ਕੰਮਪਨੀਆਂ
- ਸਿਨ ਨੰਬਰ ਹੋਣਾ ਜ਼ਰੂਰੀ
- ਦਿਨ, ਦੁਪਿਹਰ ਤੇ ਰਾਤ ਦਾ ਕੰਮ Available

2355 Derry Rd E, Unit#20, 2nd Floor, Mississauga
Torbram/Derry intersection Manjit: 416.477.3344

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Honesty, Reliability, Commitment
SELL FOR MORE BUY FOR LESS
- 1 yr Home Warranty
- We Help to get mortgage
- Free valuation & Lowest Commission
- Special for First Time Home Buyer

OPEN HOUSE UNTIL SOLD
HIGHER STANDARDS FIVE STAR CERTIFIED TEAM
Silvercity B. 905.913.8500
HIRA RANDHWA Broker 416.319.0551
BHUPENDRA DHILLON Sales Representative 647-896-1877
Hirarandhawa@yahoo.ca HiraRandhawa.com Dhillonbhupendra@hotmail.com

For SUPER-VISA INSURANCE, TRAVEL INSURANCE RESP Call: 416-319-0551

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ। ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖ਼ਾਹ

Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
$1,000
Services:
- Complete Basement
- Tiles
- Bathrooms
- Plumbing
- Laminate
- Hardwood Floor
- Painting

A-1 RENOVATION GTA INC.
22 Listcreek Road, Brampton L6p 2n6

GF1 Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-

We Also Provide All Level’s of First Aid & CPR Training
- Emergency First Aid & CPR Level’s A.B.C
- Standard First Aid & CPR Level’s A.B.C.HCP
- Stay at Home Course
- Baby Sitting Course
- Little Rescuers

H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com

1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

V4U LOGISTIC INC.
Delivering "Satisfaction"... On Time Every Time
NOW HIRING
A/Z Drivers Needed
For Canada To US Runs
Local City Drivers @ 22/hr
- General Freight
- Yard to Yard Work
- Up to 3500 miles/wk
- 2 Yr. Exp
- Clear CVOR & Abstract

For Owner Operator upto $1.62/mile
USA Driver $0.60/mile | Canada wide $0.50/mile
- Disability Insurance
- Travel Insurance
- Medical Benefits
- Dental Benefits

ਪਰਗਟ ਸਿੰਘ ਨੂੰ ਫੋਨ ਕਰੋ: 416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!
Looking for Experienced:
- Machine Operators
- AZ-DZ Drivers
- Forklift Driver
- Machine Mechanic
- Millwright’s

(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL
KARAM SINGH PUNIAN
Sales Representative
For all your Real Estate Need Call
416.262.2600
Email: karampunian@gmail.com
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਫਿਲਮੀ ਦੁਨੀਆਂ

# ਪਾਪਾ ਚਾਹੁੰਦੇ ਸਨ ਆਈ ਏ ਐੱਸ ਬਣਾਂ, ਐਕਸੀਡੈਂਟਲੀ ਮੈਂ ਅਭਿਨੇਤਰੀ ਬਣ ਗਈ : ਮੌਨੀ ਰਾਏ

ਫਿਲਮਾਂ ਅਤੇ ਟੈਲੀ ਬੈਕਗਰਾਊਂਡ ਦੇ ਲੋਕ ਵੀ ਨਾਂਅ ਕਮਾ ਰਹੇ ਹਨ। ਇਸ ਲਿਸਟ ਵਿੱਚ ਮੌਨੀ ਰਾਏ ਦਾ ਵੀ ਨਾਂਅ ਸ਼ਾਮਲ ਹੈ। ਇਸ ਮੁਲਾਕਾਤ ਵਿੱਚ ਮੌਨੀ ਨਾਲ ਫਿਲਮਾਂ ਨੂੰ ਉਹ ਕਿਸ ਤਰੀਕੇ ਨਾਲ ਅਪਰੋਚ ਕਰ ਰਹੀ ਹੈ ਇਸ ਬਾਰੇ ਵਿੱਚ ਗੱਲਬਾਤ ਹੋਈ। ਪੇਸ਼ ਹਨ ਉਸੇ ਗੱਲਬਾਤ ਦੇ ਕੁਝ ਅੰਸ਼ :

* 'ਮੇਡ ਇਨ ਚਾਈਨਾ' ਵਿੱਚ ਤੁਸੀਂ ਹਾਊਸਵਾਈਫ ਦਾ ਰੋਲ ਕਰ ਰਹੇ ਹੋ? ਇਹ ਰੋਲ ਕਰਨ ਦਾ ਕੀ ਕਾਰਨ ਸੀ?

– ਅਜਿਹਾ ਜ਼ਰੂਰੀ ਨਹੀਂ ਕਿ ਹਾਊਸਵਾਈਫ ਦਾ ਕਰੈਕਟਰ ਹੈ ਤਾਂ ਉਹ ਮਜ਼ਬੂਤ ਨਹੀਂ ਹੈ। ਕਈ ਵਾਰ ਔਰਤਾਂ ਮਰਜ਼ੀ ਨਾਲ ਵੀ ਹਾਊਸਵਾਈਫ ਰਹਿਣਾ ਚੂਜ਼ ਕਰਦੀਆਂ ਹਨ। ਹਨ। ਪਤੀ ਨੂੰ ਇਮੋਸ਼ਨਲ ਸਪੋਰਟ ਦੇਣਾ ਪਸੰਦ ਕਰਦੀਆਂ ਹਨ। ਉਨ੍ਹਾਂ ਦੇ ਸੁਫਨਿਆਂ ਨੂੰ ਪੂਰਾ ਕਰਨ ਲਈ ਆਪਣੀਆਂ ਇੱਛਾਵਾਂ ਦਾ ਤਿਆਗ ਕਰਦੀਆਂ ਹਨ। ਮੇਰਾ ਕਿਰਦਾਰ ਰੁਕਮਣੀ ਵੀ ਉਸੇ ਤਰ੍ਹਾਂ ਦੀ ਔਰਤਾਂ ਦੀ ਕੈਟੇਗਰੀ ਵਿੱਚੋਂ ਹੈ। ਉਹ ਵੀ ਤਦ, ਜਦ ਉਹ ਅਮੀਰ ਘਰਾਣੇ ਤੋਂ ਹੈ। ਆਪਣੇ ਸੁਫਨੇ ਅਤੇ ਇੱਛਾਵਾਂ ਨੂੰ ਛੱਡ ਕੇ ਉਹ ਪਤੀ ਕੋਲ ਆ ਜਾਂਦੀ ਹੈ। ਇਸ ਤਰ੍ਹਾਂ ਦਾ ਟੈਪਰਾਮੈਂਟ ਅੱਜਕੱਲ੍ਹ ਮਹਿਲਾਵਾਂ ਵਿੱਚ ਕਿੱਥੇ ਦੇਖਣ ਨੂੰ ਮਿਲਦਾ ਹੈ। ਕਿਰਦਾਰ ਦੀ ਇਸੇ ਖੂਬਸੂਰਤੀ ਨੇ ਮੈਨੂੰ ਆਪਣੇ ਵੱਲ ਖਿੱਚ ਲਿਆ। ਆਪਣੇ ਪਤੀ ਦੇ ਸੁਫਨਿਆਂ ਨੂੰ ਆਪਣਾ ਸੁਫਨਾ ਮੰਨ ਲੈਣਾ ਪ੍ਰੋਗਰੈਸਿਵ ਥਾਟ ਹੈ। ਹਾਲਾਂਕਿ ਮੇਰੇ ਨਜ਼ਰੀਏ ਤੋਂ ਰੁਕਮਣੀ ਥੋੜ੍ਹੀ ਹੋਰ ਪ੍ਰੋਗਰੈਸਿਵ ਹੋ ਸਕਦੀ ਸੀ।

* ਕਿਨ੍ਹਾਂ ਫਿਲਮਾਂ ਨੇ ਤੁਹਾਨੂੰ ਇਮੋਸ਼ਨਲ ਕੀਤਾ?

– ਮੈਂ ਬਹੁਤ ਜ਼ਿਆਦਾ ਫਿਲਮਾਂ ਤਾਂ ਨਹੀਂ ਕੀਤੀਆਂ, ਪਰ 'ਗੋਲਡ' ਫਿਲਮ ਵਿੱਚ ਮੈਂ ਰੋਈ ਸੀ। ਹੋਰਨਾਂ ਫਿਲਮਾਂ ਦੀ ਗੱਲ ਕਰਾਂ ਤਾਂ ਉਥੇ ਬਹੁਤ ਰੋਂਦੀ ਹਾਂ। ਜੇ ਦੋ ਪਿਆਰ ਕਰਨ ਵਾਲਿਆਂ ਵਿੱਚ ਝਗੜੇ ਵਾਲਾ ਸੀਕਵੈਂਸ ਹੋਵੇ ਤਾਂ ਉਥੇ ਮੇਰੇ ਅੱਥਰੂ ਨਿਕਲ ਆਉਂਦੇ ਹਨ। ਦੇਸ਼ਭਗਤੀ ਵਾਲੇ ਗਾਣੇ ਚੱਲ ਰਹੇ ਹੋਣ ਤਾਂ ਰੋ ਪੈਂਦੀ ਹਾਂ। ਮਾਂ ਬੇਟੇ, ਭਰਾ ਭੈਣ ਵਿੱਚ ਵਿਛੜਨ ਵਾਲੇ ਸੀਨ ਹੋਣ ਤਾਂ ਉਥੇ ਵੀ ਰੋ ਪੈਂਦੀ ਹਾਂ। ਇਨ੍ਹਾਂ ਮਾਮਲਿਆਂ ਵਿੱਚ ਮੈਂ ਬੜੀ ਇਮੋਸ਼ਨਲ ਪਰਸਨ ਰਹੀ ਹਾਂ। ਇੰਡੀਅਨ ਉਂਝ ਵੀ ਬਹੁਤ ਇਮੋਸ਼ਨਲ ਹੁੰਦੇ ਹਨ।



* ਕੀ ਫਿਲਮ ਸੈਕਸੁਐਲਿਟੀ ਦੇ ਟਾਪਿਕ 'ਤੇ ਆਧਾਰਤ ਸੀ?

–ਸੈਕਸੁਐਲਿਟੀ ਫਿਲਮ ਦਾ ਬੱਸ ਇੱਕ ਪਾਰਟ ਹੀ ਸੀ। ਫਿਲਮ ਉਸ ਤੋਂ ਵੀ ਵੱਡੇ ਪ੍ਰੋਗਰੈਸਿਵ ਟਾਪਿਕ 'ਤੇ ਆਧਾਰਤ ਸੀ। ਨੌਜਵਾਨਾਂ ਵਿੱਚ ਨੌਕਰੀ ਦੇ ਬਜਾਏ ਬਿਜ਼ਨਸਮੈਨ ਬਣਨ ਦੇ ਸੁਭਾਅ ਨੂੰ ਡਿਵੈਲਪ ਕਰਨਾ ਦਿਖਾਇਆ ਗਿਆ ਹੈ। ਗੁਜਰਾਤ ਤੇ ਵੈਸਟਰਨ ਇੰਡੀਆ ਵਿੱਚ ਉਸ ਕਿਸਮ ਦੀ ਟੈਂਡੈਂਸੀ ਦੇਖਣ ਨੂੰ ਮਿਲਦੀ ਹੈ। ਭਾਵੇਂ ਵਾਰ-ਵਾਰ ਉਸ ਕੰਮ ਵਿੱਚ ਹਾਰ ਵੀ ਕਿਉਂ ਨਾ ਮਿਲੇ। ਨਾਰਥ ਇੰਡੀਆ ਵਿੱਚ ਇਹ ਦੇਖਣ ਦੀ ਘੱਟ ਮਿਲਦਾ ਹੈ। ਇਸ ਟਾਪਿਕ ਨਾਲ ਅਸੀਂ ਨੌਜਵਾਨਾਂ ਨੂੰ ਵੱਖ ਤਰ੍ਹਾਂ ਨਾਲ ਇੰਸਪਾਇਰ ਕਰ ਸਕਦੇ ਸਨ। ਨਤੀਜਤਨ, ਫਿਲਮ ਕਈ ਮਾਮਲਿਆਂ ਵਿੱਚ ਪ੍ਰੋਗਰੈਸਿਵ ਤਾਂ ਹੈ।

* ਕੀ ਐਕਟਿੰਗ ਤੋਂ ਇਲਾਵਾ ਕੋਈ ਪਲਾਨ ਵੀ ਲਾਈਫ ਵਿੱਚ ਹੈ?

– ਸਕੂਲ ਤੇ ਕਾਲਜ ਦੇ ਦਿਨਾਂ ਵਿੱਚ ਅਭਿਨੇਤਰੀ ਹੀ ਨਹੀਂ ਬਣਨਾ ਚਾਹੁੰਦੀ ਸੀ। ਬੰਗਾਲੀ ਸੀ ਇਸ ਲਈ ਗੀਤ ਸੰਗੀਤ ਅਤੇ ਬਾਕੀ ਐਕਸਟਰਾ ਐਕਟੀਵਿਟੀਜ਼ ਵਿੱਚ ਸ਼ਾਮਲ ਹੋਣਾ ਪੈਂਦਾ ਸੀ। ਤਦ ਇਹ ਸਭ ਹੌਬੀ ਟਾਈਪ ਹੀ ਸੀ। ਮੈਂ ਤਦ ਤੋਂ ਇਨੀਸ਼ੀਅਲੀ ਆਈ ਏ ਐਸ ਅਫਸਰ ਬਣਨਾ ਚਾਹੁੰਦੀ ਸੀ। ਮੇਰੇ ਪਾਪਾ ਚਾਹੁੰਦੇ ਸਨ ਕਿ ਮੈਂ ਆਈ ਏ ਐੱਸ ਅਫਸਰ ਬਣਾਂ। ਇੱਕ ਮੋਮੈਂਟ ਆਇਆ, ਜਦ ਮੈਂ ਐਕਸੀਡੈਂਟਲੀ ਇਸ ਪਾਸੇ ਆ ਗਈ। ਫਿਰ ਐਕਟਿੰਗ, ਡਾਂਸਿੰਗ ਵਗੈਰਾ ਨਾਲ ਹੀ ਪਿਆਰ ਹੋ ਗਿਆ। ਅੱਜ ਇਸ ਜਰਨੀ ਵਿੱਚ ਬੇਪਨਾਹ ਮੁਹੱਬਤ ਹੋ ਗਈ ਹੈ। ਅੱਗੇ ਚੱਲ ਕੇ ਮੈਂ ਰਾਈਟਰ ਬਣਨਾ ਚਾਹਾਂਗੀ। ਫਿਲਮ ਹੀ ਨਹੀਂ, ਕੋਈ ਬੁਕ ਵੀ ਲਿਖ ਸਕਦੀ ਹਾਂ।

* ਕੀ ਡੇਲੀ ਸੋਪ ਨਹੀਂ ਕਰਨਾ ਚਾਹੁੰਦੇ?

– ਮੈਂ ਫਿਲਹਾਲ ਫਿਲਮਾਂ ਨਾਲ ਹੀ ਖੁਸ਼ ਹਾਂ। ਕੋਈ ਅਜਿਹਾ ਡੇਲੀ ਸੋਪ ਨਹੀਂ ਕਰਨਾ ਚਾਹੁੰਦੀ ਜੋ ਬਹੁਤ ਦਿਨਾਂ ਤੱਕ ਚੱਲੇ।

* ਚਾਈਨਾ ਦਾ ਕਿਹੜਾ ਪ੍ਰੋਡੈਕਟ ਤੁਸੀਂ ਚੂਜ਼ ਕਰਦੇ ਹੋ?

– ਹੈਂਡਫੈਨ, ਬੰਗਾਲੀਆਂ ਵਿੱਚ ਮੈਨੁਅਲ ਪੱਖੇ ਹੁੰਦੇ ਹਨ। ਚਾਈਨਾ ਵਾਲਿਆਂ ਨੇ ਮਕੈਨੀਕਲ ਹੱਥ ਪੱਖਾ ਦੇ ਦਿੱਤਾ ਹੈ। ਉਹ ਯੂਜ਼ ਕਰਦੀ ਹਾਂ। ਉਹ ਸਾਡੇ ਕਾਫੀ ਕੰਮ ਆਉਂਦਾ ਹੈ। ਸ਼ੂਟਿੰਗ ਦੀ ਅੱਧੇ ਤੋਂ ਵੱਧ ਥਾਵਾਂ 'ਤੇ ਏਅਰ ਕੰਡੀਸ਼ਨ ਨਹੀਂ ਹੁੰਦਾ ਹੈ। ਸਾਨੂੰ ਜਦ ਭਾਰੀ ਗਹਿਣੇ ਤੇ ਕੱਪੜਿਆਂ ਵਿੱਚ ਕੰਮ ਕਰਨਾ ਪੈਂਦਾ ਹੈ ਤਾਂ ਮੌਕਿਆਂ 'ਤੇ ਉਹ ਚਾਈਨੀਜ਼ ਮੋਟਰ ਵਾਲੇ ਪੱਖੇ ਬੜੇ ਕੰਮ ਆਉਂਦੇ ਰਹੇ ਹਨ।

## ਬਾਇਓਪਿਕ ਦੀਆਂ ਤਿਆਰੀਆਂ ਲਈ ਸਾਇਨਾ ਦੇ ਘਰ ਜਾਏਗੀ ਪਰਿਣੀਤੀ



ਪਰਿਣੀਤੀ ਚੋਪੜਾ ਇਨ੍ਹੀਂ ਦਿਨੀਂ ਬੈਡਮਿੰਟਨ ਸਨਸਨੀ ਸਾਇਨਾ ਨੇਹਵਾਲ ਦੀ ਬਾਇਓਪਿਕ ਦੀ ਸ਼ੂਟਿੰਗ ਕਰ ਰਹੀ ਹੈ। ਫਿਲਮ ਵਿੱਚ ਸਾਇਨਾ ਦੇ ਕਿਰਦਾਰ ਵਿੱਚ ਢਲਣ ਦੇ ਲਈ ਬੈਡਮਿੰਟਨ ਟਰੇਨਿੰਗ ਲੈਣ ਦੇ ਬਾਅਦ ਹੁਣ ਉਹ ਸਾਇਨਾ ਦੇ ਘਰ ਹੈਦਰਾਬਾਦ ਵੀ ਜਾਏਗੀ।

ਇਸ ਬਾਰੇ ਵਿੱਚ ਪਰਿਣੀਤੀ ਕਹਿੰਦੀ ਹੈ, ਮੈਂ ਸਾਇਨਾ ਦੇ ਘਰ ਜਾ ਕੇ ਦੇਖਣਾ ਚਾਹੁੰਦੀ ਹਾਂ ਕਿ ਉਹ ਕਿਸ ਤਰ੍ਹਾਂ ਜ਼ਿੰਦਗੀ ਜਿਊਂਦੀ ਹੈ। ਵੈਸੇ ਤਾਂ ਅਸੀਂ ਕਈ ਵਾਰ ਮਿਲ ਚੁੱਕੇ ਹਾਂ, ਪਰੰਤੂ ਇਸ ਵਾਰ ਮੈਂ ਉਸ ਦੇ ਘਰ ਜਾਣਾ ਚਾਹੁੰਦੀ ਹਾਂ। ਇੱਕਾ ਦਨ ਦੇ ਲਈ ਉਨ੍ਹਾਂ ਦੀ ਤਰ੍ਹਾਂ ਜ਼ਿੰਦਗੀ ਜਿਊਣਾ ਚਾਹੁੰਦੀ ਹਾਂ।

## ਨੈਗੇਟਿਵ ਕਿਰਦਾਰ ਨਿਭਾਉਣ ਲਈ ਤਿਆਰ ਹੈ ਆਯੁਸ਼ਮਾਨ



ਲਗਾਤਾਰ ਛੇ ਹਿੱਟ ਫਿਲਮਾਂ ਦੇਣ ਦੇ ਬਾਅਦ ਆਯੁਸ਼ਮਾਨ ਖੁਰਾਣਾ ਆਪਣੀ ਅਗਲੀ ਫਿਲਮ 'ਬਾਲਾ' ਦੇ ਪ੍ਰਮੋਸ਼ਨ ਵਿੱਚ ਕਾਫੀ ਬਿਜ਼ੀ ਹਨ। ਆਯੁਸ਼ਮਾਨ ਦੀਆਂ ਫਿਲਮਾਂ ਅਕਸਰ ਵਰਜਿਤ ਮੰਨੇ ਜਾਣ ਵਾਲੇ ਸਮਾਜਕ ਮੁੱਦਿਆਂ 'ਤੇ ਮਜ਼ਾਕੀਅਆ ਤਰੀਕੇ ਨਾਲ ਵਾਰ ਕਰਦੀਆਂ ਹਨ। ਗੰਜੇਪਣ 'ਤੇ ਆਧਾਰਤ ਇਸ ਫਿਲਮ ਵਿੱਚ ਆਯੁਸ਼ਮਾਨ ਇੱਕ ਵਾਰ ਫਿਰ ਕਾਮਿਕ ਕਿਦਰਾ ਵਿੱਚ ਨਜ਼ਰ ਆਉਣਗੇ। ਫਿਲਮ ਦੇ ਪ੍ਰਮੋਸ਼ਨ ਦੇ ਲਈ 'ਦਿ ਕਪਿਲ ਸ਼ਰਮਾ ਸ਼ੋਅ' ਦੇ ਸੈੱਟ 'ਤੇ ਪਹੁੰਚੇ ਆਯੁਸ਼ਮਾਨ ਨੇ ਦੱਸਿਆ ਕਿ ਜ਼ਿਆਦਾਤਰ ਕਾਮੇਡੀ ਫਿਲਮਾਂ ਕਰਨ ਦੇ ਕਾਰਨ ਲੋਕ ਉਨ੍ਹਾਂ ਤੋਂ ਕਿਸੇ ਗੰਭੀਰ ਜਾਂ ਨੈਗੇਟਿਵ ਕਿਰਦਾਰ ਦੀ ਆਸ਼ਾ ਨਹੀਂ ਕਰਦੇ। ਜੇ ਉਸ ਨੂੰ ਕੋਈ ਨੈਗੇਟਿਵ ਕਿਰਦਾਰ ਨਿਭਾਉਣ ਦਾ ਮੌਕਾ ਮਿਲਦਾ ਹੈ ਤਾਂ ਉਸ ਨੂੰ ਕੋਈ ਝਿਜਕ ਨਹੀਂ ਹੋਵੇਗੀ। ਉਸ ਨੇ ਇਹ ਵੀ ਕਿਹਾ ਕਿ ਉਹ ਆਪਣੇ ਕਿਰਦਾਰਾਂ ਵਿੱਚ ਲਗਾਤਾਰ ਪ੍ਰਯੋਗ ਕਰਨਾ ਪਸੰਦ ਕਰਦੇ ਹਨ। ਆਯੁਸ਼ਮਾਨ ਨੇ ਸ਼ੋਅ ਦੇ ਸੈੱਟ 'ਤੇ ਆਪਣੀ ਨਿੱਜੀ ਜ਼ਿੰਦਗੀ ਦੇ ਬਾਰੇ ਵਿੱਚ ਫੈਲੀਆਂ ਅਫਵਾਹਾਂ ਦਾ ਵੀ ਖੁਲਾਸਾ ਕੀਤਾ। ਅਫਵਾਹ ਸੀ ਕਿ 'ਬਾਲਾ' ਦੀ ਸ਼ੂਟਿੰਗ ਦੌਰਾਨ ਉਸੇ ਗੈਟਅਪ ਵਿੱਚ ਘਰ ਆਉਣ 'ਤੇ ਉਸ ਦੀ ਪਤਨੀ ਉਸ ਨੂੰ ਪਛਾਣ ਨਹੀਂ ਸਕੀ। ਇਸ 'ਤੇ ਆਯੁਸ਼ਮਾਨ ਨੇ ਕਿਹਾ ਕਿ ਕਾਸ਼! ਅਜਿਹਾ ਹੁੰਦਾ। ਫਿਲਮ ਦਾ ਸ਼ੂਟਿੰਗ ਸ਼ਡਿਊਲ ਇੰਨਾ ਬਿਜ਼ੀ ਸੀ ਕਿ ਉਸ ਨੂੰ ਘਰ ਜਾਣ ਦਾ ਸਮਾਂ ਹੀ ਨਹੀਂ ਮਿਲਿਆ। ਫਿਲਮ 'ਬਾਲਾ' ਦੀ ਜ਼ਿਆਦਾਤਰ ਸ਼ੂਟਿੰਗ ਲਖਨਊ ਅਤੇ ਕਾਨਪੁਰ ਵਿੱਚ ਹੋਈ ਹੈ। ਆਯੁਸ਼ਮਾਨ ਦੀਆਂ ਜ਼ਿਆਦਾਤਰ ਫਿਲਮਾਂ ਉੱਤਰ ਪ੍ਰਦੇਸ਼ ਦੇ ਪਿਛੋਕੜ 'ਤੇ ਬਣੀਆਂ ਹਨ। ਇਸ ਸਵਾਲ 'ਤੇ ਉਸ ਨੇ ਮਜ਼ਾਕੀਆ ਲਹਿਜ਼ੇ ਵਿੱਚ ਕਿਹਾ ਕਿ ਹੁਣ ਉਹ ਯੂ ਪੀ ਵਿੱਚ ਚੋਣ ਵੀ ਲੜ ਸਕਦੇ ਹਨ। ਸੱਤ ਨਵੰਬਰ ਨੂੰ ਰਿਲੀਜ਼ ਹੋਣ ਜਾ ਰਹੀ ਫਿਲਮ 'ਬਾਲਾ' ਵਿੱਚ ਆਯੁਸ਼ਮਾਨ ਖੁਰਾਣਾ ਦੇ ਨਾਲ ਭੂਮੀ ਪੇਡਨੇਕਰ ਅਤੇ ਯਾਮੀ ਗੌਤਮ ਮੁੱਖ ਭੂਮਿਕਾਵਾਂ ਵਿੱਚ ਹਨ। ਇਹ ਫਿਲਮ ਇਸ ਸਾਲ ਰਿਲੀਜ਼ ਹੋਣ ਵਾਲੀ ਆਯੁਸ਼ਮਾਨ ਦੀ ਤੀਸਰੀ ਫਿਲਮ ਹੋਵੇਗੀ। ਅਗਲੇ ਸਾਲ ਉਹ 'ਸ਼ੁਭ ਮੰਗਲ ਜ਼ਿਆਦਾ ਸਾਵਧਾਨ' ਅਤੇ 'ਗੁਲਾਬੋ ਸਿਤਾਬੋ' ਵਰਗੀਆਂ ਫਿਲਮਾਂ ਵਿੱਚ ਨਜ਼ਰ ਆਉਣਗੇ।

## ਮ੍ਰਿਣਾਲ ਕਰ ਸਕਦੀ ਹੈ ਸ਼ਾਹਿਦ ਦੇ ਨਾਲ ਕੰਮ

ਫਿਲਮ ਦੀ ਸ਼ੂਟਿੰਗ ਸ਼ੁਰੂ ਹੋਣ ਤੱਕ ਫਿਲਮਾਂ ਦੀ ਸਟਾਰਕਾਸਟ ਨੂੰ ਲੈ ਤੇ ਬਦਲਾਅ ਹੁੰਦੇ ਰਹਿੰਦੇ ਹਨ। ਇੰਡਸਟਰੀ ਵਿੱਚ ਇੱਕ ਕਲਾਕਾਰ ਦਾ ਦੂਸਰੇ ਕਲਾਕਾਰ ਨੂੰ ਰਿਪਲੇਸ ਕਰਨਾ ਕੋਈ ਨਵੀਂ ਗੱਲ ਨਹੀਂ ਹੈ। ਖਬਰਾਂ ਆ ਰਹੀਆਂ ਹਨ ਕਿ ਤੇਲਗੂ ਫਿਲਮ 'ਜਰਸੀ' ਦੇ ਹਿੰਦੀ ਰੀਮੇਕ ਵਿੱਚ ਮ੍ਰਿਣਾਲ ਠਾਕੁਰ ਨੇ ਕੰਨੜ ਅਭਿਨੇਤਰੀ ਰਸ਼ਿਮਕਾ ਮੰਦਾਨਾ ਨੂੰ ਰਿਪਲੇਸ ਕੀਤਾ ਹੈ। ਅਜੇ ਤੱਕ ਇਸ ਖਬਰ ਦੀ ਅਧਿਕਾਰਕ ਪੁਸ਼ਟੀ ਨਹੀਂ ਕੀਤੀ ਗਈ ਹੈ।

ਬਾਲੀਵੁੱਡ ਦੇ ਗਲਿਆਰਿਆਂ 'ਚੋਂ ਆ ਰਹੀਆਂ ਖਬਰਾਂ ਦੇ ਮੁਤਾਬਕ, ਫਿਲਮ 'ਜਰਸੀ' ਦੇ ਮੇਕਰਸ ਰਸ਼ਿਮਕਾ ਦੀ ਜਗ੍ਹਾ ਮ੍ਰਿਣਾਲ ਠਾਕੁਰ ਨੂੰ ਲੈ ਸਕਦੇ ਹਨ। ਮ੍ਰਿਣਾਲ ਨੇ 'ਬਾਟਲਾ ਹਾਊਸ' ਅਤੇ 'ਸੁਪਰ 30' ਵਰਗੀਆਂ ਫਿਲਮਾਂ ਵਿੱਚ ਕੰਮ ਕੀਤਾ ਹੈ। ਖਬਰਾਂ ਹਨ ਕਿ ਮ੍ਰਿਣਾਲ ਨੇ ਫਰਹਾਨ ਅਖਤਰ ਦੇ ਨਾਲ ਫਿਲਮ 'ਤੂਫਾਨ' ਦੀ ਸ਼ੂਟਿੰਗ ਵੀ ਖਤਮ ਕਰ ਲਈ ਹੈ। 'ਤੂਫਾਨ' ਸਪੋਰਟਸ ਡਰਾਮਾ ਫਿਲਮ ਹੋਵੇਗੀ। 'ਜਰਸੀ'



ਫਿਲਮ ਵੀ ਸਪੋਰਟਸ ਡਰਾਮਾ ਹੋਵੇਗੀ, ਜੋ ਕਿ ਅਸਫਲ ਕ੍ਰਿਕਟਰ ਦੇ ਜੀਵਨ 'ਤੇ ਆਧਾਰਤ ਹੋਵੇਗੀ। ਰਸ਼ਿਮਕਾ ਨੂੰ ਰਿਪਲੇਸ ਕਰਨ ਦੇ ਕਾਰਨ ਸਾਹਮਣੇ ਆ ਰਹੇ ਹਨ, ਜਿਸ ਵਿੱਚ ਇੱਕ ਇਹ ਹੈ ਕਿ 'ਜਰਸੀ' ਦੇ ਮੇਕਰਸ ਅਗਲੇ ਮਹੀਨੇ ਫਿਲਮ ਦੀ ਸ਼ੂਟਿੰਗ ਸ਼ੁਰੂ ਕਰਨਾ ਚਾਹੁੰਦੇ ਹਨ, ਪਰ ਉਹ ਡੇਟਸ ਰਸ਼ਿਮਕਾ ਨੇ ਆਪਣੀ ਦੂਸਰੀ ਸਾਊਥ ਫਿਲਮ ਦੇ ਲਈ ਦਿੱਤੀ ਹੋਈ ਹੈ। ਇਹ ਦੂਸਰੀ ਵਾਰ ਹੋਵੇਗਾ, ਜਦ 'ਕਬੀਰ ਸਿੰਘ' ਫਿਲਮ ਦੇ ਬਾਅਦ ਸ਼ਾਹਿਦ ਕਪੂਰ ਤੇਲਗੂ ਫਿਲਮ ਦੇ ਹਿੰਦੀ ਰੀਮੇਕ ਵਿੱਚ ਕੰਮ ਕਰੇਗਾ। ਸ਼ਾਹਿਦ 'ਜਰਸੀ' ਵਿੱਚ ਜੋ ਕਿਰਦਾਰ ਨਿਭਾਉਣ ਵਾਲੇ ਹਨ, ਉਸ ਨੂੰ ਮੂਲ ਫਿਲਮ ਵਿੱਚ ਅਭਿਨੇਤਾ ਨਾਨੀ ਯਾਨੀ ਨਵੀਨ ਬਾਬੂ ਗੰਤਾ ਨੇ ਨਿਭਾਇਆ ਸੀ। ਤੇਲਗੂ ਫਿਲਮ 'ਜਰਸੀ' ਇਸੇ ਸਾਲ ਰਿਲੀਜ਼ ਹੋਈ ਸੀ ਅਤੇ ਹੁਣ ਇਸ ਦਾ ਹਿੰਦੀ ਰੀਮੇਕ ਬਣ ਰਿਹਾ ਹੈ। ਹਿੰਦੀ ਰੀਮੇਕ ਦਾ ਨਿਰਦੇਸ਼ਨ ਮੂਲ ਫਿਲਮ ਦੇ ਡਾਇਰੈਕਟਰ ਗੌਤਮ ਤਿੰਨਾਨੁਰੀ ਹੀ ਕਰਨੇਗ। ਇਹ ਫਿਲਮ ਅਗਲੇ ਸਾਲ 28 ਅਗਸਤ ਨੂੰ ਰਿਲੀਜ਼ ਹੋਵੇਗੀ।

NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment
(416) 970-5005
Century 21 President Realty Inc Brokerage* Independently Owned and Operated.
www.vipcondonetwork.com
27 Armthorpe Rd Brampton #3,
ON L6T 5M4 | Fax : 905-488-2101
Office: 905-488-2100 Ext. 348

Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777



31 Melanie Dr. Unit #4 Brampton, ON L6T 5H8
Avtar Singh Tiwana
Sales Rep.



FOR SALE
$1,279,900
Mcvean / Castlemore
3550 ਸੁਕੇਅਰ ਫੁੱਟ ਵਿੱਚ ਬਣਿਆ ਬਹੁਤ ਹੀ ਸੋਹਣਾ 4+1 ਬੈਡਰੂਮ + 5 ਵਾਸ਼ਰੂਮ ਦਾ ਡੀਟੈਚਡ, ਡਬਲ ਸਟੋਰੀ ਘਰ,9 ਫੁਟ ਸਿਲਿੰਗ,ਕਸਟਮ ਕਿਚਨ ਕੁਆਰਟਜ਼ ਕਾਊਂਟਰ ਟਾਪ ਗੈਸ ਸਟੋਵ ਅਤੇ ਬਿਲਟ ਇਨ ਓਵਨ, ਸਾਰੇ ਘਰ ਵਿੱਚ ਹਾਰਡਵੁਡ ਫਲੋਰ, ਤਾਜ਼ਾ ਅਤੇ ਪ੍ਰੋਫੈਸ਼ਨਲਜ਼ ਵਲੋਂ ਪੈਂਟ ਕੀਤਾ ਹੈ। ਮੈਨ ਫਲੋਰ ਲਾਂਡਰੀ, ਫਰੰਟ ਲਾਨ ਤੇ' ਨਵਾਂ ਘਾਹ । ਫੁੱਲੀ ਫਿਨੀਸ਼ਡ ਬੇਸਮੈਂਟ ਹੈ।

FOR SALE
Tri-City Professional Realty Inc., Brokerage
$129,900
Darcel/Brandon Gate
ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।



FOR SALE
$3,249,000
Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।


BEST FOR DIWALI, EID, CHRISTMAS GIFT
ALL PICTURES INSIDE FRAME ARE 24K PURE GOLD
10 ਫੋਟੋਆਂ ਨਾਲ ਇਕ ਗੋਲਡ KEY RING FREE
FOR ALL INQUIRES CALL TARSEM SINGH 647-206-6109


Let's Beat the Flu
Get your free flu shot.
Visit bit.ly/peelfluclinic
or call 905-799-7700
to find a clinic near you.
Caledon residents
can call free of charge
at 905-584-2216.
CDS-0078 17/10
ACCESSIBLE
Peel Public Health flu clinics are wheelchair accessible.
Region of Peel
working with you


ASIAN FOOD CENTRE
Diwali Sale
11TH OCT TO 3RD NOV 2019
www.AsianFoodCentre.com
Fresh Fruits, Vegetables, Indian & Canadian Grocery
$9.99 EA GOLDEN TEMPLE ATTA (YELLOW BAG)
$5.99 EA HERO ATTA
$9.99 EA ASHIRVAD ATTA 10KG
$7.99 EA DEEP WHOLE WHEAT ATTA
$10.99 EA PILLSBURRY CHAKKI ATTA
$8.99 10LB INDIA GATE ROZZANA
$11.99 20LB UDUPI SONA MANSOORI RICE
$6.99 8LB AFC SELLA RICE
$10.99 8.8LB 817 RICE
$3.99 EA BIKANERI PANEER (341G)
$1.79 EA POPULAR SAMOSA (400G)
$8.99 2LB WAGHBAKRI TEA
$7.99 216 BAGS TEA INDIA
$4.29 2LB FRONTIER COOKIES
$2.29 EA DEEP KESAR MANGO PULP
$19.99 TRUST SUGAR
$7.99 TRUST SUGAR
$2.99 500G MOTHER'S PICKLE
$6.99 900 G RED LABLE TEA
$4.99 EA DILSE MALAI
$2.99 500ML DABUR MUSTARD OIL
$1.99 EA DEEP PAPDI LILVA/TUVER
$2.99 750ML (REGULAR & VINEGAR) HEINZ ASST KETCHUP
$22.99 3.5 LB VERKA DESI GHEE
$5.99 25PCS POPULAR PARATHA
$1.99 300G MTR READY TO EAT
$3.79 BALAJI MUSTARD OIL
$8.99 10LB VERKA BROWN SUGAR
$6.99 EA APNA TASTE RASMALAI
$7.99 MAZOLA CORN/CANOLA OIL


$10.99 EA KASTURI TOOR DAAL(10LB)
$2.99 4LB RED LENTIL
$2.99 4LB WHITE CHANA
$3.49 4LB BLACK CHANA
$2.29 EA DEEP PARATHA
$4.99 EA APNA TASTE GULAB JAMUN
$2.99 4LB MASSAR WHOLE
$3.99 4LB URAD WHOLE
$2.29 1G SAFFRON
$6.99 10LB DILSE BROWN SUGAR
$3.29 340ML MAGGI ASST SAUCE
2 FOR $1 60G BRITANNIA ASST CREAM TREAT
$1.99 MTR DOSA, RAVA DOSA, RAVA IDLI, RICE IDLI, UTTAPAM
$4.99 1LB CASHEW PIECES
BUY 1 GET 1 FREE $5.99 +TAX SILKY BATHROOM TISSUE
$4.29 EA SAVERA ALOO TIKKI
$4.99 3L UNICO VEG OIL
$6.99 216 BAG RED LABEL TEA
$0.99 EA SANTOSH NAAN
$1.99 1L (EXCEPT AAMPANA) DABUR REAL JUICE
$5.49 1KG ASEEL GHEE
4 FOR $1 75G YIPPEE MASALA NOODLES
$1.99 GOODDAY BISCUITS
$1.49 EA DEEP FAFDA / MATHIA
$5.99 EA SAVERA RASMALAI
$4.29 4LB DEEP BESAN
$5.99 1L DABUR MUSTARD OIL
WE HAVE LARGE QUANTITY OF KARWA CHAUTH & DIWALI ITEMS AVAILABLE ALL STORE
ETOBICOKE 10 Westmore Dr. 416-740-3262 MEAT SHOP AVAILABLE
MISSISSAUGA 1075 Ceremonial Dr. 905-502-1600 MEAT SHOP AVAILABLE
BRAMPTON 621 Wanless Dr. 905-495-3336 MEAT SHOP AVAILABLE
BRAMPTON 2120 N Park Dr. 905-793-1338 MEAT SHOP AVAILABLE
BRAMPTON 80 Pertosa Dr. 905-460-0009
BRAMPTON 40 Airport RD & Lacoste Blvd. 905-794-8109 MEAT SHOP AVAILABLE
BRAMPTON 10510 Torbram Rd. 905-790-0030
BRAMPTON 10 Pannahill Dr. 905-913-8017 MEAT SHOP AVAILABLE
TOLL FREE 1-800-708-9232

